3-MAY-PAGE-1.qxd 5/2/2025 8:53 PM Page 1

ਸ਼ਨੀਵਾਰ, 3 ਮਈ, 2025

21 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 73

ਅੰਕ/NO. : 332

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 3 MAY, 2025 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪਾਣੀਆਂ 'ਤੇ ਡਾਕਾ ਰੋਕਣ ਲਈ ਸਾਰੀਆਂ ਪਾਰਟੀਆਂ ਇੱਕਜੁੱਟ

## ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਨਾਲ ਗੱਲ ਕਰਨ ਦਾ ਸੁਝਾਅ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਬ ਪਾਰਟੀ ਮੀਟਿੰਗ ਵਿੱਚ ਸ਼ੁੱਕਰਵਾਰ ਸਾਰੀਆਂ ਸਿਆਸੀ ਪਾਰਟੀਆਂ ਨੇ ਇਕਸੁਰ ਵਿੱਚ ਕਿਹਾ ਕਿ ਹਰਿਆਣਾ ਨੂੰ ਕੋਈ ਵਾਧੂ ਪਾਣੀ ਨਹੀਂ ਦਿੱਤਾ ਜਾਵੇਗਾ। ਸਾਰੀਆਂ ਪਾਰਟੀਆਂ ਨੇ ਹਰਿਆਣਾ ਨੂੰ ਵਾਧੂ ਪਾਣੀ ਨਾ ਦੇਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ ਤੇ ਇਸ ਮੁੱਦੇ 'ਤੇ ਅਗਲੀ ਰਣਨੀਤੀ ਤੈਅ ਕਰਨ ਦੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ।

ਮਾਨ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ ਅਤੇ ਪਾਰਟੀ ਆਗੂਆਂ ਨੇ ਇਸ ਮਾਮਲੇ 'ਤੇ ਸੁਝਾਅ ਵੀ ਦਿੱਤੇ। ਆਗੂਆਂ ਨੇ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨੂੰ ਮਿਲਣ ਦਾ ਮਸ਼ਵਰਾ ਵੀ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਮਿਲਣ ਬਾਰੇ ਫੈਸਲਾ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਗਲਤ ਤਰੀਕਾ ਅਖਤਿਆਰ ਕੀਤਾ ਹੈ ਅਤੇ ਪੰਜਾਬੀ ਕਦੇ ਵੀ ਧੱਕਾ ਬਰਦਾਸ਼ਤ ਨਹੀਂ ਕਰਦੇ, ਪਿਆਰ ਨਾਲ ਚਾਹੇ ਜੋ ਮਰਜ਼ੀ ਲੈ ਲਵੇ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ 5 ਮਈ ਦੇ ਵਿਸ਼ੇਸ਼ ਇਜਲਾਸ ਨੂੰ ਰਾਜਪਾਲ ਨੇ ਪ੍ਰਵਾਨਗੀ ਦੇ ਦਿੱਤੀ ਹੈ ।

ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਭਾਜਪਾ ਦੀ ਸਟੇਟ ਯੂਨਿਟ ਇਸ ਮੁੱਦੇ 'ਤੇ ਸਰਕਾਰ ਨਾਲ ਖੜ੍ਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ

• ਬਾਕੀ ਸਫ਼ਾ 2 'ਤੇ



## ਕੇਂਦਰ ਦਾ ਸਿੱਧੇ ਦਖਲ ਤੋਂ ਇਨਕਾਰ, ਪੰਜਾਬ ਤੇ ਹਰਿਆਣਾ ਆਪਸ 'ਚ ਮਾਮਲਾ ਨਿਬੇੜਨ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਬਾਰੇ ਕੇਂਦਰੀ ਗ੍ਰਹਿ ਸਕੱਤਰ ਗੋਬਿੰਦ ਮੋਹਨ ਦੀ ਪ੍ਰਧਾਨਗੀ ਹੇਠ ਸ਼ੁੱਕਰਵਾਰ ਨਵੀਂ ਦਿੱਲੀ 'ਚ ਚਾਰ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਵਿੱਚ ਹਰਿਆਣਾ ਵਾਧੂ ਪਾਣੀ ਦੀ ਮੰਗ ਬਾਰੇ ਕੋਈ ਠੋਸ ਦਲੀਲ ਪੇਸ਼ ਕਰਨ ਵਿੱਚ ਨਾਕਾਮ ਰਿਹਾ। ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਨੂੰ ਮੌਜੂਦਾ ਮਾਮਲੇ 'ਤੇ ਜ਼ਿੱਦ ਛੱਡਣ ਦੀ ਨਸੀਹਤ ਦਿੱਤੀ ਅਤੇ ਹਰਿਆਣਾ ਨੂੰ ਵਾਧੂ ਪਾਣੀ ਦੀ ਲੋੜ ਬਾਰੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਕੋਲ ਵਿਸਥਾਰ ਵਿੱਚ ਤਰਕ ਪੇਸ਼ ਕਰਨ ਲਈ ਕਿਹਾ।

ਗ੍ਰਹਿ ਸਕੱਤਰ ਨੇ ਕਿਹਾ ਕਿ ਜੇ ਹਰਿਆਣਾ ਦੀ ਵਾਧੂ ਪਾਣੀ ਦੀ ਮੰਗ ਵਿੱਚ ਵਜ਼ਨ ਹੋਇਆ ਤਾਂ ਹਰਿਆਣਾ ਬਿਨਾਂ ਸ਼ਰਤ ਲੋੜ ਮੁਤਾਬਕ ਪੰਜਾਬ ਤੋਂ ਉਧਾਰ ਪਾਣੀ ਲੈ ਲਵੇ ਅਤੇ ਪੰਜਾਬ ਦੀ ਲੋੜ ਵੇਲੇ ਹਰਿਆਣਾ ਨੂੰ ਇਹ ਪਾਣੀ ਵਾਪਸ ਕਰਨਾ ਪਵੇਗਾ। ਪੰਜਾਬ ਵੱਲੋਂ ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ (ਗ੍ਰਹਿ) ਅਲੋਕ ਸ਼ੇਖਰ ਅਤੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਮੌਜੂਦ ਸਨ।

ਕੇਂਦਰੀ ਗ੍ਰਹਿ ਸਕੱਤਰ ਨੇ ਪੰਜਾਬ ਤੇ ਹਰਿਆਣਾ ਦੇ ਮੌਜੂਦਾ ਵਿਵਾਦ ਵਿੱਚ ਕੋਈ ਸਿੱਧਾ ਦਖਲ ਦੇਣ ਤੋਂ ਇਨਕਾਰ ਕੀਤਾ ਅਤੇ ਮਸ਼ਵਰਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਦੋਵੇਂ ਸੂਬੇ ਮੁੜ ਮੀਟਿੰਗ ਕਰਨ। ਪੰਜਾਬ ਨੂੰ ਇਹ ਨਿਰਦੇਸ਼ ਦਿੱਤੇ ਕਿ ਪੰਜਾਬ ਸਰਕਾਰ ਆਪਣੀ ਪਾਣੀ ਦੀ ਲੋੜ ਨੂੰ ਵਾਜਬ ਠਹਿਰਾਉਣ ਬਾਰੇ ਠੋਸ ਤੱਥ ਪੇਸ਼ ਕਰੇ।

ਜਾਣਕਾਰੀ ਅਨੁਸਾਰ ਹਰਿਆਣਾ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਬਾਰੇ ਕੇਂਦਰੀ ਗ੍ਰਹਿ ਸਕੱਤਰ ਨੂੰ ਸਹਿਮਤ ਨਹੀਂ ਕਰ ਸਕਿਆ। ਹਰਿਆਣਾ ਦੇ ਅਧਿਕਾਰੀ ਮੀਟਿੰਗ ਵਿੱਚ ਇਹੋ ਆਖਦੇ ਰਹੇ ਕਿ ਪਿਛਲੇ ਦਸ ਸਾਲ ਤੋਂ ਵਾਧੂ ਪਾਣੀ ਮਿਲ ਰਿਹਾ ਸੀ। ਗ੍ਰਹਿ ਸਕੱਤਰ ਨੇ ਕਿਹਾ ਕਿ ਬੀ ਬੀ ਐੱਮ ਬੀ ਦੋਵੇਂ ਸੂਬਿਆਂ ਨੂੰ ਪਾਣੀ ਦੀਆਂ ਲੋੜਾਂ ਅਤੇ ਡੈਮਾਂ ਵਿੱਚ ਪਾਣੀ ਦੀ ਉਪਲੱਬਧਤਾ ਨੂੰ ਦੇਖਦਿਆਂ ਫੈਸਲਾ ਲਵੇ।

## ਮਾਰੇ ਗਏ ਸੈਲਾਨੀਆਂ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਪਟੀਸ਼ਨ

**ਚੰਡੀਗੜ੍ਹ** : ਪਹਿਲਗਾਮ ਵਿੱਚ ਦਹਿਸ਼ਤੀ ਹਮਲੇ 'ਚ ਮਾਰੇ ਗਏ 26 ਨਿਹੱਥੇ ਸੈਲਾਨੀਆਂ ਨੂੰ ਮਰਨ ਉਪਰੰਤ 'ਸ਼ਹੀਦ' ਦਾ ਦਰਜਾ ਦੇਣ ਦੀ ਮੰਗ ਕਰਦੀ ਪਟੀਸ਼ਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਹੈ। ਹਾਈ ਕੋਰਟ ਵਿੱਚ ਪ੍ਰੈਕਟਿਸ ਕਰ ਰਹੇ ਵਕੀਲ ਆਯੁਸ਼ ਆਹੂਜਾ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਵਿੱਚ ਇਸ ਲਈ ਪ੍ਰਧਾਨ ਮੰਤਰੀ ਦਫਤਰ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ। ਆਹੂਜਾ ਨੇ ਪੀੜਤਾਂ ਦੇ ਬੁੱਤ ਸਥਾਪਤ ਕਰਨ ਦੀ ਮੰਗ ਕੀਤੀ ਹੈ, ਜਿਨ੍ਹਾਂ 'ਤੇ ਸੁਨਹਿਰੀ ਅੱਖਰਾਂ ਵਿੱਚ ਉਨ੍ਹਾਂ ਦੇ ਨਾਂਅ ਲਿਖੇ ਹੋਣ। ਪਟੀਸ਼ਨਰ ਨੇ ਹਮਲੇ ਵਾਲੀ ਥਾਂ ਦਾ ਨਾਂਅ 'ਯਾਦਗਾਰੀ ਸ਼ਹੀਦ/ਸ਼ਹੀਦ ਹਿੰਦੂ ਵੈਲੀ ਟੂਰਿਸਟ ਪਲੇਸ' ਰੱਖਣ ਦੀ ਮੰਗ ਵੀ ਕੀਤੀ ਹੈ।

### 'ਪਤੀ ਨੂੰ ਸ਼ਹੀਦ ਦਾ ਦਰਜਾ ਮਿਲੇ'

**ਕਾਨਪੁਰ (ਯੂ ਪੀ)** : ਪਹਿਲਗਾਮ ਦੇ ਬੈਸਰਨ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਪੀੜਤਾਂ ਵਿੱਚੋਂ ਇਕ ਸ਼ੁਭਮ ਦਿਵੇਦੀ ਦੀ ਪਤਨੀ ਅਸ਼ਾਨਿਆ ਨੇ ਕਿਹਾ ਕਿ ਦੋਸ਼ੀਆਂ ਵਿਰੁੱਧ ਹੁਣ ਤੱਕ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਹੀਂ ਕੀਤੀ ਗਈ ਹੈ। ਉਸ ਨੇ ਕਿਹਾ, "ਨਾ ਤਾਂ ਸ਼ੁਭਮ ਨੂੰ ਸ਼ਹੀਦ ਵਜੋਂ ਮਾਨਤਾ ਮਿਲੀ ਹੈ, ਨਾ ਹੀ ਸਰਕਾਰ ਨੇ ਕਤਲਾਂ ਲਈ ਜ਼ਿੰਮੇਵਾਰ ਅੱਤਵਾਦੀਆਂ ਨੂੰ ਖਤਮ ਕੀਤਾ ਹੈ। ਮੈਨੂੰ ਨੌਕਰੀ ਜਾਂ ਪੈਸਾ ਨਹੀਂ ਚਾਹੀਦਾ, ਸਿਰਫ ਆਪਣੇ ਸ਼ੁਭਮ ਲਈ ਸ਼ਹੀਦ ਦਾ ਦਰਜਾ ਚਾਹੀਦਾ। ਮੈਂ ਇਸ ਦਰਦ ਨੂੰ ਆਪਣੀ ਬਾਕੀ ਦੀ ਜ਼ਿੰਦਗੀ 'ਚ ਸਹਿਣ ਕਰਾਂਗੀ।"

# ਮਨਜੀਤ ਕੌਰ ਗਾਮੀਵਾਲਾ ਦੇ ਕਤਲ ਦੀ ਸਾਜ਼ਿਸ਼ ਤੋਂ ਪੁਲਸ ਪਰਦਾ ਚੁੱਕੇ : ਅਰਸ਼ੀ

**ਬੋਹਾ (ਨਿਰੰਜਣ ਬੋਹਾ, ਅਸ਼ੋਕ ਲਾਕੜਾ, ਆਤਮਾ ਸਿੰਘ)**

ਬੀਤੀ 8 ਮਾਰਚ ਨੂੰ ਸੀ ਪੀ ਆਈ ਆਗੂ ਮਨਜੀਤ ਕੌਰ ਗਾਮੀਵਾਲਾ ਦੇ ਵਹਿਸ਼ੀਅਨਾ ਢੰਗ ਨਾਲ ਹੋਏ ਕਤਲ ਸੰਬੰਧੀ ਇਨਸਾਫ਼ ਦਿਵਾਉਣ ਲਈ ਕੁਲ ਹਿੰਦ ਕਿਸਾਨ ਸਭਾ ਦੇ ਮਲਕੀਤ ਸਿੰਘ ਮੰਦਰਾਂ ਤੇ ਸੀ ਪੀ ਆਈ ਦੇ ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ, ਏਟਕ ਆਗੂ ਜਗਸੀਰ ਰਾਏਕੇ ਦੀ ਅਗਵਾਈ ਹੇਠ ਸੈਂਕੜੇ ਪਾਰਟੀ ਤੇ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਥਾਣਾ ਬੋਹਾ ਅੱਗੇ ਵਿਸ਼ਾਲ ਰੋਹ ਭਰਪੂਰ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਮਨਜੀਤ ਕੌਰ ਗਾਮੀਵਾਲਾ ਦੇ ਕਤਲ ਕੇਸ ਨੂੰ ਕੁਝ ਪੁਲਸ ਅਫਸਰ ਲਗਾਤਾਰ ਕਮਜ਼ੋਰ ਕਰ ਰਹੇ ਹਨ। ਉਨ੍ਹਾ ਕਿਹਾ ਕਿ ਕਤਲ ਕਾਂਡ ਦੇ ਮੁੱਖ ਸਾਜ਼ਿਸ਼ਕਰਤਾ ਨੂੰ ਜਾਣ ਬੁੱਝ ਕੇ ਬਚਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਬੇਇਨਸਾਫ਼ੀ ਖਿਲਾਫ ਇਲਾਕੇ, ਜਨਤਕ ਧਿਰਾਂ ਤੇ ਸਿਆਸੀ ਖੇਤਰ ਵਿੱਚ ਰੋਸ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾ ਇਸ ਕਤਲ ਕਾਂਡ ਵਿਚ ਸ਼ਾਮਲ ਸਾਰੇ ਦੋਸ਼ੀਆਂ ਖਿਲਾਫ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੀ ਮੰਗ ਕਰਦਿਆਂ ਕਿਹਾ ਕਿ ਜੇ ਪੁਲਸ ਨੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਆਉਣ ਵਾਲੇ ਸਮੇਂ ਵਿਚ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।



ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ ਤੇ ਏਟਕ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਇਨਸਾਫ ਲੈਣ ਤੱਕ ਸੰਘਰਸ਼ ਨੂੰ ਜਾਰੀ ਰੱਖਣ ਤੇ ਹਰ ਪੱਖੋਂ ਸਹਿਯੋਗ ਦੀ ਅਪੀਲ ਕੀਤੀ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਕੁਲਵੰਤ ਸਿੰਘ ਕਿਸ਼ਨਗੜ੍ਹ, ਲਛਮਣ ਸਿੰਘ ਚੱਕ ਅਲੀ ਸ਼ੇਰ, ਪ੍ਰਸ਼ੋਤਮ ਸਿੰਘ ਗਿੱਲ, ਰਾਮਫਲ ਸਿੰਘ ਚੱਕ ਅਲੀ ਸ਼ੇਰ, ਅਮਰੀਕ ਸਿੰਘ ਫਫੜੇ, ਜਗਦੇਵ ਸਿੰਘ ਚਕੇਰੀਆਂ, ਸੀ ਪੀ ਆਈ ਐੱਮ ਦੇ ਜ਼ਿਲ੍ਹਾ ਸਕੱਤਰ ਐਡਵੋਕੇਟ ਸਵਰਨਜੀਤ ਦਲਿਓ, ਕਾਂਗਰਸ ਦੇ ਬਲਾਕ ਪ੍ਰਧਾਨ ਤਰਜੀਤ ਸਿੰਘ ਚਹਿਲ, ਸੁਖਪਾਲ ਸਿੰਘ ਹਾਕਮਵਾਲਾ ਆਦਿ ਬੁਲਾਰਿਆਂ ਨੇ ਵੀ ਕਤਲ ਕਾਂਡ ਵਿਚ ਸਾਜ਼ਿਸ਼ਕਰਤਾ ਨੂੰ ਜਨਤਕ ਕਰਕੇ ਸਜ਼ਾ ਦੇਣ, ਰਹਿੰਦੇ ਮੁਲਜ਼ਮ ਨੂੰ ਗ੍ਰਿਫਤਾਰ ਕਰਨ, ਥਾਣਾ ਬੋਹਾ ਦੇ ਉਸ ਮੌਕੇ ਦੇ ਮੁਖੀ ਨੂੰ ਬਰਖਾਸਤ ਕਰਨ ਦੀ ਮੰਗ ਦੀ ਹਮਾਇਤ ਕੀਤੀ । ਇਸ ਮੌਕੇ ਸਬ-ਡਵੀਜ਼ਨ ਬੁਢਲਾਡਾ ਦੇ ਉਪ ਪੁਲਸ ਕਪਤਾਨ ਸਿਕੰਦਰ ਸਿੰਘ ਚੀਮਾ ਨੇ ਪਰਵਾਰ ਨੂੰ ਇਨਸਾਫ਼ ਦੇਣ ਸੰਬੰਧੀ ਵਿਸ਼ਵਾਸ ਦਿਵਾਇਆ। ਧਰਨੇ ਮੌਕੇ ਹੋਰਨਾਂ ਤੋਂ ਇਲਾਵਾ ਰੂਪ ਸਿੰਘ ਢਿੱਲੋਂ, ਕਰਨੈਲ ਭੀਖੀ, ਹਰਪ੍ਰੀਤ ਪਿਆਰੀ, ਲਛਮਣ ਸਿੰਘ ਗੰਢੂ, ਹਰਪ੍ਰੀਤ ਮਾਨਸਾ, ਹਰਮੀਤ ਸਿੰਘ ਬੋੜਾਵਾਲ, ਰਤਨ ਭੋਲਾ, ਭੁਪਿੰਦਰ ਗੁਰਨੇ, ਹਰੀ ਸਿੰਘ ਅੱਕਾਂਵਾਲੀ, ਤਰਸੇਮ ਬੋਹਾ, ਜੱਗਾ ਸ਼ੇਰ ਖਾਂ, ਮਲਕੀਤ ਸਿੰਘ ਬਖਸ਼ੀਵਾਲਾ, ਪਵਨ ਬੁਢਲਾਡਾ, ਹਰਬੰਸ ਸਿੰਘ ਫੌਜੀ, ਚਿਮਨ ਲਾਲ ਕਾਕਾ, ਮਨਪ੍ਰੀਤ ਫਰੀਦਕੇ, ਕੇਵਲ ਮੰਦਰਾਂ ਤੇ ਅਸ਼ੋਕ ਲਾਕੜਾ ਆਦਿ ਆਗੂ ਸ਼ਾਮਲ ਹੋਏ। ਸਟੇਜ ਸਕੱਤਰ ਦੀ ਭੂਮਿਕਾ ਮਲਕੀਤ ਮੰਦਰਾਂ ਵੱਲੋਂ ਨਿਭਾਈ ਗਈ।

# ਪਾਕਿਸਤਾਨ ਵੱਲੋਂ ਮਕਬੂਜ਼ਾ ਕਸ਼ਮੀਰ ਦਾ ਹਵਾਈ ਖੇਤਰ ਵੀ ਬੰਦ

**ਨਵੀਂ ਦਿੱਲੀ** : ਭਾਰਤ ਵੱਲੋਂ ਸੰਭਾਵੀ ਹਮਲੇ ਦੇ ਮੱਦੇਨਜ਼ਰ ਪਾਕਿਸਤਾਨ ਨੇ ਗਿਲਗਿਤ-ਬਾਲਤਿਸਤਾਨ ਸਮੇਤ ਮਕਬੂਜ਼ਾ ਕਸ਼ਮੀਰ ਦੇ ਵੱਡੇ ਹਿੱਸਿਆਂ 'ਤੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਇਸ ਵਿੱਚ ਜੰਮੂ-ਕਸ਼ਮੀਰ 'ਚ ਕਠੂਆ-ਜੰਮੂ-ਰਾਜੌਰੀ-ਪੁਣਛ ਧੁਰੇ ਦੇ ਪੱਛਮ 'ਚ ਸਥਿਤ ਮਕਬੂਜ਼ਾ ਕਸ਼ਮੀਰ ਦਾ ਹਿੱਸਾ ਸ਼ਾਮਲ ਹੈ। ਲੱਦਾਖ ਦੇ ਉੱਤਰ 'ਚ ਸਥਿਤ ਗਿਲਗਿਤ-ਬਾਲਤਿਸਤਾਨ ਉੱਤੇ ਵੀ ਹਵਾਈ ਖੇਤਰ ਬੰਦ ਹੈ। ਭਾਰਤ ਕੋਲ ਪਹਿਲਾਂ ਹੀ ਲੱਦਾਖ ਵਿੱਚ ਆਪਣੀਆਂ ਹਵਾਈ ਸੰਪਤੀਆਂ ਹਨ ਅਤੇ ਇਹ ਰਾਵਲਪਿੰਡੀ ਵਿਖੇ ਪਾਕਿ ਫੌਜ ਦੇ ਹੈੱਡਕੁਆਰਟਰ 'ਚ ਇੱਕ ਡਰ ਵਜੋਂ ਹੋ ਸਕਦਾ ਹੈ। ਨਿਰਧਾਰਤ ਖੇਤਰਾਂ 'ਤੇ ਹਵਾਈ ਖੇਤਰ ਬੰਦ ਕਰਨ ਨਾਲ ਇੱਕ ਸਪੱਸ਼ਟ ਰਾਡਾਰ ਤਸਵੀਰ ਮਿਲਦੀ ਹੈ, ਕਿਉਂਕਿ ਨਾਗਰਿਕ ਉਡਾਣ ਮੁਅੱਤਲ ਹੈ, ਇਸ ਤੋਂ ਇਲਾਵਾ ਹੋਰ ਕੋਈ ਉਡਾਣ ਫੌਜੀ ਜਹਾਜ਼, ਯੂ ਏ ਵੀ, ਮਿਜ਼ਾਈਲ ਜਾਂ ਹੈਲੀਕਾਪਟਰ ਦੀ ਹੋ ਸਕਦੀ ਹੈ। ਇਹ ਜ਼ਮੀਨੀ ਕੰਟਰੋਲਰਾਂ ਨੂੰ ਰਾਡਾਰ ਸਕ੍ਰੀਨਾਂ 'ਤੇ ਕੁਝ ਵੀ ਦਿਖਾਈ ਦੇਣ 'ਤੇ ਤੁਰੰਤ ਕਾਰਵਾਈ ਕਰਨ ਵਿਚ ਸਹਿਯੋਗ ਦਿੰਦਾ ਹੈ। ਹਵਾਈ ਖੇਤਰ ਬੰਦ ਕਰਨ ਦੀ ਇਹ ਕਾਰਵਾਈ ਕਰਾਚੀ ਦੇ ਪੱਛਮ ਖੇਤਰ ਵਿੱਚ ਹਵਾਈ ਖੇਤਰ ਬੰਦ ਕਰਨ ਦਾ ਇਕ ਹਿੱਸਾ ਹੈ, ਜਿੱਥੇ ਪਹਿਲਾਂ ਅਭਿਆਸ ਜਾਰੀ ਹੈ। ਇਸ ਵਿਚ ਜ਼ਮੀਨ ਤੋਂ ਸਮੁੰਦਰ ਵੱਲ ਦਾਗੀਆਂ ਜਾਣ ਵਾਲੀਆਂ ਮਿਜ਼ਾਈਲਾਂ ਸ਼ਾਮਲ ਹੋਣਗੀਆਂ। 1971 ਦੀ ਜੰਗ ਦੌਰਾਨ ਭਾਰਤ ਨੇ ਕਰਾਚੀ ਬੰਦਰਗਾਹ 'ਤੇ ਸਮੁੰਦਰ ਤੋਂ ਹਮਲਾ ਕੀਤਾ ਸੀ। ਭਾਰਤ ਅਤੇ ਪਾਕਿਸਤਾਨ ਹੁਣ ਅਰਬ ਸਾਗਰ ਵਿੱਚ ਗੁਜਰਾਤ ਦੇ ਪੱਛਮ ਵਿੱਚ ਇਕ ਤੀਬਰ ਜਲ ਸੈਨਾ ਅਭਿਆਸ ਕਰ ਰਹੇ ਹਨ। ਦੋਹਾਂ ਦੇਸ਼ਾਂ ਨੇ 'ਨੈਵ-ਏਰੀਆ ਚੇਤਾਵਨੀ' ਨਾਮਕ ਜਨਤਕ ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਸਮੁੰਦਰੀ ਜਹਾਜ਼ਾਂ ਨੂੰ ਅਭਿਆਸਾਂ ਅਤੇ ਸਮੁੰਦਰ 'ਚ ਇਨ੍ਹਾਂ ਖੇਤਰਾਂ ਤੋਂ ਦੂਰ ਰਹਿਣ ਦੀ ਜ਼ਰੂਰਤ ਬਾਰੇ ਸੂਚਿਤ ਕੀਤਾ ਗਿਆ ਹੈ। ਪਾਕਿਸਤਾਨ ਅਤੇ ਭਾਰਤ ਆਪੋ-ਆਪਣੇ ਪਾਣੀਆਂ ਦੇ ਖੇਤਰ 'ਚ ਅਭਿਆਸ ਕਰ ਰਹੇ ਹਨ।

ਸਮੁੰਦਰ ਵਿੱਚ ਅਭਿਆਸਾਂ ਦਾ ਨੋਟਿਸ ਦਰਸਾਉਂਦਾ ਹੈ ਕਿ ਦੋ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਦੀਆਂ ਜਲ ਸੈਨਾਵਾਂ ਸਿਰਫ 150 ਕਿਲੋਮੀਟਰ ਦੂਰ ਹੋਣਗੀਆਂ। ਉਧਰ ਭਾਰਤੀ ਜਲ ਸੈਨਾ ਨੇ ਅਰਬ ਸਾਗਰ ਵਿੱਚ ਆਪਣੀ ਫੌਜੀ ਮੌਜੂਦਗੀ ਵਧਾ ਦਿੱਤੀ ਹੈ ਅਤੇ ਪਾਕਿਸਤਾਨ ਨਾਲ ਵਧੇ ਤਣਾਅ ਦੇ ਵਿਚਕਾਰ ਭਾਰਤ ਦੇ ਵਿਸ਼ੇਸ਼ ਆਰਥਿਕ ਖੇਤਰ ਦੇ ਅੰਦਰ ਵਿਆਪਕ ਅਭਿਆਸ ਕਰ ਰਹੀ ਹੈ। ਜਲ ਸੈਨਾ ਦੇ ਜੰਗੀ ਜਹਾਜ਼ਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।

## ਵਕਫ ਕਾਨੂੰਨ ਖਿਲਾਫ ਨਵੀਂ ਪਟੀਸ਼ਨ ਦਾਖਲ ਕਰਨ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਵਕਫ ਸੋਧ ਐਕਟ 2025 ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀ ਸੱਜਰੀ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ।

ਚੀਫ ਜਸਟਿਸ ਸੰਜੀਵ ਖੰਨਾ, ਜਸਟਿਸ ਸੰਜੈ ਕੁਮਾਰ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ 5 ਮਈ ਨੂੰ ਇਸ ਮੁੱਦੇ ਨਾਲ ਸੰਬੰਧਤ ਪਟੀਸ਼ਨਾਂ 'ਤੇ ਸੁਣਵਾਈ ਕਰਨ ਵਾਲੀ ਹੈ। ਚੀਫ ਜਸਟਿਸ ਨੇ ਪਟੀਸ਼ਨਰ ਮੁਹੰਮਦ ਸੁਲਤਾਨ ਦੇ ਵਕੀਲ ਨੂੰ ਕਿਹਾ, "ਜੇਕਰ ਤੁਹਾਡੇ ਕੋਲ ਕੁਝ ਵਾਧੂ ਆਧਾਰ ਹਨ, ਤਾਂ ਤੁਸੀਂ ਦਖਲ ਬਾਰੇ ਅਰਜ਼ੀ ਦਾਇਰ ਕਰ ਸਕਦੇ ਹੋ। ਅਸੀਂ ਹੁਣ ਪਟੀਸ਼ਨਾਂ ਦੀ ਗਿਣਤੀ ਨਹੀਂ ਵਧਾਉਣ ਜਾ ਰਹੇ। ਇਹ ਢੇਰ ਵਧਦਾ ਜਾਏਗਾ ਅਤੇ ਸੰਭਾਲਣਾ ਮੁਸ਼ਕਲ ਹੋ ਜਾਵੇਗਾ।"

## ਕਾਰ-ਟਿੱਪਰ ਟੱਕਰ 'ਚ ਚਾਰ ਜੀਆਂ ਦੀ ਮੌਤ



**ਤਰਸਿੱਕਾ** : ਪੋਤਰੇ ਨੂੰ ਰਾਜਾਸਾਂਸੀ ਏਅਰਪੋਰਟ ਤੋਂ ਵਿਦੇਸ਼ ਰਵਾਨਾ ਕਰਕੇ ਵਾਪਸ ਆ ਰਹੇ ਪਰਵਾਰ ਦੀ ਕਾਰ ਟਿੱਪਰ ਨਾਲ ਟਕਰਾਉਣ ਕਾਰਨ 4 ਜੀਆਂ ਦੀ ਮੌਤ ਹੋ ਗਈ। ਗੁਰਦੇਵ ਸਿੰਘ ਪੋਤਰੇ ਨੂੰ ਜਹਾਜ਼ ਚੜ੍ਹਾ ਕੇ ਵਾਪਸ ਆ ਰਹੇ ਸਨ ਤਾਂ ਕਾਰ ਦੀ ਮਹਿਤਾ-ਅੰਮ੍ਰਿਤਸਰ ਜੀ ਟੀ ਰੋਡ 'ਤੇ ਸਥਿਤ ਪਿੰਡ ਢੱਪਈਆ ਜੀਵਨ ਪੰਧੇਰ ਨੇੜੇ ਮਹਿਤਾ ਵੱਲੋਂ ਆ ਰਹੇ ਟਿੱਪਰ ਨਾਲ ਜ਼ਬਰਦਸਤ ਟੱਕਰ ਹੋ ਗਈ। ਟਿੱਪਰ ਪਲਟ ਗਿਆ ਤੇ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕਾਂ ਦੀ ਪਛਾਣ ਪਿੰਡ ਬੋਜਾ ਥਾਣਾ ਘੁਮਾਣ ਦੇ ਗੁਰਦੇਵ ਸਿੰਘ (60) ਪੁੱਤਰ ਜਗੀਰ ਸਿੰਘ, ਮਲਕੀਅਤ ਕੌਰ (65) ਪਤਨੀ ਗੁਰਦੇਵ ਸਿੰਘ, ਧਰਮਿੰਦਰ ਸਿੰਘ (38) ਪੁੱਤਰ ਅਜਮੇਰ ਸਿੰਘ ਤੇ ਬੱਲਪੁਰੀਆਂ ਦੀ ਪਰਮਜੀਤ ਕੌਰ (45) ਪਤਨੀ ਭੁਪਿੰਦਰ ਸਿੰਘ ਵਜੋਂ ਹੋਈ ਹੈ।

## ਘਰ ਡਿੱਗਣ ਨਾਲ 4 ਮੌਤਾਂ

**ਨਵੀਂ ਦਿੱਲੀ** : ਭਾਰੀ ਮੀਂਹ ਕਰਕੇ ਸ਼ੁੱਕਰਵਾਰ ਸਵੇਰੇ ਦਿੱਲੀ ਦੇ ਨਜਫਗੜ੍ਹ ਦੇ ਖਰਕੜੀ ਨਾਹਰ ਪਿੰਡ ਵਿੱਚ ਘਰ ਢਹਿ ਜਾਣ ਕਾਰਨ ਤਿੰਨ ਬੱਚਿਆਂ ਅਤੇ ਇੱਕ ਔਰਤ ਦੀ ਮੌਤ ਹੋ ਗਈ। ਦਿੱਲੀ ਹਵਾਈ ਅੱਡੇ 'ਤੇ ਕਾਫੀ ਉਡਾਣਾਂ ਪ੍ਰਭਾਵਤ ਹੋਈਆਂ।

## ਮਨੀ ਲਾਂਡਰਿੰਗ ਕੇਸ 'ਚ ਸੋਨੀਆ ਤੇ ਰਾਹੁਲ ਨੂੰ ਨੋਟਿਸ

**ਨਵੀਂ ਦਿੱਲੀ** : ਦਿੱਲੀ ਦੀ ਅਦਾਲਤ ਨੇ ਸ਼ੁੱਕਰਵਾਰ ਨੈਸ਼ਨਲ ਹੇਰਾਲਡ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਂਗਰਸ ਆਗੂਆਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਨੋਟਿਸ ਜਾਰੀ ਕੀਤੇ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕਿਹਾ ਕਿ ਚਾਰਜਸ਼ੀਟ ਉਤੇ ਗੌਰ ਕੀਤੇ ਜਾਂਦੇ ਸਮੇਂ ਉਹ ਉਨ੍ਹਾਂ ਦੀ ਗੱਲ ਸੁਣਨਾ ਚਾਹੁੰਦੇ ਹਨ। ਅਗਲੀ ਸੁਣਵਾਈ 8 ਮਈ ਨੂੰ ਹੋਵੇਗੀ। ਈ ਡੀ ਨੇ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐੱਲ) ਨਾਲ ਸੰਬੰਧਤ 2,000 ਕਰੋੜ ਰੁਪਏ ਤੋਂ ਵੱਧ ਕੀਮਤ ਦੀਆਂ ਜਾਇਦਾਦਾਂ ਉਤੇ ਧੋਖਾਧੜੀ ਨਾਲ ਕਬਜ਼ੇ ਦੇ ਸੰਬੰਧ ਵਿੱਚ ਮਨੀ ਲਾਂਡਰਿੰਗ ਵਿੱਚ ਸੋਨੀਆ, ਰਾਹੁਲ ਤੇ ਹੋਰਨਾਂ ਦੀ ਕਥਿਤ ਸ਼ਮੂਲੀਅਤ ਦੇ ਦੋਸ਼ ਲਾਏ ਹਨ।

# ਲੂਣ-ਮਿਰਚਾਂ ਦੀ ਸਪਲਾਈ ਡਰੋਨ ਨਾਲ



**ਬੇਂਗਲੁਰੂ** : ਸ਼ਹਿਰ ਵਿੱਚ ਕਰਿਆਨੇ ਦਾ ਸਮਾਨ ਪਹੁੰਚਾਉਣ ਲਈ ਡਰੋਨ ਸੇਵਾ ਸ਼ੁਰੂ ਹੋ ਗਈ ਹੈ। ਦੱਖਣੀ ਬੇਂਗਲੁਰੂ ਵਿੱਚ ਪ੍ਰੈਸਟਿਜ ਫਾਲਕਨ ਸਿਟੀ ਐਸੋਸੀਏਸ਼ਨ ਨੇ ਬਿੱਗ ਬਾਸਕਟ ਤੇ ਡਰੋਨ ਕੰਪਨੀ ਸਕਾਈ ਏਅਰ ਮੋਬਿਲਿਟੀ ਨਾਲ ਕਰਾਰ ਕੀਤਾ ਹੈ ਤੇ ਉਸਦੇ ਨਿਵਾਸੀਆਂ ਨੂੰ ਕਰਿਆਨਾ, ਦਵਾਈਆਂ ਤੇ ਰੋਜ਼ਾਨਾ ਲੋੜ ਦੀਆਂ ਹੋਰ ਚੀਜ਼ਾਂ 5-10 ਮਿੰਟਾਂ ਵਿੱਚ ਮਿਲਣ ਲੱਗ ਪਈਆਂ ਹਨ। ਇਸ ਨਾਲ ਇਲਾਕੇ ਵਿੱਚ ਸਮਾਨ ਲੈ ਕੇ ਆਉਣ ਵਾਲੇ ਦੋ ਪਹੀਆ ਵਾਹਨਾਂ ਤੇ ਹੋਰ ਗੱਡੀਆਂ ਦਾ ਆਉਣਾ-ਜਾਣਾ ਘੱਟ ਗਿਆ ਹੈ। ਪ੍ਰਦੂਸ਼ਣ ਤੋਂ ਵੀ ਕੁਝ ਰਾਹਤ ਮਿਲੀ ਹੈ। ਡਰੋਨ ਸਵੇਰੇ 7 ਵਜੇ ਤੋਂ ਰਾਤ 8 ਵਜੇ ਤਕ ਉੱਡਦਾ ਹੈ। ਕੰਪਨੀ ਇਸ ਵੇਲੇ ਦੋ ਡਰੋਨ ਚਲਾ ਰਹੀ ਹੈ ਤੇ ਹੋਰ ਇਲਾਕੇ ਕਵਰ ਕਰਨ ਲਈ ਇਨ੍ਹਾਂ ਦੀ ਗਿਣਤੀ 25-30 ਕਰਨ ਦੀ ਯੋਜਨਾ ਹੈ।

## ਇਜ਼ਰਾਈਲ ਦਾ ਸੀਰੀਆ ਦੇ ਰਾਸ਼ਟਰਪਤੀ ਭਵਨ ਨੇੜੇ ਹਮਲਾ

**ਦਮਿਸ਼ਕ** : ਇਜ਼ਰਾਈਲੀ ਹਵਾਈ ਸੈਨਾ ਨੇ ਸ਼ੁੱਕਰਵਾਰ ਤੜਕੇ ਸੀਰੀਆ ਦੇ ਰਾਸ਼ਟਰਪਤੀ ਭਵਨ ਦੇ ਨੇੜੇ ਹਮਲਾ ਕੀਤਾ। ਇਸ ਤੋਂ ਕੁਝ ਘੰਟੇ ਪਹਿਲਾਂ ਹੀ ਇਜ਼ਰਾਈਲ ਨੇ ਸੀਰੀਆਈ ਅਧਿਕਾਰੀਆਂ ਨੂੰ ਦੱਖਣੀ ਸੀਰੀਆ ਵਿੱਚ ਘੱਟਗਿਣਤੀ ਭਾਈਚਾਰੇ ਦੇ ਪਿੰਡਾਂ ਵੱਲ ਨਾ ਵਧਣ ਦੀ ਚੇਤਾਵਨੀ ਦਿੱਤੀ ਸੀ। ਇਹ ਹਮਲਾ ਰਾਜਧਾਨੀ ਦਮਿਸ਼ਕ ਦੇ ਨੇੜੇ ਸੀਰੀਆਈ ਸਰਕਾਰ ਪੱਖੀ ਬੰਦੂਕਧਾਰੀਆਂ ਅਤੇ ਡਰੂਜ਼ ਘੱਟਗਿਣਤੀ ਸੰਪਰਦਾ ਦੇ ਲੜਾਕਿਆਂ ਵਿਚਕਾਰ ਕਈ ਦਿਨਾਂ ਦੀਆਂ ਝੜਪਾਂ ਤੋਂ ਬਾਅਦ ਹੋਇਆ ਹੈ।

ਇਨ੍ਹਾਂ ਝੜਪਾਂ ਵਿਚ ਦਰਜਨਾਂ ਲੋਕ ਮਾਰੇ ਗਏ। ਇਜ਼ਰਾਈਲੀ ਫੌਜ ਨੇ ਇਕ ਬਿਆਨ ਵਿਚ ਕਿਹਾ ਕਿ ਜੰਗੀ ਜਹਾਜ਼ਾਂ ਨੇ ਦਮਿਸ਼ਕ ਵਿੱਚ ਰਾਸ਼ਟਰਪਤੀ ਹੁਸੈਨ ਅਲ-ਸ਼ਾਰਾ ਦੇ ਨਿਵਾਸ ਸਥਾਨ ਨੇੜੇ ਹਮਲਾ ਕੀਤਾ। ਸਰਕਾਰ ਪੱਖੀ ਸੀਰੀਆਈ ਮੀਡੀਆ ਸੰਗਠਨਾਂ ਨੇ ਕਿਹਾ ਕਿ ਇਹ ਹਮਲਾ ਪੀਪਲਜ਼ ਪੈਲੇਸ ਦੇ ਨੇੜੇ ਹੋਇਆ, ਜੋ ਕਿ ਸ਼ਹਿਰ ਦੇ ਉੱਪਰ ਇਕ ਪਹਾੜੀ 'ਤੇ ਸਥਿਤ ਰਾਸ਼ਟਰਪਤੀ ਭਵਨ ਹੈ। ਡਰੂਜ਼ ਇੱਕ ਘੱਟਗਿਣਤੀ ਸਮੂਹ ਹੈ। ਦੁਨੀਆ ਭਰ ਵਿੱਚ ਲੱਗਭੱਗ 10 ਲੱਖ ਡਰੂਜ਼ ਲੋਕ ਹਨ, ਜਿਨ੍ਹਾਂ ਵਿੱਚੋਂ ਅੱਧੇ ਤੋਂ ਵੱਧ ਸੀਰੀਆ ਵਿੱਚ ਰਹਿੰਦੇ ਹਨ।

## ਪਾਕਿਸਤਾਨ ਵੱਲੋਂ ਅੱਠਵੇਂ ਦਿਨ ਵੀ ਫਾਇਰਿੰਗ

**ਸ੍ਰੀਨਗਰ** : ਪਾਕਿਸਤਾਨੀ ਫੌਜ ਨੇ ਲਗਾਤਾਰ ਅੱਠਵੀਂ ਵਾਰ 1 ਤੇ 2 ਮਈ ਦੀ ਦਰਮਿਆਨੀ ਰਾਤ ਨੂੰ ਬਿਨਾਂ ਕਿਸੇ ਭੜਕਾਹਟ ਤੋਂ ਕੁਪਵਾੜਾ, ਬਾਰਾਮੂਲਾ, ਪੁਣਛ, ਨੌਸ਼ਹਿਰਾ ਤੇ ਅਖਨੂਰ ਸੈਕਟਰਾਂ ਵਿੱਚ ਕੰਟਰੋਲ ਰੇਖਾ ਦੇ ਪਾਰ ਚੌਕੀਆਂ ਤੋਂ ਛੋਟੇ ਹਥਿਆਰਾਂ ਨਾਲ ਫਾਇਰਿੰਗ ਕੀਤੀ। ਭਾਰਤੀ ਸਲਾਮਤੀ ਦਸਤਿਆਂ ਨੇ ਇਸ ਗੋਲੀਬਾਰੀ ਦਾ ਢੁੱਕਵਾਂ ਜਵਾਬ ਦਿੱਤਾ। ਇਸੇ ਦੌਰਾਨ ਪਾਕਿਸਤਾਨ ਨੇ ਸ਼ੁੱਕਰਵਾਰ ਕਿਹਾ ਕਿ ਉਹ ਭਾਰਤ ਵਿਚ ਫਸੇ ਆਪਣੇ ਨਾਗਰਿਕਾਂ ਲਈ ਵਾਹਗਾ ਸਰਹੱਦੀ ਲਾਂਘੇ ਦੀ ਵਰਤੋਂ ਦੀ ਆਗਿਆ ਜਾਰੀ ਰੱਖੇਗਾ। ਲਾਹੌਰ ਦੇ ਨੇੜੇ ਸਥਿਤ ਅਟਾਰੀ-ਵਾਹਗਾ ਸਰਹੱਦ ਨੂੰ 30 ਅਪਰੈਲ ਤੱਕ ਖੁੱਲ੍ਹਾ ਰੱਖਣ ਤੋਂ ਬਾਅਦ ਵੀਰਵਾਰ ਨੂੰ ਬੰਦ ਕਰ ਦਿੱਤਾ ਗਿਆ ਹੈ। ਵੀਰਵਾਰ ਨੂੰ ਸਰਹੱਦ 'ਤੇ 70 ਪਾਕਿਸਤਾਨੀ ਨਾਗਰਿਕ ਫਸੇ ਹੋਣ ਦੀ ਖਬਰ ਹੈ। ਮੀਡੀਆ ਦੇ ਸਵਾਲਾਂ ਦੇ ਜਵਾਬ ਵਿਚ ਪਾਕਿਸਤਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ, "ਅਸੀਂ ਮੀਡੀਆ ਰਿਪੋਰਟਾਂ ਤੋਂ ਜਾਣੂ ਹਾਂ, ਜੋ ਦਰਸਾਉਂਦੀਆਂ ਹਨ ਕਿ ਕੁਝ ਪਾਕਿਸਤਾਨੀ ਨਾਗਰਿਕ ਅਟਾਰੀ ਵਿੱਚ ਫਸੇ ਹੋਏ ਹਨ। ਅਸੀਂ ਆਪਣੇ ਨਾਗਰਿਕਾਂ ਨੂੰ ਪ੍ਰਾਪਤ (ਰੀਸੀਵ) ਕਰਨ ਲਈ ਤਿਆਰ ਹਾਂ ਜੇਕਰ ਭਾਰਤੀ ਅਧਿਕਾਰੀ ਉਨ੍ਹਾਂ ਨੂੰ ਆਪਣੇ ਪਾਸੇ ਤੋਂ ਸਰਹੱਦ ਪਾਰ ਕਰਨ ਦੀ ਇਜਾਜ਼ਤ ਦਿੰਦੇ ਹਨ। ਵਾਹਗਾ ਸਰਹੱਦ ਭਵਿੱਖ ਵਿੱਚ ਵੀ ਵਾਪਸ ਆਉਣ ਦੇ ਚਾਹਵਾਨ ਪਾਕਿਸਤਾਨੀ ਨਾਗਰਿਕਾਂ ਲਈ ਖੁੱਲ੍ਹੀ ਰਹੇਗੀ।"

## ਦਹਿਸ਼ਤਗਰਦਾਂ ਦੀ ਹਮਾਇਤ ਕਰਕੇ ਨੁਕਸਾਨ ਉਠਾਇਆ : ਬਿਲਾਵਲ



**ਇਸਲਾਮਾਬਾਦ** : ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਕਿਹਾ ਹੈ ਕਿ ਪਾਕਿਸਤਾਨ ਨੇ ਦਹਿਸ਼ਤਗਰਦ ਗਰੁੱਪਾਂ ਨਾਲ ਬੀਤੇ ਵਿੱਚ ਲਿੰਕ ਰੱਖ ਕੇ ਨੁਕਸਾਨ ਉਠਾਇਆ ਹੈ,ਪਰ ਦੇਸ਼ ਨੇ ਗਲਤੀਆਂ ਤੋਂ ਸਿੱਖਿਆ ਹੈ ਤੇ ਸੁਧਾਰ ਕੀਤੇ ਹਨ। 'ਸਕਾਈ ਨਿਊਜ਼' ਦੀ ਯਾਲਦਾ ਹਕੀਮ ਨਾਲ ਵੀਰਵਾਰ ਇੰਟਰਵਿਊ ਵਿੱਚ ਬਿਲਾਵਲ ਨੇ ਕਿਹਾ, "ਇਹ ਕੋਈ ਲੁਕੋਣ ਵਾਲੀ ਗੱਲ ਨਹੀਂ ਕਿ ਪਾਕਿਸਤਾਨ ਦੇ ਦਹਿਸ਼ਤਗਰਦਾਂ ਨਾਲ ਲਿੰਕ ਰਹੇ ਹਨ ਅਤੇ ਇਸ ਦੇ ਨਤੀਜੇ ਵਜੋਂ ਇਸ ਨੇ ਨੁਕਸਾਨ ਉਠਾਇਆ ਹੈ। ਅਸੀਂ ਅੱਤਵਾਦ ਦੀਆਂ ਹਨੇਰੀਆਂ ਵਿੱਚੋਂ ਲੰਘੇ ਹਾਂ, ਪਰ ਨੁਕਸਾਨ ਤੋਂ ਅਸੀਂ ਸਬਕ ਵੀ ਸਿੱਖੇ ਹਨ। ਅਸੀਂ ਆਪਣੇ ਵਿੱਚ ਸੁਧਾਰ ਵੀ ਕੀਤੇ ਹਨ। ਰੱਖਿਆ ਮੰਤਰੀ ਖਵਾਜਾ ਆਸਿਫ ਨੇ ਵੀ ਬੀਤੇ ਦਿਨੀਂ ਯਾਲਦਾ ਹਕੀਮ ਨੂੰ ਦਿੱਤੀ ਇੰਟਰਵਿਊ ਵਿੱਚ ਮੰਨਿਆ ਸੀ ਕਿ ਪਾਕਿਸਤਾਨ ਨੇ ਦਹਿਸ਼ਤਗਰਦਾਂ ਦੀ ਹਮਾਇਤ ਕੀਤੀ ਤੇ ਉਨ੍ਹਾਂ ਨੂੰ ਪੈਸੇ ਦਿੱਤੇ। ਉਸ ਨੇ ਕਿਹਾ ਸੀ, "ਅਸੀਂ ਇਹ ਗੰਦਾ ਕੰਮ ਕਰੀਬ ਤਿੰਨ ਦਹਾਕੇ ਅਮਰੀਕਾ, ਪੱਛਮ ਤੇ ਯੂ ਕੇ ਲਈ ਕਰਦੇ ਰਹੇ। ਉਹ ਗਲਤੀ ਸੀ ਅਤੇ ਅਸੀਂ ਨੁਕਸਾਨ ਉਠਾਇਆ। ਜੇ ਅਸੀਂ ਅਫਗਾਨਿਸਤਾਨ 'ਚ ਸੋਵੀਅਤ ਯੂਨੀਅਨ ਵਿਰੁੱਧ ਲੜਾਈ 'ਚ ਸ਼ਾਮਲ ਨਾ ਹੁੰਦੇ ਤੇ ਫਿਰ ਅਮਰੀਕੀ ਟਰੇਡ ਸੈਂਟਰ 'ਤੇ ਹਮਲੇ ਤੋਂ ਬਾਅਦ ਅਫਗਾਨਿਸਤਾਨ 'ਤੇ ਹਮਲੇ ਸਮੇਂ ਅਮਰੀਕਾ ਦਾ ਸਾਥ ਨਾ ਦਿੰਦੇ ਤੇ ਦਹਿਸ਼ਤਗਰਦਾਂ ਦੀ ਮਦਦ ਨਾ ਕਰਦੇ ਤਾਂ ਸਾਡਾ ਰਿਕਾਰਡ ਦਾਗਦਾਰ ਨਹੀਂ ਹੋਣਾ ਸੀ।"

# ਬੰਗਲਾਦੇਸ਼ੀ ਬਾਂਗ

## ਭਾਰਤ ਪਾਕਿਸਤਾਨ 'ਤੇ ਹਮਲਾ ਕਰਦੈ ਤਾਂ ਬੰਗਲਾਦੇਸ਼ ਸੱਤ ਉੱਤਰ-ਪੂਰਬੀ ਰਾਜ ਹੜੱਪ ਲਏ : ਸਾਬਕਾ ਮੇਜਰ ਜਨਰਲ ਦਾ ਮਸ਼ਵਰਾ



ਫਜ਼ਲੁਰ ਰਹਿਮਾਨ ਬੰਗਲਾਦੇਸ਼ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨਾਲ।

**ਢਾਕਾ** : ਬੰਗਲਾਦੇਸ਼ ਦੇ ਰਿਟਾਇਰਡ ਮੇਜਰ ਜਨਰਲ ਏ ਐੱਲ ਐੱਮ ਫਜ਼ਲੁਰ ਰਹਿਮਾਨ ਨੇ ਆਪਣੀ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਜੇ ਭਾਰਤ ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ 'ਤੇ ਹਮਲਾ ਕਰਦਾ ਹੈ ਤਾਂ ਬੰਗਲਾਦੇਸ਼ ਨੂੰ ਵੀ ਭਾਰਤ ਵਿੱਚ ਵੜ ਕੇ ਸਾਰੇ ਸੱਤ ਉੱਤਰ-ਪੂਰਬੀ ਰਾਜਾਂ 'ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਬੰਗਲਾਦੇਸ਼ ਰਾਈਫਲਜ਼ (ਜਿਸ ਨੂੰ ਅੱਜਕੱਲ੍ਹ ਬਾਰਡਰ ਗਾਰਡ ਬੰਗਲਾਦੇਸ਼ ਕਹਿੰਦੇ ਹਨ) ਦੇ ਸਾਬਕਾ ਮੁਖੀ ਰਹਿਮਾਨ ਨੂੰ ਬੰਗਲਾਦੇਸ਼ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਦਾ ਕਰੀਬੀ ਸਮਝਿਆ ਜਾਂਦਾ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਇਸ ਕੰਮ ਵਿੱਚ ਚੀਨ ਦਾ ਸਹਿਯੋਗ ਲਿਆ ਜਾਣਾ ਚਾਹੀਦਾ ਹੈ। ਰਹਿਮਾਨ ਨੇ ਫੇਸਬੁੱਕ 'ਤੇ ਬੰਗਾਲੀ ਵਿੱਚ ਲਿਖਿਆ ਹੈ, "ਜੇ ਭਾਰਤ ਪਾਕਿਸਤਾਨ 'ਤੇ ਹਮਲਾ ਕਰਦਾ ਹੈ ਤਾਂ ਬੰਗਲਾਦੇਸ਼ ਨੂੰ ਭਾਰਤ ਦੇ ਸੱਤ ਉੱਤਰ-ਪੂਰਬੀ ਰਾਜ ਹੜੱਪ ਲੈਣੇ ਚਾਹੀਦੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਲਈ ਚੀਨ ਨਾਲ ਸਾਂਝਾ ਮਿਲਟਰੀ ਗੱਠਜੋੜ ਕਰਨ ਲਈ ਵਿਚਾਰ ਸ਼ੁਰੂ ਕਰ ਦੇਣੀ ਜ਼ਰੂਰੀ ਹੈ।"

ਰਹਿਮਾਨ ਦੀ ਇਹ ਟਿੱਪਣੀ ਉਦੋਂ ਸਾਹਮਣੇ ਆਈ ਹੈ, ਜਦੋਂ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜਿਦ ਦੇ ਬੰਗਲਾਦੇਸ਼ ਵਿੱਚੋਂ ਭੱਜ ਕੇ ਭਾਰਤ ਆਉਣ ਤੇ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਹਮਲਿਆਂ ਕਾਰਨ ਦੋਹਾਂ ਦੇਸ਼ਾਂ ਵਿਚਾਲੇ ਨਿੱਘਰੇ ਸੰਬੰਧਾਂ ਨੂੰ ਲੀਹ 'ਤੇ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਮੁਹੰਮਦ ਯੂਨਸ ਨੇ ਵੀ ਮਾਰਚ 'ਚ ਚੀਨ ਦੇ ਦੌਰੇ ਦੌਰਾਨ ਭਾਰਤ ਦੇ ਉੱਤਰ-ਪੂਰਬੀ ਰਾਜਾਂ ਦਾ ਜ਼ਿਕਰ ਕੀਤਾ ਸੀ। ਉਸ ਨੇ ਕਿਹਾ ਸੀ, "ਭਾਰਤ ਦੇ ਪੂਰਬ ਵਿੱਚ ਸੱਤ ਰਾਜਾਂ ਨੂੰ ਸੱਤ ਭੈਣਾਂ ਕਹਿੰਦੇ ਹਨ। ਇਹ ਭਾਰਤ ਦਾ ਪਹਾੜਾਂ ਨਾਲ ਘਿਰਿਆ ਇਲਾਕਾ ਹੈ। ਇਨ੍ਹਾਂ ਦੀ ਸਮੁੰਦਰ ਤੱਕ ਪਹੁੰਚ ਨਹੀਂ ਹੈ। ਬੰਗਲਾਦੇਸ਼ ਹੀ ਖਿੱਤੇ ਵਿੱਚ ਸਮੁੰਦਰ ਦਾ ਇਕੱਲਾ ਰਾਖਾ ਹੈ ਅਤੇ ਇਹ ਚੀਨ ਨੂੰ ਆਰਥਿਕ ਲਾਭ ਲੈਣ ਲਈ ਵੱਡਾ ਮੌਕਾ ਬਣ ਸਕਦਾ ਹੈ।"

ਯੂਨਸ ਦੀ ਇਸ ਟਿੱਪਣੀ ਦੇ ਬਾਅਦ ਭਾਰਤ ਨੇ ਬੰਗਲਾਦੇਸ਼ ਦਾ ਮਾਲ ਭਾਰਤੀ ਹਵਾਈ ਅੱਡਿਆਂ ਤੇ ਬੰਦਰਗਾਹਾਂ ਰਾਹੀਂ ਤੀਜੇ ਮੁਲਕਾਂ ਨੂੰ ਭੇਜਣ ਦਾ ਕਰੀਬ ਪੰਜ ਸਾਲ ਪੁਰਾਣਾ ਸਮਝੌਤਾ ਰੱਦ ਕਰ ਦਿੱਤਾ ਸੀ।

## ਅੱਜ-ਨਾਮਾ

ਰਾਮਦੇਵ ਨਹੀਂ ਚੁਸਤੀ ਤੋਂ ਬਾਜ਼ ਆਉਂਦਾ,
ਚਲਾਕੀ ਨਵੀਂ ਉਹਦੀ ਕਹਿੰਦੇ ਫੜੀ ਬੇਲੀ।
ਨਵੇਂ ਸ਼ਰਬਤ ਲਈ ਕੋਈ ਪ੍ਰਚਾਰ ਕਰਿਆ,
ਫਿਰਕੂ ਉਲਝਣ ਵੀ ਕੀਤੀ ਹੈ ਖੜੀ ਬੇਲੀ।
ਆਪਣਾ ਵੇਚਣ ਲਈ ਸਾਧ ਨੇ ਨਵਾਂ ਸੌਦਾ,
ਸਾਜ਼ਿਸ਼ ਦੂਜਿਆਂ ਬਾਰੇ ਫਿਰ ਘੜੀ ਬੇਲੀ।
ਮਾਮਲਾ ਵਿੱਚ ਅਦਾਲਤ ਇਹ ਪੁੱਜਿਆ ਤਾਂ,
ਲੱਗ ਗਈ ਲਾਹਨਤਾਂ ਦੀ ਓਥੋਂ ਝੜੀ ਬੇਲੀ।
ਪੇਸ਼ੀ ਇੱਕ ਮਗਰੋਂ ਦੂਸਰੀ ਹੋਈ ਸੁਣਿਆ,
ਸਾਰੇ ਮੁਲਕ ਮੂਹਰੇ ਟੁੱਟਿਆ ਭਰਮ ਬੇਲੀ।
ਉਹਦੀ ਹੁੰਦੀ ਬਦਨਾਮੀ ਜਦ ਚਹੁੰ ਤਰਫੀਂ,
ਉਸ ਨੂੰ ਅਜੇ ਵੀ ਸੰਗ ਨਹੀਂ ਸ਼ਰਮ ਬੇਲੀ।

-ਤੀਸ ਮਾਰ ਖਾਂ

# ਦਲਿਤਾਂ ਦੀਆਂ ਸੌ ਮਰਜ਼ਾਂ ਦੀ ਦਵਾ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ

**ਸ਼ਾਹਕੋਟ (ਸਟਾਫ ਰਿਪੋਰਟਰ)**



ਤਰਕਸ਼ੀਲ ਸੁਸਾਇਟੀ ਪੰਜਾਬ, ਖੇਤ ਮਜ਼ਦੂਰ ਜਥੇਬੰਦੀਆਂ, ਡੀ ਟੀ ਐੱਫ ਅਤੇ ਸਮਾਜ ਦੇ ਚੇਤਨ ਹਿੱਸੇ ਨਾਲ ਸੰਬੰਧਤ ਬੁੱਧੀਜੀਵੀਆਂ ਦੇ ਵਿਚਾਲੇ ਇੱਥੇ ਮਜ਼ਦੂਰ ਵਰਗ ਦੀ ਹੋਣੀ 'ਤੇ ਹੋਈ ਵਿਚਾਰ-ਚਰਚਾ ਵਿੱਚ ਜਿੱਥੇ ਆਰੀਆ ਅਨਾਰੀਆਂ ਦੀ ਗੱਲ ਹੋਈ, ਜਾਤ-ਪਾਤ ਦੀ ਵਿਚਾਰਧਾਰਾ ਦੀਆਂ ਸੱਭਿਆਚਾਰਕ ਤੇ ਆਰਥਕ ਜੜ੍ਹਾਂ ਨੂੰ ਫਰੋਲਿਆ ਗਿਆ, ਮਜ਼ਦੂਰ ਦੀ ਪਰਿਭਾਸ਼ਾ ਦਾ ਜ਼ਿਕਰ ਵਿਗਿਆਨਿਕ ਨਜ਼ਰੀਏ ਤੋਂ ਹੋਇਆ, ਲੁਟੇਰੀ ਜਮਾਤ ਦੇ ਖਾਸੇ ਦੀ ਗੱਲ ਹੋਈ, ਪੈਦਾਵਾਰ ਦੇ ਸੁਭਾਅ ਨੂੰ ਸਮਝਣ ਦੀ ਕੋਸ਼ਿਸ਼ ਹੋਈ, ਥੁੜ੍ਹਾਂ ਮਾਰਿਆਂ ਲਈ ਜਥੇਬੰਦੀਆਂ ਦੀ ਭੂਮਿਕਾ 'ਤੇ ਵੀ ਚਰਚਾ ਹੋਈ, ਉਥੇ ਜ਼ਮੀਨ ਦੀ ਵੰਡ ਦੇ ਮਹੱਤਵਪੂਰਨ ਵਿਸ਼ੇ 'ਤੇ ਹੋਈਆਂ ਵਿਚਾਰਾਂ ਨੇ ਸਾਬਤ ਕੀਤਾ ਕਿ ਬੇਜ਼ਮੀਨੇ ਲੋਕਾਂ ਦੀਆਂ ਸੌ ਮਰਜ਼ਾਂ ਦੀ ਦਵਾ ਸਿਰਫ ਤੇ ਸਿਰਫ ਜ਼ਮੀਨ ਪ੍ਰਾਪਤੀ ਹੀ ਹੋ ਸਕਦੀ ਹੈ।

ਵਿਚਾਰ-ਚਰਚਾ ਸ਼ੁਰੂ ਹੋਣ ਤੋਂ ਪਹਿਲਾਂ ਡੀ ਟੀ ਐੱਫ ਦੇ ਆਗੂ ਮਾਸਟਰ ਅਵਤਾਰ ਲਾਲ ਨੇ ਸੁਰਜੀਤ ਪਾਤਰ ਦੀ ਕਵਿਤਾ 'ਉੱਠ ਜਗਾ ਦੇ ਮੋਮਬੱਤੀਆਂ, ਇਹ ਤਾਂ ਇੱਥੇ ਵਗਦੀਆਂ ਹੀ ਰਹਿਣੀਆਂ ਪੌਣਾਂ ਕੁਪੱਤੀਆਂ.....' ਤਰੰਨਮ 'ਚ ਪੇਸ਼ ਕਰਕੇ ਚਾਨਣ ਦਾ ਛੱਟਾ ਦੇਣ ਦਾ ਹੋਕਾ ਦਿੱਤਾ। ਇਸੇ ਤਰ੍ਹਾਂ ਦੇਸ ਰਾਜ ਜਾਫਰਵਾਲ ਤੇ ਅਮੀਸ਼ ਬਾਗਪੁਰ ਨੇ ਆਪਣੀਆਂ ਕਵਿਤਾਵਾਂ ਰਾਹੀਂ ਮਜ਼ਦੂਰ ਦੀ ਬਾਤ ਪਾਈ। ਨਛੱਤਰ ਨੇ ਹਰਮੇਸ਼ ਮਾਲੜੀ ਦੀਆਂ ਕਵਿਤਾਵਾਂ 'ਇਹੋ ਜੀਣ ਹਮਾਰਾ' ਤੇ 'ਲੱਖਾਂ ਧੀਆਂ ਪੇਟ ਦੀ ਖਾਤਰ ਪੈਰੀਂ ਘੁੰਗਰੂ ਪਾਏ..' ਰਾਹੀਂ ਮਜ਼ਦੂਰ ਵਰਗ ਦੇ ਦਰਦ ਨੂੰ ਬਿਆਨ ਕੀਤਾ। ਉਪਰੰਤ ਤਰਕਸ਼ੀਲ ਆਗੂ ਜਿੰਦਰ ਬਾਗਪੁਰ ਨੇ ਵਿਚਾਰ-ਚਰਚਾ ਦੇ ਮੁੱਖ ਬੁਲਾਰੇ ਹਰਮੇਸ਼ ਮਾਲੜੀ ਨੂੰ ਆਪਣੀ ਗੱਲ ਕਹਿਣ ਦਾ ਸੱਦਾ ਦਿੱਤਾ। ਮਾਲੜੀ ਨੇ ਮਜ਼ਦੂਰ (ਤੇ ਖਾਸ ਕਰਕੇ ਦਲਿਤ) ਵਰਗ ਦੀ ਹੋਣੀ ਨੂੰ ਗੁਲਾਮਦਾਰੀ ਯੁੱਗ ਤੋਂ ਲੈ ਕੇ ਮੌਜੂਦਾ ਹਾਕਮਾਂ ਵੱਲੋਂ 29 ਕਿਰਤ ਕਾਨੂੰਨ ਰੱਦ ਕਰਕੇ ਚਾਰ ਲੇਬਰ ਕੋਡਜ਼ ਬਣਾਉਣ ਤੱਕ ਦੇ ਵਰਤਾਰੇ ਨੂੰ ਸਰੋਤਿਆਂ ਦੇ ਸਨਮੁੱਖ ਪੇਸ਼ ਕਰ ਦਿੱਤਾ। ਉਹਨਾ ਕਿਹਾ ਕਿ ਸੰਸਾਰ ਭਰ ਦੇ ਮਜ਼ਦੂਰਾਂ ਦੀ ਹੋਣੀ ਇੱਕ ਹੀ ਹੈ। ਮਜ਼ਦੂਰ ਦੀ ਪਰਿਭਾਸ਼ਾ ਦੱਸਦਿਆਂ ਮਾਲੜੀ ਨੇ ਕਿਹਾ ਕਿ ਖੇਤਾਂ 'ਚ ਕੰਮ ਕਰਨ ਵਾਲਾ ਜੇਕਰ ਮਜ਼ਦੂਰ ਹੈ ਤਾਂ ਕਾਲਜ ਵਿੱਚ ਪੜ੍ਹਾਉਣ ਵਾਲਾ ਪ੍ਰੋਫੈਸਰ ਵੀ ਇਸੇ ਵਰਗ ਵਿੱਚ ਆਉਂਦਾ ਹੈ। ਲੁਟੇਰੀ ਜਮਾਤ ਨੇ ਆਪਣੀ ਉਮਰ ਵਧਾਉਣ ਲਈ ਕਿਰਤੀਆਂ ਦੇ ਵਰਗੀਕਰਨ ਦਾ ਵਿਸਥਾਰ ਕਰ ਦਿੱਤਾ ਹੈ। ਆਪਣੀ ਗੱਲ ਨੂੰ ਅੱਗੇ ਤੋਰਦਿਆਂ ਮਾਲੜੀ ਨੇ ਕਿਹਾ ਕਿ ਪੈਦਾਵਾਰ ਦਾ ਖਾਸਾ ਸਮੂਹਿਕ ਹੈ, ਪਰ ਮਾਲਕੀ ਨਿੱਜੀ ਹੈ। ਮਾਲਕੀ ਵੀ ਸਮੂਹਿਕ ਹੋ ਜਾਵੇ ਤਾਂ ਆਰਥਿਕ ਪਾੜੇ ਦੀ ਸਮੱਸਿਆ ਹੱਲ ਹੋ ਸਕਦੀ ਹੈ।

ਜਾਤ-ਪਾਤ ਦੀ ਗੱਲ ਕਰਦਿਆਂ ਸਾਥੀ ਮਾਲੜੀ ਨੇ ਵਿਸਥਾਰਤ ਵਿਸ਼ੇ ਨੂੰ ਸੰਖੇਪ ਵਿੱਚ ਵਰਨਣ ਕਰਦਿਆਂ ਕਿਹਾ ਕਿ ਪੱਥਰ ਯੁੱਗ ਤੋਂ

• ਬਾਕੀ ਸਫ਼ਾ 2 'ਤੇ

## ਨੀਂਦ ਕੀਹਦੀ ਉੱਡੇਗੀ ਤੇ ਕੀਹਦੀ ਉੱਡੀ ਹੋਈ ?

**ਤਿਰੂਅਨੰਤਪੁਰਮ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਵਿਜ਼ਿੰਝਮ ਕੌਮਾਂਤਰੀ ਸਮੁੰਦਰੀ ਬੰਦਰਗਾਹ ਦੇ ਪਹਿਲੇ ਪੜਾਅ ਦਾ ਰਸਮੀ ਉਦਘਾਟਨ ਕੀਤਾ। ਇਸ ਬੰਦਰਗਾਹੀ ਪ੍ਰਾਜੈਕਟ ਨੂੰ 8,867 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਪੂਰਾ ਕੀਤਾ ਗਿਆ ਹੈ। ਉਨ੍ਹਾ ਕੇਰਲਾ ਦੇ ਰਾਜਪਾਲ ਰਾਜੇਂਦਰ ਆਰਲੇਕਰ, ਮੁੱਖ ਮੰਤਰੀ ਪਿਨਾਰਈ ਵਿਜਯਨ, ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਅਤੇ ਤਿਰੂਅਨੰਤਪੁਰਮ ਤੋਂ ਕਾਂਗਰਸ ਐੱਮ ਪੀ ਸ਼ਸ਼ੀ ਥਰੂਰ ਦੀ ਮੌਜੂਦਗੀ ਵਿੱਚ ਉਦਘਾਟਨ ਕੀਤਾ।

ਟਾਂਚ ਕਰਨ ਦੇ ਆਪਣੇ ਸੁਭਾਅ ਮੁਤਾਬਕ ਮੋਦੀ ਨੇ ਇਸ ਮੌਕੇ ਕਿਹਾ, 'ਅੱਜ ਦਾ ਸਮਾਗਮ ਬਹੁਤ ਸਾਰੇ ਲੋਕਾਂ ਦੀ ਨੀਂਦ ਹਰਾਮ ਕਰ ਦੇਵੇਗਾ।' ਉਨ੍ਹਾ ਦਾ ਸੰਕੇਤ ਵਿਜਿਅਨ ਤੇ ਥਰੂਰ ਦੀ ਸਾਂਝੀ ਮੌਜੂਦਗੀ ਦੇ ਮੱਦੇਨਜ਼ਰ 'ਇੰਡੀਆ' ਬਲਾਕ ਅੰਦਰ ਪਾਈ ਜਾ ਰਹੀ ਕਥਿਤ ਬੇਚੈਨੀ ਵੱਲ ਸੀ। ਸਮਾਗਮ ਦੌਰਾਨ ਅਧਿਕਾਰਤ ਮਲਿਆਲਮ ਅਨੁਵਾਦਕ ਮੋਦੀ ਦਾ ਭਾਵ ਸਹੀ ਢੰਗ ਨਾਲ ਨਹੀਂ ਪ੍ਰਗਟਾ ਸਕਿਆ, ਇਸ 'ਤੇ ਪ੍ਰਧਾਨ ਮੰਤਰੀ ਨੇ ਕਿਹਾ, 'ਸੁਨੇਹਾ ਜਿੱਥੇ ਜਾਣਾ ਚਾਹੀਦਾ ਸੀ, ਉੱਥੇ ਚਲਾ ਗਿਆ ਹੈ।' ਇਸ ਦੇ ਜਵਾਬ ਵਿੱਚ ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, 'ਸਾਨੂੰ ਕੋਈ ਫਿਕਰ ਨਹੀਂ, ਅਸੀਂ ਸ਼ਾਂਤੀ ਨਾਲ ਸੌਂਵਾਂਗੇ। ਇਹ ਪ੍ਰਧਾਨ ਮੰਤਰੀ ਹਨ, ਜਿਨ੍ਹਾ ਦੀ ਰਾਤਾਂ ਦੀ ਨੀਂਦ ਉਡੀ ਹੋਈ ਹੈ।' ਉਨ੍ਹਾ ਨਾਲ ਹੀ ਕਿਹਾ, 'ਮੈਨੂੰ ਸਮਝ ਨਹੀਂ ਆ ਰਿਹਾ ਕਿ ਪ੍ਰਧਾਨ ਮੰਤਰੀ ਕੋਲ ਅਜਿਹੇ ਬਿਆਨ ਦੇਣ ਦਾ ਕੀ ਆਧਾਰ ਹੈ।'

3-MAY-PAGE-1.qxd 5/2/2025 8:54 PM Page 2



## ਪੈਰਾਡਾਈਜ਼ ਸਕੂਲ 'ਚ ਅੰਤਰਰਾਸ਼ਟਰੀ ਡਾਂਸ ਦਿਵਸ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ 'ਚ ਅੰਤਰਰਾਸ਼ਟਰੀ ਡਾਂਸ ਦਿਵਸ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਸ਼ਬਦ ਗਾਇਨ ਨਾਲ ਹੋਈ। ਇਸ ਉਪਰੰਤ ਸਰਸਵਤੀ ਵੰਦਨਾ ਦੁਆਰਾ ਗਿਆਨ ਅਤੇ ਕਲਾਤਮਕ ਉੱਤਮਤਾ ਲਈ ਪਰਮਾਤਮਾ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ।ਵਿਦਿਆਰਥੀਆਂ ਨੇ ਸਬ-ਜੂਨੀਅਰ ਅਤੇ ਜੂਨੀਅਰ ਸ਼੍ਰੇਣੀਆਂ ਵਿੱਚ ਡਾਂਸ ਮੁਕਾਬਲੇ 'ਚ ਹਿੱਸਾ ਲਿਆ, ਜਿਸ ਵਿੱਚ ਰਵਾਇਤੀ, ਲੋਕ ਅਤੇ ਬੀਮੈਂਟ(?) ਪੱਛਮੀ ਡਾਂਸ ਦੇ ਰੂਪਾਂ 'ਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤੇ।ਸਬ ਜੂਨੀਅਰ ਸ਼੍ਰੇਣੀ 'ਚ ਰਾਵੀ ਹਾਊਸ ਨੇ ਪਹਿਲਾ, ਸਰਧਮ(?) ਹਾਊਸ ਨੇ ਦੂਜਾ ਅਤੇ ਸਤਲੁਜ ਹਾਊਸ ਨੇ ਤੀਜਾ ਦਰਜਾ ਪ੍ਰਾਪਤ ਕੀਤਾ।ਜੂਨੀਅਰ ਸ਼੍ਰੇਣੀ ਤਹਿਤ ਸਤਲੁਜ ਹਾਊਸ ਅਤੇ ਜੇਹਲਮ ਹਾਊਸ ਨੇ ਪਹਿਲਾ, ਬਿਆਸ ਹਾਊਸ ਅਤੇ ਜੇਹਲਮ ਹਾਊਸ ਦੂਜਾ ਅਤੇ ਰਾਵੀ ਹਾਊਸ ਨੇ ਤੀਜਾ ਦਰਜਾ ਪ੍ਰਾਪਤ ਕੀਤਾ।ਸਕੂਲ ਦੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਹਿੱਸਾ ਲੈਣ ਵਾਲਿਆਂ ਦੇ ਸਮਰਪਣ ਅਤੇ ਕਲਾਤਮਕ ਭਾਵਨਾ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੀ ਜਿੱਤ ਲਈ ਉਨ੍ਹਾਂ ਨੂੰ ਵਧਾਈ ਦਿੱਤੀ।ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਸਮਾਰੋਹ ਵਿੱਚ ਹਾਜ਼ਰ ਹੋ ਕੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ 'ਚ ਵੀ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

## ਅਸ਼ੋਕ ਬੱਗਾ ਪ੍ਰਧਾਨ, ਵਰਿੰਦਰ ਜਿੰਦਲ ਸਕੱਤਰ ਤੇ ਸੁਭਾਸ਼ ਚੰਦ ਖਜ਼ਾਨਚੀ ਬਣੇ







**ਭੀਖੀ (ਧਰਮਵੀਰ ਸ਼ਰਮਾ)**-ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਪੰਜਾਬ (ਰਜਿ.) ਭੀਖੀ ਦੀ ਸਲਾਨਾ ਮੀਟਿੰਗ ਸਥਾਨਕ ਸ਼ਿਵ ਮੰਦਿਰ ਵਿਖੇ ਹੋਈ, ਜਿਸ ਦੌਰਾਨ ਸਭ ਤੋਂ ਪਹਿਲਾਂ ਹਾਜ਼ਰ ਮੈਂਬਰਾਂ ਵੱਲੋਂ ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਇਸ ਉਪਰੰਤ ਦਲ ਦੇ ਮਰਹੂਮ ਮੈਂਬਰ ਸਵ. ਵੇਦ ਪ੍ਰਕਾਸ਼ ਤਾਇਲ ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੌਰਾਨ ਦਲ ਦੀ ਸਲਾਨਾ ਚੋਣ ਕੀਤੀ ਗਈ, ਜਿਸ 'ਚ ਸਰਵ-ਸੰਮਤੀ ਨਾਲ ਅਸ਼ੋਕ ਕੁਮਾਰ ਬੱਗਾ ਪ੍ਰਧਾਨ, ਵਰਿੰਦਰ ਜਿੰਦਲ ਜਨਰਲ ਸਕੱਤਰ ਅਤੇ ਸੁਭਾਸ਼ ਚੰਦ ਖਜ਼ਾਨਚੀ ਚੁਣੇ ਗਏ। ਇਸ ਤੋਂ ਇਲਾਵਾ ਅਮਿਤ ਮਹਿਤਾ ਸੀਨੀਅਰ ਮੀਤ ਪ੍ਰਧਾਨ, ਭੀਮ ਸੈਨ ਮੀਤ ਪ੍ਰਧਾਨ, ਗੁਲਸ਼ਨ ਮਿੱਤਲ ਸਹਾਇਕ ਸਕੱਤਰ, ਪ੍ਰੇਮ ਮਿੱਤਲ ਗੁਥੀ(?) ਸਹਾਇਕ ਖਜ਼ਾਨਚੀ, ਤਰਸੇਮ ਚੰਦ ਜਿੰਦਲ, ਰਾਜ ਕੁਮਾਰ ਰਾਜੂ, ਰਾਜ ਕੁਮਾਰ ਰਾਜੀ ਅਤੇ ਮਨੋਜ ਸ਼ਰਮਾ ਸਟੋਰ ਕੀਪਰ, ਸੁਖਦੇਵ ਮਹੰਤ ਸ਼ੁੱਖਾ, ਬਲਵਿੰਦਰ ਦਾਸ ਕਾਲਾ, ਪ੍ਰਮੋਦ ਸਿੰਗਲਾ ਅਤੇ ਜੀਵਨ ਸਿੰਗਲਾ ਕੈਪਟਨ, ਸੰਦੀਪ ਜਿੰਦਲ, ਪੁਨੀਤ ਗੋਇਲ, ਵਿਪਨ ਗੋਇਲ ਅਤੇ ਚਿੰਕੂ ਸਿੰਗਲਾ ਪ੍ਰਚਾਰ ਸਕੱਤਰ, ਸੁਭਾਸ਼ ਮਹਿਤਾ, ਭੋਲਾ ਮੱਲ ਮਿੱਤਲ, ਰਜਿੰਦਰ ਜਿੰਦਲ ਰਾਜੀ, ਹਰਮੇਸ਼ ਲਾਲ ਮਿੱਤਲ, ਨੀਤਿਨ ਗੋਇਲ ਰਿੰਕਾ, ਹਰਮੇਸ਼ ਸਿੰਘ ਮਿੱਤਲ, ਨਰਿੰਦਰ ਮਿੱਤਲ ਮੈਂਬਰ ਚੁਣੇ ਗਏ। ਇਸ ਤੋਂ ਇਲਾਵਾ ਮਾ. ਓਮ ਪ੍ਰਕਾਸ਼ ਜਿੰਦਲ, ਹਾਕਮ ਚੰਦ, ਨਰਿੰਦਰ ਜਿੰਦਲ ਡੀ ਸੀ, ਕ੍ਰਿਸ਼ਨ ਗਰਗ, ਪ੍ਰਿੰਸ ਮਹਿਤਾ ਅਤੇ ਰਮੇਸ਼ ਸ਼ਾਰਦਾ ਸਰਪ੍ਰਸਤ ਨਿਯੁਕਤ ਕੀਤੇ ਗਏ।

## 'ਆਓ ਆਪਣੀ ਪਲੇਟ ਸਜਾਓ' ਨਾਮਕ ਗਤੀਵਿਧੀ ਕਰਵਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸਈ ਬੋਰਡ ਦਿੱਲੀ ਨਾਲ ਸੰਬੰਧਿਤ ਮਾਊਂਟ ਲਿਟਰਾ ਜੀ ਸਕੂਲ, ਰਾਮਪੁਰਾ ਨੇ ਵਿਦਿਆਰਥੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨੂੰ ਧਿਆਨ 'ਚ ਰੱਖਦੇ ਹੋਏ 'ਆਓ ਆਪਣੀ ਪਲੇਟ ਸਜਾਓ' ਨਾਮਕ ਇੱਕ ਵਿਸ਼ੇਸ਼ ਗਤੀਵਿਧੀ ਦਾ ਆਯੋਜਨ ਕੀਤਾ।ਇਹ ਗਤੀਵਿਧੀ 6ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਲਈ ਨਿਰਧਾਰਤ ਕੀਤੀ ਗਈ ਹੈ ਅਤੇ ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਹਤਮੰਦ ਖਾਣੇ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਹੈ।ਇਸ ਗਤੀਵਿਧੀ ਤਹਿਤ ਵਿਦਿਆਰਥੀਆਂ ਨੇ ਰੰਗ-ਬਿਰੰਗੇ ਫਲਾਂ ਅਤੇ ਸਬਜ਼ੀਆਂ ਦੀ ਵਰਤੋਂ ਕਰਕੇ ਪਲੇਟ ਨੂੰ ਸਜਾਇਆ ਗਿਆ।ਇਹ ਸਜਾਵਟ ਸੁੰਦਰਤੀ ਪੱਖ ਦੇ ਰੰਗਾਂ ਨੂੰ ਦਰਸਾਉਂਦੀ ਹੈ।ਵਿਦਿਆਰਥੀਆਂ ਨੇ ਸਜਾਵਟ 'ਚ ਵਰਤੇ ਜਾਣ ਵਾਲੇ ਫੱਲਾਂ ਅਤੇ ਸਬਜ਼ੀਆਂ ਦੇ ਪੋਸ਼ਣ ਮੁੱਲ ਅਤੇ ਸਿਹਤ ਲਾਭਾਂ ਬਾਰੇ ਦੱਸਿਆ।ਕਲਾਸ ਅਧਿਆਪਕ ਨੇ ਵਿਦਿਆਰਥੀਆਂ ਨੂੰ ਸਮੱਗਰੀ ਇਕੱਠੀ ਕਰਨ, ਸਜਾਵਟ ਕਰਨ ਅਤੇ ਵਸਤੂ ਪੇਸ਼ ਕਰਨ ਵਿੱਚ ਮਾਰਗਦਰਸ਼ਨ ਕੀਤਾ।ਇਸ ਮੌਕੇ ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਸਕੂਲ ਪ੍ਰਿੰਸੀਪਲ ਗੀਤਾ ਪਿੱਲੇ ਨੇ ਬੱਚਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਨੂੰ ਰਚਨਾਤਮਕਤਾ, ਟੀਮ ਵਰਕ ਅਤੇ ਸਿਹਤ ਪ੍ਰਤੀ ਜਾਗਰੂਕ ਕਰਦੀਆਂ ਹਨ।

## ਮਾਤਾ ਗੁਜਰੀ ਗਰਲਜ਼ ਕਾਲਜ 'ਚ ਬੀ ਏ ਦੀਆਂ ਵਿਦਿਆਰਥਣਾਂ ਨੂੰ ਮਿਲੀ ਵਿਦਾਇਗੀ ਪਾਰਟੀ



**ਸਰਦੂਲਗੜ੍ਹ (ਅਵਤਾਰ ਜਟਾਣਾਂ)**-ਬੀਤੀ 25 ਅਪ੍ਰੈਲ ਨੂੰ ਮਾਤਾ ਗੁਜਰੀ ਗਰਲਜ਼ ਕਾਲਜ (ਸਰਦੂਲਗੜ੍ਹ) ਵਿੱਚ ਬੀ ਏ ਭਾਗ-ਦੂਜੇ ਦੀਆਂ ਵਿਦਿਆਰਥਣਾਂ ਨੇ ਬੀ ਏ ਭਾਗ-ਤੀਜੇ ਦੀਆਂ ਵਿਦਿਆਰਥਣਾਂ ਨੂੰ ਵਿਦਾਇਗੀ ਪਾਰਟੀ ਦਿੱਤੀ। ਜਿਸ ਵਿੱਚ ਬੀ.ਏ ਭਾਗ-ਦੂਜੇ ਦੇ ਕਲਾਸ ਇੰਚਾਰਜ ਪ੍ਰੋ. ਸੋਨੀਆ ਅਰੋੜਾ, ਸਮੂਹ ਸਟਾਫ ਅਤੇ ਵਿਦਿਆਰਥਣਾਂ ਨੇ ਬੀ. ਏ. ਭਾਗ ਤੀਜੇ ਦੀਆਂ ਵਿਦਿਆਰਥਣਾਂ ਤੇ ਉਹਨਾਂ ਦੇ ਕਲਾਸ ਇੰਚਾਰਜ ਪ੍ਰੋ. ਹਰਵਿੰਦਰ ਕੌਰ 'ਤੇ ਫੁੱਲਾਂ ਦੀ ਵਰਖਾ ਕਰਕੇ ਵਿਲੱਖਣ ਤਰੀਕੇ ਨਾਲ ਨਿੱਘਾ ਸਵਾਗਤ ਕੀਤਾ। ਫਿਰ ਵਿਭਾਗ ਮੁਖੀ ਡਾ. ਸਰਨਜੀਤ ਕੌਰ ਨੇ ਬੀ ਏ ਭਾਗ-ਦੂਜੇ ਦੀਆਂ ਵਿਦਿਆਰਥਣਾਂ ਨੂੰ ਵਿਦਾਇਗੀ ਪਾਰਟੀ ਸ਼ੁਰੂ ਕਰਨ ਦੀ ਇਜਾਜ਼ਤ ਦਿੰਦੇ ਹੋਏ ਬੀ ਏ ਭਾਗ-ਤੀਜੇ ਦੀਆਂ ਵਿਦਿਆਰਥਣਾਂ ਨੂੰ ਆਪਣੇ ਭਵਿੱਖ ਨੂੰ ਰੋਸ਼ਨ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਵਿੱਖ 'ਚ ਉਚੇਰੀ ਪੜ੍ਹਾਈ ਨੂੰ ਨਿਰੰਤਰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਉਸ ਤੋਂ ਮਗਰੋਂ ਕਲਾਸ ਇੰਚਾਰਜ ਪ੍ਰੋ. ਹਰਵਿੰਦਰ ਕੌਰ ਨੇ ਆਪਣੀਆਂ ਵਿਦਿਆਰਥਣਾਂ ਨਾਲ ਬਿਤਾਏ ਪਲਾਂ ਨੂੰ ਸਾਂਝਾ ਕਰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵਿਦਿਆਰਥਣਾਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਬੀ ਏ ਭਾਗ-ਤੀਜੇ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੂੰ ਮਿਸ ਫੇਅਰਵੈੱਲ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਅਖੀਰ 'ਚ ਸਮੂਹ ਸਟਾਫ ਤੇ ਬੀ ਏ ਭਾਗ-ਦੂਜੇ ਦੀਆਂ ਵਿਦਿਆਰਥਣਾਂ ਵੱਲੋਂ ਭਾਗ-ਤੀਜੇ ਦੀਆਂ ਵਿਦਿਆਰਥਣਾਂ ਦਾ ਕੇਕ ਕਟਵਾਇਆ ਤੇ ਵਿਦਿਆਰਥਣਾਂ ਨੂੰ ਕਾਲਜ ਵੱਲੋਂ ਤੋਹਫਾ ਦੇ ਕੇ ਵਿਦਾਇਗੀ ਦਿੱਤੀ।

## ਮਾਊਂਟ ਲਿਟਰਾ ਦੇ ਵਿਦਿਆਰਥੀਆਂ ਵੱਲੋਂ ਵੇਰਕਾ ਮਿਲਕ ਪਲਾਂਟ ਦਾ ਦੌਰਾ





**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਬੀਐੱਸਈ ਦਿੱਲੀ ਨਾਲ ਸੰਬੰਧਤ ਮਾਊਂਟ ਲਿਟਰਾ ਜੀ ਸਕੂਲ, ਰਾਮਪੁਰਾ ਵੱਲੋਂ ਪੰਜਵੀਂ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੇਰਕਾ ਮਿਲਕ ਪਲਾਂਟ ਲਿਜਾਇਆ ਗਿਆ। ਇਸ ਵਿਦਿਅਕ ਯਾਤਰਾ ਦਾ ਉਦੇਸ਼ ਵਿਦਿਆਰਥੀਆਂ ਨੂੰ ਦੁੱਧ ਉਤਪਾਦਨ ਅਤੇ ਪ੍ਰੋਸੈਸਿੰਗ ਦੀ ਪ੍ਰਕਿਰਿਆ ਤੋਂ ਜਾਣੂ ਕਰਵਾਇਆ ਜਾਣਾ ਸੀ। ਇਸ ਸਮੇਂ ਦੌਰਾਨ, ਵਿਦਿਆਰਥੀਆਂ ਨੇ ਦੁੱਧ ਇਕੱਠਾ ਕਰਨ, ਟੈਸਟਿੰਗ, ਪ੍ਰੋਸੈਸਿੰਗ, ਪੈਕਿੰਗ ਅਤੇ ਵੰਡ ਦੀ ਪੂਰੀ ਪ੍ਰਕਿਰਿਆ ਨੂੰ ਨੇੜਿਓਂ ਦੇਖਿਆ ਅਤੇ ਮਾਹਿਰਾਂ ਤੋਂ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ। ਪਲਾਂਟ ਦੇ ਅਧਿਕਾਰੀਆਂ ਨੇ ਵੀ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਤਕਨੀਕਾਂ ਤੇ ਮਸ਼ੀਨਾਂ ਬਾਰੇ ਵਿਸਥਾਰ ਨਾਲ ਦੱਸਿਆ। ਦੂਜੇ ਪਾਸੇ, ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਿਗਿਆਨ ਤੇ ਤਕਨੀਕੀ ਸਿੱਖਿਆ ਨੂੰ ਵਿਹਾਰਕ ਰੂਪ ਦੇਣ ਦੇ ਉਦੇਸ਼ ਨਾਲ ਬਠਲ(?) ਪਾਵਰ ਪਲਾਂਟ ਦਾ ਉਦਯੋਗਿਕ ਦੌਰਾ ਕੀਤਾ। ਇਸ ਵਿਦਿਅਕ ਦੌਰੇ ਦੌਰਾਨ, ਵਿਦਿਆਰਥੀਆਂ ਨੇ ਬਿਜਲੀ ਦੇ ਉਤਪਾਦਨ ਬਾਰੇ ਸਿੱਖਿਆ ਤੇ ਸਮਝਿਆ। ਪਲਾਂਟ ਵਿਖੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਵੇਂ ਕੋਲੇ ਨੂੰ ਸਾੜ ਕੇ ਭਾਫ ਪੈਦਾ ਕੀਤੀ ਜਾਂਦੀ ਹੈ, ਜੋ ਟਰਬਾਈਨਾਂ ਨੂੰ ਘੁਮਾਉਂਦੀ ਹੈ ਤੇ ਬਿਜਲੀ ਉਰਜਾ ਪੈਦਾ ਕਰਦੀ ਹੈ। ਤਕਨੀਕੀ ਮਾਹਰਾਂ ਨੇ ਵਿਦਿਆਰਥੀਆਂ ਨੂੰ ਬਿਜਲੀ ਉਤਪਾਦਨ ਦੇ ਆਧੁਨਿਕ ਤਰੀਕਿਆਂ, ਵਾਤਾਵਰਣ ਸੁਰੱਖਿਆ ਉਪਾਵਾਂ ਤੇ ਊਰਜਾ ਸੰਭਾਲ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਇਸ ਵਿਦਿਅਕ ਯਾਤਰਾ ਨੂੰ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਅਨੁਭਵ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੇ ਟੂਰ ਵਿਦਿਆਰਥੀਆਂ ਦੇ ਗਿਆਨ ਨੂੰ ਵਿਹਾਰਕਤਾ ਨਾਲ ਜੋੜਦੇ ਹਨ ਤੇ ਉਨ੍ਹਾਂ ਨੂੰ ਭਵਿੱਖ ਲਈ ਬਿਹਤਰ ਦਿਸ਼ਾ ਪ੍ਰਦਾਨ ਕਰਦੇ ਹਨ।

# ਕੌਮਾਂਤਰੀ ਮਜ਼ਦੂਰ ਦਿਵਸ 'ਤੇ ਸਾਹਿਤਕ ਸਮਾਗਮ ਕਰਵਾਇਆ

### ਕਾਵਿ ਪੁਸਤਕ 'ਦਰਦਾਂ ਦਾ ਰੋਹ' ਲੋਕ ਅਰਪਨ



**ਸ਼ੇਰਪੁਰ (ਰਵੀ ਟਿੱਬਾ)**

ਸਹਿਤ ਸਭਾ ਸ਼ੇਰਪੁਰ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ 'ਤੇ ਕੇਂਦਰੀ ਪੰਜਾਬੀ ਲੇਖਕ ਸੇਖੋਂ ਦੇ ਸਹਿਯੋਗ ਨਾਲ ਵਿਸ਼ੇਸ਼ ਸਾਹਿਤਕ ਸਮਾਗਮ ਸੈਨਿਕ ਭਵਨ ਝਲੂਰ ਰੋਡ ਸ਼ੇਰਪੁਰ ਵਿਖੇ ਕਰਵਾਇਆ ਗਿਆ।ਪ੍ਰਧਾਨਗੀ ਮੰਡਲ ਵਿੱਚ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਸਰਪ੍ਰਸਤ ਸੁਖਦੇਵ ਸਿੰਘ ਔਲਖ, ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਹਰਜੀਤ ਸਿੰਘ ਕਾਤਿਲ, ਪ੍ਰਧਾਨ ਸਾਹਿਤ ਸਭਾ ਸ਼ੇਰਪੁਰ, ਨਾਹਰ ਸਿੰਘ ਮੁਬਾਰਕਪੁਰੀ ਪ੍ਰਧਾਨ ਮਲੇਰਕੋਟਲਾ, ਸੁਰਿੰਦਰ ਸ਼ਰਮਾ ਨਾਗਰਾ ਪ੍ਰਧਾਨ ਧੂਰੀ ਬਿਰਾਜਮਾਨ ਰਹੇ।ਸਮਾਗਮ ਦੀ ਸ਼ੁਰੂਆਤ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ 'ਕੀ ਕਰਨਾ ਲੋੜੀਏ' ਅੱਜ ਦੇ ਸੰਦਰਭ ਵਿੱਚ ਵਿਚਾਰ ਚਰਚਾ ਕਰਵਾਈ ਗਈ ਅਤੇ ਕਾਮਰੇਡ ਰਮੇਸ਼ ਜੈਨ ਦੀ ਕਾਵਿ ਪੁਸਤਕ 'ਦਰਦਾਂ ਦਾ ਰੋਹ' ਲੋਕ ਅਰਪਣ ਕੀਤੀ ਗਈ।ਕੌਮਾਂਤਰੀ ਮਜ਼ਦੂਰ ਦਿਵਸ 'ਤੇ ਮਾਸਟਰ ਹਰਬੰਸ ਸਿੰਘ ਸ਼ੇਰਪੁਰ ਪ੍ਰਧਾਨ ਸਿੱਖ ਬੁੱਧੀਜੀਵੀ ਮੰਚ ਪੰਜਾਬ, ਆਂਗਨਵਾੜੀ ਆਗੂ ਸਿੰਦਰ ਕੌਰ ਬੜੀ, ਬਲਦੇਵ ਸਿੰਘ ਪੇਦਨੀ, ਮਾ. ਮਹਿੰਦਰ ਪ੍ਰਤਾਪ, ਕਰਮਿੰਦਰ ਸਿੰਘ ਲਾਲੀ ਹੇੜੀਕੇ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ।ਪਵਨ ਹਰਚੰਦਪੁਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਸ਼ਹੀਦਾਂ ਨੇ ਜੋ ਪ੍ਰਾਪਤੀਆਂ ਕੀਤੀਆਂ ਸਨ, ਸਾਮਰਾਜੀ ਤਾਕਤਾਂ ਵੱਲੋਂ ਅੱਜ ਫਿਰ ਮਜ਼ਦੂਰੀ ਨੂੰ 8 ਘੰਟੇ ਤੋਂ ਵਧਾ ਕੇ ਮੁੜ 12 ਘੰਟੇ-18 ਘੰਟੇ ਕੀਤਾ ਜਾ ਰਿਹਾ ਹੈ, ਜਿਸ ਨਾਲ ਇਕਲਤਾ ਭਾਰੂ ਪੈ ਰਹੀ ਹੈ।

ਅਸੀਂ ਆਪਣਿਆਂ ਨਾਲੋਂ ਟੁੱਟ ਰਹੇ ਹਾਂ, ਜਿਸ ਲਈ ਸਾਨੂੰ ਮੁੜ ਇਕੱਠੇ ਹੋ ਕੇ ਆਉਣ ਵਾਲੇ ਸਮੇਂ 'ਚ ਸੰਘਰਸ਼ ਕਰਨੇ ਪੈਣਗੇ।ਉਹਨਾਂ ਕਿਹਾ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਨਾਲ ਜੁੜੇ ਲੇਖਕਾਂ ਨੇ ਹਮੇਸ਼ਾ ਸਮਾਜ ਲਈ ਲਿਖਿਆ ਅਤੇ ਗਾਇਆ ਹੈ ਅਤੇ ਸਾਮਰਾਜੀ ਵਿਚਾਰਧਾਰਾ ਨੂੰ ਠੁਕਰਾਇਆ ਹੈ ਜੋ ਕਵੀਆਂ ਦੀ ਸੋਚ ਨੂੰ ਮੌਜ ਮਸਤੀ ਅਤੇ ਆਪਣੇ ਆਪ-ਲਈ ਲਿਖਣ ਲਈ ਪ੍ਰੇਰਿਤ ਕਰਦੀ ਹੈ।ਹਰਚੰਦਪੁਰੀ ਨੇ ਇਸ ਮੌਕੇ ਪਹਿਲਗਾਮ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਇਸ ਅੱਤਵਾਦੀ ਕਰੂਰਤਾ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ।ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਲੇਖਕ ਸੁਖਦੇਵ ਸਿੰਘ ਔਲਖ ਨੇ ਬਾਖੂਬੀ ਨਿਭਾਈ।ਸਮਾਗਮ ਦੌਰਾਨ ਹਾਜ਼ਰੀਨ ਕਵੀਆਂ ਨੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਪ੍ਰਸਿੱਧ ਗੀਤਕਾਰ ਰਜਿੰਦਰ ਸਿੰਘ ਗਿੱਲ, ਸੁਖਦੇਵ ਸਿੰਘ ਸੁੱਖੀ ਅਲਾਲ, ਨਾਹਰ ਸਿੰਘ ਮੁਬਾਰਕਪੁਰੀ, ਅਮਰਜੀਤ ਸਿੰਘ ਅਮਨ ਧੂਰੀ, ਮੁਖਤਿਆਰ ਅਲਾਲ, ਰਜਿੰਦਰ ਸਿੰਘ, ਭੋਲਾ ਸਿੰਘ ਟਿੱਬਾ, ਬਲਵੰਤ ਕੌਰ ਘਨੌਰੀ ਕਲਾਂ, ਪਤਰਾਮ ਸਿੰਘ ਦੀਦਾਰਗੜ੍ਹ, ਕਾਮਰੇਡ ਰਮੇਸ਼ ਜੈਨ ਧੂਰੀ, ਸੁਖਵਿੰਦਰ ਸਿੰਘ ਸੁੱਖੀ, ਜਗਸੀਰ ਸਿੰਘ ਜੱਗੀ ਮੂਲੋਵਾਲ, ਡਾ. ਰਣਜੀਤ ਸਿੰਘ ਕਾਲਾ ਬੂਲਾ, ਬਹਾਦਰ ਸਿੰਘ ਸਾਬਕਾ ਪੰਚ, ਦਰਸ਼ਨ ਸਿੰਘ ਬਾਜਵਾ, ਹਰਨੇਕ ਸਿੰਘ ਸ਼ੇਰਪੁਰੀ, ਅਮਰਜੀਤ ਸਿੰਘ ਖਹਿਰਾ, ਡਾ. ਭਰਭੂਰ ਸਿੰਘ ਭੱਠਲ, ਪ੍ਰਤਾਪ ਸਿੰਘ, ਖੁਸ਼ਪਾਲ ਔਲਖ, ਬਲਦੇਵ ਸਿੰਘ ਘਨੌਰੀ ਖੁਰਦ, ਤੇਜਿੰਦਰ ਸਿੰਘ ਨੰਬਰਦਾਰ, ਰਵੀ ਟਿੱਬਾ ਤੋਂ ਇਲਾਵਾ ਹੋਰ ਵੀ ਪਤਵੰਤੇ ਮੌਜੂਦ ਸਨ।ਅਖੀਰ ਵਿੱਚ ਸਭਾ ਦੇ ਪ੍ਰਧਾਨ ਹਰਜੀਤ ਸਿੰਘ ਕਾਤਿਲ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

# ਬੀ ਬੀ ਐੱਮ ਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਨਾਲ ਧੱਕੇਸ਼ਾਹੀ : ਲਾਲ ਸਿੰਘ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਲਾਲ ਸਿੰਘ ਨੇ ਬੀ ਬੀ ਐੱਮ ਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ।ਉਨ੍ਹਾਂ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ, ਯਮੁਨਾ, ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸਬੰਧਿਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਹੱਥ ਲੈਣ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।ਲਾਲ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ 4000 ਕਿਊਸਕ ਪਾਣੀ ਦਿੱਤਾ ਜਾ ਰਿਹਾ ਹੈ ਪਰ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀ ਬੀ ਐੱਮਬੀ ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ, ਜਿਸ ਕਾਰਨ ਇਹ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਲਾਲ ਸਿੰਘ ਨੇ ਕਿਹਾ ਕਿ ਪੰਜਾਬ ਸਮੇਤ ਪੂਰੇ ਉੱਤਰ ਪੱਛਮੀ ਭਾਰਤ 'ਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿਗਦਾ ਜਾ ਰਿਹਾ ਹੈ, ਜਿਸ ਕਾਰਨ ਖੇਤੀ ਸਮੇਤ ਹੋਰ ਖੇਤਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹਿਰੀ ਪਾਣੀ 'ਤੇ ਨਿਰਭਰਤਾ ਅਣਸਰਦੀ ਲੋੜ ਹੈ।ਇਸ ਲੋੜ ਨੂੰ ਪੂਰਾ ਕਰਨ ਲਈ ਜਿੱਥੇ ਇੱਕ ਪਾਸੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਹੈ, ਉੱਥੇ ਦੂਜੇ ਪਾਸੇ ਦਰਿਆਵਾਂ ਦੇ ਅਜਾਈ ਜਾ ਰਹੇ ਪਾਣੀ ਦੀ ਢੁੱਕਵੀਂ ਸੰਭਾਲ ਅਤੇ ਵਰਤੋਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਗੰਗਾ ਦੀ ਸਹਾਇਕ ਨਦੀ ਸ਼ਾਰਧਾ ਦੇ ਅਜਾਈ ਜਾ ਰਿਹਾ ਪਾਣੀ ਜੋ ਕਿ ਬਰਸਾਤਾਂ ਸਮੇਂ ਹੜ੍ਹਾਂ ਦਾ ਕਾਰਨ ਵੀ ਬੱਣਦਾ ਹੈ, ਨੂੰ ਸੰਭਾਲ ਕੇ ਵਰਤਣ ਦੀ ਲੋੜ ਹੈ।ਇਸ ਪਾਣੀ ਨੂੰ ਵਰਤਣ ਲਈ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਕੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ

## ਅੱਧਾ ਕਿੱਲੋ ਹੈਰੋਇਨ ਸਮੇਤ ਇੱਕ ਕਾਬੂ

**ਬਠਿੰਡਾ (ਰਾਜੀਵ ਗੋਇਲ)**-ਜਿਲ੍ਹਾ ਪੁਲਸ ਕਪਤਾਨ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਡੀ.ਐਸ.ਪੀ ਫੂਲ ਪ੍ਰਦੀਪ ਸਿੰਘ ਦੀ ਅਗਵਾਈ ਹੇਠ ਸੀ.ਆਈ.ਏ 1 ਦੀ ਟੀਮ ਵੱਲੋਂ ਜ਼ਿਲ੍ਹੇ ਦੇ ਪਿੰਡ ਕੋਠਾਗੁਰੂ ਨਾਲ ਸੰਬੰਧਤ ਇੱਕ ਨੌਜਵਾਨ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਡੀ.ਐਸ.ਪੀ ਫੂਲ ਪ੍ਰਦੀਪ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਲੈ ਕੇ ਪੁਲਸ ਪ੍ਰਸ਼ਾਸਨ ਪੂਰਾ ਮੁਸਤੈਦ ਹੈ, ਜਿਸ ਦੇ ਅਧਾਰ 'ਤੇ ਹੀ ਅੱਜ ਇਹ ਰਿਕਵਰੀ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਕਾਬੂ ਕੀਤੇ ਗਏ ਨੌਜਵਾਨ ਦੀ ਪਹਿਚਾਣ ਲਵਪ੍ਰੀਤ ਸਿੰਘ ਪੁੱਤਰ ਰਾਜਿੰਦਰ ਸਿੰਘ ਵਾਸੀ ਕੋਠਾਗੁਰੂ ਵਜੋਂ ਹੋਈ ਹੈ, ਜਿਸ ਪਾਸੋਂ ਇੱਕ ਮੋਟਰਸਾਈਕਲ ਵੀ ਬਰਾਮਦ ਕੀਤਾ ਗਿਆ ਹੈ।

ਉਹਨਾਂ ਦੱਸਿਆ ਕਿ ਕਾਬੂ ਕੀਤੇ ਨੌਜਵਾਨ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਜਿਉਂਦ ਸਮੇਤ ਜ਼ਮੀਨ ਬਚਾਓ ਘੋਲ ਤੇਜ਼ ਕੀਤਾ ਜਾਵੇਗਾ : ਉਗਰਾਹਾਂ

### 6 ਨੂੰ ਬੱਲੋ ਵਿਖੇ ਮੁੱਖ ਮੰਤਰੀ ਦੇ ਵਿਰੋਧ ਦਾ ਐਲਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ, ਮੁਲਾਜ਼ਮਾਂ 'ਤੇ ਕੀਤੇ ਜਾ ਰਹੇ ਜਬਰ ਦਾ ਸਖਤ ਵਿਰੋਧ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੂਬਾ ਕਮੇਟੀ ਦੀ ਵਧਵੀਂ ਮੀਟਿੰਗ ਪਿੰਡ ਜਿਉਂਦ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ ਅਤੇ ਐਲਾਨ ਕੀਤਾ ਕਿ 6 ਮਈ ਨੂੰ ਮੁੱਖ ਮੰਤਰੀ ਦਾ ਪਿੰਡ ਬੱਲੋ ਆਉਣ 'ਤੇ ਸਖਤ ਵਿਰੋਧ ਕੀਤਾ ਜਾਵੇਗਾ। ਮੀਟਿੰਗ ਵਿੱਚ ਸੂਬਾ ਆਗੂਆਂ ਨੇ ਪੰਜਾਬ ਸਰਕਾਰ ਦੇ ਜਬਰ ਦੀਆਂ ਕੁਝ ਘਟਨਾਵਾਂ ਸਾਂਝੀਆਂ ਕੀਤੀਆਂ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਸੇ ਤਰ੍ਹਾਂ ਜਬਰ ਦੀ ਘਟਨਾਵਾਂ ਸਾਂਝੇ ਕਰਦੇ ਕਿਹਾ ਕਿ ਕਿਵੇਂ ਪਿੰਡ ਅਖਾੜਾ (ਲੁਧਿਆਣਾ) ਵਿੱਚ ਕਿਸਾਨਾਂ 'ਤੇ ਜਬਰ ਕੀਤਾ ਗਿਆ, ਪਿੰਡ ਦੁਨੇਆਣਾ ਤੇ ਲੇਲੇਵਾਲਾ ਵਿੱਚ ਬਿਨਾਂ ਪੈਸੇ ਦਿੱਤੇ ਜਾਂ ਨਿਗੂਣਾ ਮੁਆਵਜ਼ਾ ਦੇ ਕੇ ਜ਼ਮੀਨ ਅਕਵਾਇਰ ਕਰਕੇ ਕਿਸਾਨਾਂ ਤੋਂ ਜ਼ਮੀਨ ਖੋਹਣ ਲਈ ਪੁਲਸ ਵੱਲੋਂ ਜਬਰ ਕੀਤਾ ਗਿਆ। ਪਿੰਡ ਭੂੰਦੜੀ ਵਿੱਚ ਕਿਸਾਨਾਂ 'ਤੇ ਜਬਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਜਬਰ ਖਿਲਾਫ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪੰਜਾਬ ਸਰਕਾਰ ਦੇ ਮੰਤਰੀਆਂ ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ/ ਅਹੁਦੇਦਾਰਾਂ ਦਾ ਪਿੰਡਾਂ ਵਿੱਚ ਆਉਣ 'ਤੇ ਸਵਾਲਾਂ ਤੇ ਕਾਲੀਆਂ ਝੰਡੀਆਂ ਰਾਹੀਂ ਵਿਰੋਧ ਕੀਤਾ ਜਾਵੇਗਾ।

6 ਮਈ ਨੂੰ ਪਿੰਡ ਬੱਲੋ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ 'ਤੇ ਜ਼ਬਰਦਸਤ ਵਿਰੋਧ ਕੀਤਾ ਜਾਵੇਗਾ। ਸਰਕਾਰ ਦੇ ਇਸ ਜਬਰ ਦਾ ਹੋਰ ਪਰਦਾ ਚੁੱਕਣ ਲਈ 4 ਮਈ ਨੂੰ ਜਲੰਧਰ ਵਿਖੇ ਕਿਸਾਨਾਂ, ਮੁਲਾਜ਼ਮਾਂ ਤੇ ਦੁਕਾਨਦਾਰਾਂ ਵੱਲੋਂ ਸਾਂਝੀ ਕਨਵੈਨਸ਼ਨ ਕੀਤੀ ਜਾਵੇਗੀ, 13 ਮਈ ਨੂੰ ਸੰਗਰੂਰ, ਬਠਿੰਡਾ ਤੇ ਜਗਰਾਓਂ (ਮੋਗਾ) ਵਿਖੇ ਵਿਸ਼ਾਲ ਰੈਲੀਆਂ ਤੇ ਰੋਸ ਮੁਜ਼ਾਹਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕੇ ਅੱਜ ਮਜ਼ਦੂਰ ਦਿਵਸ ਤੇ ਰਾਤ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਸਮਾਗਮ ਵਿੱਚ ਵੀ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂ ਨੇ ਕਿਹਾ ਕਿ ਇਹ ਜ਼ਮੀਨਾਂ ਦਾ ਮਸਲਾ ਇਕੱਲੇ ਜਿਉਂਦ ਪਿੰਡ ਦਾ ਨਹੀਂ ਹੈ, ਕਿਉਂਕਿ ਜ਼ਮੀਨਾਂ ਦਾ ਤਾਂ ਸੈਂਕੜੇ ਪਿੰਡਾਂ ਦਾ ਮਸਲਾ ਹੈ, ਕਿਉਂਕਿ ਜ਼ਮੀਨਾਂ ਦੀਆਂ ਕਿਸਮਾਂ ਜਿਵੇਂ ਕਿ ਨਜ਼ੂਲ ਦੀਆਂ, ਆਹਲਾ ਮਾਲਕੀ, ਜੁਮਲਾ ਮਾਲਕੀ, ਸ਼ਾਮਲਾਤ ਤੇ ਪੰਚਾਇਤੀ ਜ਼ਮੀਨਾਂ ਦਾ ਮਸਲਾ ਵੀ ਸ਼ਾਮਲ ਹੈ। ਸਟੇਜ ਦੀ ਕਾਰਵਾਈ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਨੇ ਨਿਭਾਈ।

## ਅਕੇਡੀਆ ਵਰਲਡ ਸਕੂਲ 'ਚ ਕਹਾਣੀ ਉਚਾਰਨ ਮੁਕਾਬਲਾ





**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਥਾਨਕ ਅਕੇਡੀਆ ਵਰਲਡ ਸਕੂਲ ਵਿਖੇ ਹੋਏ ਕਹਾਣੀ ਮੁਕਾਬਲੇ 'ਚ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਇਹ ਮੁਕਾਬਲਾ ਪਹਿਲੀ ਐਸਟਰ ਤੇ ਲਾਇਲੈਕ ਦੇ ਵਿਦਿਆਰਥੀਆਂ ਵਿਚਕਾਰ ਹੋਇਆ।ਵਿਦਿਆਰਥੀਆਂ ਨੇ ਕਹਾਣੀ ਮੁਕਾਬਲੇ 'ਚ ਬੜੇ ਉਤਸ਼ਾਹ ਤੇ ਆਤਮ ਵਿਸ਼ਵਾਸ ਨਾਲ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਕਹਾਣੀਆਂ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ।ਬੱਚਿਆਂ ਨੇ ਵੱਖ-ਵੱਖ ਤਰੀਕੇ ਦੇ ਪਰੋਪਸ ਦੀ ਵਰਤੋਂ ਕਰਕੇ ਕਹਾਣੀ ਨੂੰ ਰੋਮਾਂਚਕ ਬਣਾਇਆ। ਇਸ ਮੁਕਾਬਲੇ 'ਚੋਂ ਪਹਿਲੀ ਐਸਟਰ ਕਲਾਸ ਦੀ ਵਿਦਿਆਰਥਣ ਮਹਿਤਾਬ ਕੌਰ ਨੇ ਪਹਿਲਾ, ਅਵਨੀਤ ਕੌਰ ਨੇ ਦੂਜਾ ਤੇ ਹੈਵਿਸ਼ਨੂਰ ਸਿੰਘ ਤੇ ਭਵਮੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੁਕਾਬਲੇ ਦੀ ਜੱਜਮੈਂਟ ਪੰਜਾਬੀ ਵਿਭਾਗ ਦੇ ਐੱਚ.ਓ.ਡੀ. ਗੁਰਪ੍ਰੀਤ ਕੌਰ ਦੁਆਰਾ ਕੀਤੀ ਗਈ।ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਵਿਦਿਆਰਥੀਆਂ ਦੀ ਮਿਹਨਤ ਤੇ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ ਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਵੱਖ-ਵੱਖ ਸਰਗਮੀਆਂ ਕਰਵਾ ਕੇ ਬੱਚਿਆਂ ਦੇ ਹੁਨਰ ਨੂੰ ਹੋਰ ਨਿਖਾਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ ਤਾਂ ਜੋ ਬੱਚਿਆਂ ਨੂੰ ਭਵਿੱਖ ਵਿੱਚ ਆਤਮ-ਵਿਸ਼ਵਾਸ ਨਾਲ ਗੁਜ਼ਰਣ ਯੋਗ ਬਣਾਇਆ ਜਾ ਸਕੇ।ਇਸ ਮੌਕੇ ਮੈਡਮ ਬਲਦੀਪ ਕੌਰ, ਰੁਪਿੰਦਰ ਕੌਰ ਤੇ ਸਿਮਰਨਜੀਤ ਕੌਰ ਮੌਜੂਦ ਸਨ।

## ਐਡਵੋਕੇਟ ਰਕੇਸ਼ ਗੁਪਤਾ ਨੂੰ ਬਾਰ ਕੌਂਸਲ ਦਾ ਚੇਅਰਮੈਨ ਬਣਨ 'ਤੇ ਵਧਾਈ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਟਿਆਲਾ ਦੇ ਸੀਨੀਅਰ ਐਡਵੋਕੇਟ ਰਕੇਸ਼ ਗੁਪਤਾ ਨੂੰ ਬਾਰ ਕੌਂਸਲ ਪੰਜਾਬ ਤੇ ਹਰਿਆਣਾ ਦਾ ਚੇਅਰਮੈਨ ਬਣਨ 'ਤੇ ਸਮਾਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਵਕੀਲਾਂ ਦੇ ਇੱਕ ਵਫਦ ਨੇ ਮੂੰਹ ਮਿੱਠਾ ਕਰਵਾ ਕੇ ਮੁਬਾਰਕਬਾਦ ਦਿੱਤੀ।ਨਵਦੀਪ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਡਵੋਕੇਟ ਰਕੇਸ਼ ਗੁਪਤਾ ਪਹਿਲਾਂ ਵੀ ਬਾਰ ਕੌਂਸਲ ਦੇ ਚੇਅਰਮੈਨ ਰਹਿ ਚੁੱਕੇ ਹਨ, ਜੋ ਬੜੇ ਮਿੱਠ ਬੋਲੜੇ ਤੇ ਨਿੱਘੇ ਸੁਭਾਅ ਦੇ ਵਿਅਕਤੀ ਹਨ, ਜੋ ਵਕੀਲਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ।ਉਹ ਜੂਨੀਅਰ ਵਕੀਲਾਂ ਤੇ ਸੀਨੀਅਰ ਵਕੀਲਾਂ ਵਿੱਚ ਕੋਈ ਭਿੰਨ ਭੇਦ ਨਹੀਂ ਸਮਝਦੇ, ਜੂਨੀਅਰ ਵਕੀਲਾਂ ਨੂੰ ਵੀ ਸੀਨੀਅਰ ਵਕੀਲਾਂ ਵਾਂਗ ਪਿਆਰ ਸਤਿਕਾਰ ਦਿੰਦੇ ਹਨ, ਇਸੇ ਕਰਕੇ ਉਨ੍ਹਾਂ ਨੂੰ ਦੁਬਾਰਾ ਫਿਰ ਬਾਰ ਕੌਂਸਲ ਪੰਜਾਬ ਤੇ ਹਰਿਆਣਾ ਦਾ ਚੇਅਰਮੈਨ ਚੁਣਿਆ ਗਿਆ ਹੈ। ਇਸ ਮੌਕੇ ਐਡਵੋਕੇਟਸ ਪਰਮਿੰਦਰ ਸਿੰਘ ਕੰਡਾ, ਹਰਿੰਦਰਪਾਲ ਸਿੰਘ ਹੈਪੀ, ਗੁਰਬਾਜ ਸਿੰਘ, ਅਨਮੋਲ ਘਈ, ਹਰਕੀਰਤ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

# ਇੰਸਟੀਚਿਊਸ਼ਨਜ਼ ਇਨੋਵੇਸ਼ਨ ਕਾਊਂਸਲ ਦਾ ਹੋਇਆ ਗਠਨ





**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਐਜੂਕੇਸ਼ਨ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਮਾਲਵੇ ਖਿੱਤੇ ਦੀ ਨਾਮਵਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇਸਟਿਊਸ਼ਨਜ਼ ਢੱਡੇ ਵੱਲੋਂ ਸੰਸਥਾ ਦੀ ਇਨੋਵੇਸ਼ਨ ਕੌਂਸਲ (ਇਨਸਟਿਊਸ਼ਨਜ਼ ਇਨੋਵੇਸ਼ਨ ਕਾਊਂਸਲ) ਦਾ ਗਠਨ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਨੇ ਕਿਹਾ ਕਿ ਇਹ ਕੌਂਸਲ ਮੀਡੀਆਂ ਦੇ ਹਰ ਪਲੇਟਫਾਰਮ ਤੇ ਸੰਸਥਾਂ ਦੇ ਹਰੇਕ ਗਤੀਵਿਧੀ ਦੀ ਜਾਣਕਾਰੀ ਦੇ ਕੇ ਸਮਾਜ ਵਿੱਚ ਚੰਗੇ ਸਰੋਕਾਰ ਸਿਰਜਣ ਵਿੱਚ ਆਪਣਾ ਯੋਗਦਾਨ ਪਾਵੇਗੀ।ਸੰਸਥਾ ਦੇ ਐੱਮ ਡੀ ਗੁਰਵਿੰਦਰ ਸਿੰਘ ਬੱਲੀ ਨੇ ਕਿਹਾ ਕਿ ਤਕਨਾਲਜੀ ਦੇ ਇਸ ਯੁੱਗ 'ਚ ਸੋਸ਼ਲ ਮੀਡੀਆ ਨਾਲ ਜੁੜਨਾ ਸਮੇਂ ਦੀ ਲੋੜ ਬਣਦਾ ਜਾ ਰਿਹਾ ਹੈ।ਸੰਸਥਾ ਦੀ ਹਰ ਇੱਕ ਗਤੀਵਿਧੀ ਨੂੰ ਘੱਟ ਸਮੇਂ ਵਿੱਚ ਦੂਜੀਆਂ ਥਾਵਾਂ ਤੇ ਪਹੁੰਚਾਉਣ ਲਈ ਸੋਸ਼ਲ ਮੀਡੀਆਂ ਦੇ ਵੱਖ-ਵੱਖ ਪਲੇਟਫਾਰਮ ਹੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਕੌਂਸਲ ਦੇ ਪ੍ਰੈਜ਼ੀਡੈਂਟ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਅਤੇ ਵਾਈਸ-ਪ੍ਰੈਜ਼ੀਡੈਂਟ ਰਾਜ ਸਿੰਘ ਬਾਘਾ ਨੂੰ ਬਣਾਇਆ ਗਿਆ।ਇਸ ਮੌਕੇ ਕੰਪਿਊਟਰ ਵਿਭਾਗ ਦੇ ਮੁੱਖੀ ਪ੍ਰੋ. ਰਣਜੀਤ ਕੌਰ ਨੂੰ ਕੌਂਸਲ ਦਾ ਕਨਵੀਨਰ ਲਗਾਇਆ ਗਿਆ ਅਤੇ ਹਰਦੀਪ ਸਿੰਘ ਨੂੰ ਸੋਸ਼ਲ ਮੀਡੀਆ ਕੁਆਰਡੀਨੇਟਰ ਲਗਾਇਆ ਗਿਆ।ਇਸ ਤੋਂ ਇਲਾਵਾਂ ਪ੍ਰੋ. ਰੁਪਿੰਦਰ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਕਿਰਨ ਜੋਤ, ਪ੍ਰੋ. ਮਨਿੰਦਰਪ੍ਰੀਤ ਕੌਰ ਕੌਂਸਲ ਦੇ ਅਕੈਟਵਿਟੀ ਕੋਆਰਡੀਨੇਟਰ ਨਿਯੁਕਤ ਕੀਤੇ ਗਏ।ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੌਂਸਲ ਵਿੱਚ ਹਰ ਇੱਕ ਕਲਾਸ 'ਚੋਂ ਇੱਕ-ਇੱਕ ਵਿਦਿਆਰਥਣ ਦੀ ਚੋਣ ਕਰਕੇ ਉਕਤ ਕੌਂਸਲ ਦਾ ਹਿੱਸਾ ਬਣਾਇਆ ਗਿਆ। ਇਸ ਵਿੱਚ ਸੰਸ਼ਥਾ ਦੀ ਹੋਣਹਾਰ ਵਿਦਿਆਰਥਣ ਖੁਸ਼ਕਿਰਨਪ੍ਰੀਤ ਕੌਰ ਬੀ ਐੱਸ ਸੀ ਐਫ ਟੀ ਭਾਗ ਤੀਜੇ ਦੀ ਵਿਦਿਆਰਥਣ ਨੂੰ ਸਟੂਡੈਂਟ ਕਨਵੀਨਰ ਲਗਾਇਆ ਗਿਆ।ਇਸ ਤੋਂ ਇਲਾਵਾ ਰਮਨਦੀਪ ਕੌਰ ਬੀ ਐੱਸ ਸੀ ਐਫ ਟੀ ਭਾਗ ਤੀਜੇ, ਜਸਨਪ੍ਰੀਤ ਕੌਰ ਬੀ ਕਾਮ ਭਾਗ ਪਹਿਲੇ, ਜਸਨਪ੍ਰੀਤ ਕੌਰ ਬੀ ਐੱਸ ਸੀ ਭਾਗ ਪਹਿਲੇ, ਖੁਸ਼ਪ੍ਰੀਤ ਕੌਰ ਬੀ ਏ ਭਾਗ ਪਹਿਲੇ, ਨਵਦੀਪ ਕੌਰ, ਅਰਸ਼ਦੀਪ ਕੌਰ, ਰੁਪਿੰਦਰ ਕੌਰ, ਨਵਜੋਤ ਕੌਰ ਬੀ ਸੀ ਏ ਭਾਗ ਪਹਿਲੇ, ਬਬੀਤਾ ਪੀ ਜੀ ਡੀ ਸੀ ਏ ਭਾਗ ਪਹਿਲੇ, ਹੁਸਨਪ੍ਰੀਤ ਕੌਰ, ਜਸਨਪ੍ਰੀਤ ਕੌਰ, ਸੁਖਪ੍ਰੀਤ ਕੌਰ ਕੌਂਸਲ ਦੇ ਮੈਂਬਰਾਂ ਵੱਜੋਂ ਨਿਯੁਕਤ ਕੀਤਾ ਗਿਆ।

ਸੰਸਥਾ ਦੇ ਪ੍ਰਿੰਸੀਪਲ ਅਤੇ ਕੌਂਸਲ ਦੇ ਵਾਈਸ-ਪ੍ਰੈਜ਼ੀਡੈਂਟ ਵੱਲੋਂ ਮਿਤੀ 26-04-2025 ਨੂੰ ਕੌਂਸਲ ਦੀ ਪਹਿਲੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਲੱਗਭਗ ਕੌਂਸਲ ਦੇ 22 ਮੈਂਬਰ ਹਾਜ਼ਰ ਸਨ। ਮੀਟਿੰਗ ਮੌਕੇ ਸੰਸਥਾ ਦੇ ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ ਵੀ ਸ਼ਾਮਲ ਹੋਏ।ਇਸ ਕੌਂਸਲ ਲਈ ਸੰਸਥਾ ਦੇ ਡਾਇਰੈਕਟਰ ਸਿੰਬਲਜੀਤ ਕੌਰ ਅਤੇ ਖ਼ਜ਼ਾਨਚੀ ਪ੍ਰਸ਼ੋਤਮ ਕੌਰ ਨੇ ਭਰਪੂਰ ਸ਼ਲਾਘਾ ਕੀਤੀ।

## ...ਸਫ਼ਾ 1 ਦੇ ਬਾਕੀ

### ਦਲਿਤਾਂ ਦੀਆਂ ਸੌ ਮਰਜ਼ਾਂ...

ਅੱਜ ਤੱਕ ਇਸ ਸਿਸਟਮ ਨੂੰ ਕਾਇਮ ਰੱਖਿਆ ਗਿਆ ਹੈ। ਕਬੀਲਾ ਯੁੱਗ ਵਿੱਚ ਯੁੱਧਾਂ ਵਿੱਚ ਹਾਰੇ ਹੋਏ ਕਬੀਲਿਆਂ ਨੂੰ ਗੁਲਾਮ ਬਣਾ ਲਿਆ ਜਾਂਦਾ ਸੀ। ਹੋਰ ਦੇਸ਼ਾਂ ਵਿੱਚ ਤਾਂ ਵਕਤ ਗੁਜ਼ਰਨ ਨਾਲ ਗੁਲਾਮਦਾਰੀ ਮੁੱਕ ਗਈ, ਪਰ ਭਾਰਤ ਵਿੱਚ ਇਹ ਵੱਖਰੇ ਰੂਪ ਵਿੱਚ ਅੱਜ ਵੀ ਬਰਕਰਾਰ ਹੈ। ਉਦੋਂ ਦੇ ਹਾਰੇ ਹੋਏ ਕਬੀਲੇ ਹੀ ਅੱਜ ਦੇ ਦਲਿਤ ਹਨ।

ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਦੀ ਗੱਲ ਕਰਦਿਆਂ ਮਾਲੜੀ ਨੇ ਕਿਹਾ ਕਿ ਉਨ੍ਹਾਂ ਹਾਰੇ ਹੋਏ ਰਾਜੇ-ਮਹਾਰਾਜਿਆਂ ਨੂੰ ਤਾਂ ਉਪਾਧੀਆਂ ਦੇ ਕੇ ਆਪਣੇ ਵਿੱਚ ਮਿਲਾ ਲਿਆ, ਪਰ ਗੁਲਾਮਾਂ ਨੂੰ ਗੁਲਾਮ ਹੀ ਰੱਖਿਆ। ਇਹ ਸਿਲਸਿਲਾ ਚਲਦਾ-ਚਲਦਾ 1947 ਆ ਗਿਆ। ਆਜ਼ਾਦੀ ਤੋਂ ਬਾਅਦ ਵੀ ਦਲਿਤਾਂ ਨੂੰ ਜ਼ਮੀਨਾਂ ਤੋਂ ਵਿਰਵੇ ਹੀ ਰੱਖਿਆ ਗਿਆ। ਉਹਨਾ ਕਿਹਾ ਕਿ ਭਾਰਤ ਵਿੱਚ ਜਾਤ-ਪਾਤ ਸਿਸਟਮ ਨੂੰ ਪੱਕਾ ਰੱਖਣ ਲਈ ਮਨੂ ਸਿਮਰਤੀ ਜ਼ਿੰਮੇਵਾਰ ਹੈ। ਅੱਜ ਵੀ ਹਾਕਮ ਮਨੂ ਸਿਮਰਤੀ ਅਨੁਸਾਰ ਹੀ ਕਾਰਜਸ਼ੀਲ ਹਨ। ਇਸ ਵਿਚਾਰਧਾਰਾ ਨੂੰ ਰੱਦ ਕਰਨਾ ਹੋਵੇਗਾ। ਇਹ ਗੱਲ ਸਾਡੀ ਸਮਝ ਦਾ ਹਿੱਸਾ ਹੋਣੀ ਚਾਹੀਦੀ ਹੈ ਕਿ ਜ਼ਮੀਨ ਪ੍ਰਾਪਤੀ ਹੀ ਦਲਿਤ ਵਰਗ ਦੇ ਹਾਲਾਤ ਸੁਧਾਰੇਗੀ।ਸਵਾਲ-ਜਵਾਬ ਦਾ ਦੌਰ ਵੀ ਵਿਚਾਰ-ਚਰਚਾ ਦਾ ਮਹੱਤਵਪੂਰਨ ਹਿੱਸਾ ਹੋ ਨਿਬੜਿਆ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਗਿਆਨ ਸੈਦਪੁਰੀ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹਰਪਾਲ ਬਿੱਟਾ ਦੀ ਪ੍ਰਧਾਨਗੀ ਹੇਠ ਹੋਈ ਵਿਚਾਰ-ਚਰਚਾ ਨੂੰ ਸਮੇਟਦਿਆਂ ਮਾਸਟਰ ਰਜਿੰਦਰ ਭਦੌੜ ਨੇ ਕਿਹਾ ਕਿ ਵਿਚਾਰ-ਚਰਚਾ ਨੇ ਸਾਨੂੰ ਮਜ਼ਦੂਰ ਜਮਾਤ ਦੀ ਬੰਦਖਲਾਸੀ ਲਈ ਸਾਂਝੀ ਸਰਗਮੀ ਲਈ ਪ੍ਰੇਰਨਾ ਦਿੱਤੀ ਹੈ।ਉਨ੍ਹਾ ਧਾਰਮਿਕਤਾ ਦੇ ਨਕਾਰਾਤਮਿਕ ਪੱਖਾਂ 'ਤੇ ਵੀ ਰੌਸ਼ਨੀ ਪਾਈ। ਉਹਨਾ ਸਮਾਜ ਅੰਦਰ ਚੇਤਨਤਾ ਦੀ ਘਾਟ ਦੀ ਗੱਲ ਕਰਦਿਆਂ ਕਿਹਾ ਕਿ ਇਸ ਨੂੰ ਹੁਲਾਰਾ ਦੇਣ ਲਈ ਵੱਡੇ ਯਤਨਾਂ ਦੀ ਲੋੜ ਹੈ।

ਵਿਚਾਰ-ਚਰਚਾ ਵਿੱਚ ਤਰਕਸ਼ੀਲ ਆਗੂ ਸੁਖਵਿੰਦਰ ਬਾਗਪੁਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਸੁਖਜਿੰਦਰ ਲਾਲੀ ਆਦਿ ਨੇ ਵੀ ਹਿੱਸਾ ਲਿਆ। ਇਸ ਮੌਕੇ ਦੂਰਦਰਸ਼ਨ ਦੇ ਪ੍ਰੋਗਰਾਮ ਐਂਕਰ ਡਾ. ਨਗਿੰਦਰ ਸਿੰਘ ਬਾਂਸਲ, ਤਰਕਸ਼ੀਲ ਆਗੂ ਪਾਲ ਬਾਗਪੁਰ, ਜਮਹੂਰੀ ਅਧਿਕਾਰ ਸਭਾ ਦੇ ਸੂਬਾ ਕਮੇਟੀ ਮੈਂਬਰ ਗੁਰਮੀਤ ਕੋਟਲੀ, ਸ਼ਾਇਰ ਮੋਹਣ ਮਤਿਆਲਵੀ, ਅਮਨ ਬਾਗਪੁਰ, ਅਸ਼ਵਨੀ ਕੁਮਾਰ ਭੁੱਟੋ, ਬਿੱਟੂ ਰੁਪੇਵਾਲੀ, ਨਿਰਮਲ ਸਿੰਘ ਮਲਸੀਆਂ, ਸਤਨਾਮ ਸਿੰਘ ਨੀਟਾ, ਡਾ. ਰੇਸ਼ਮ, ਮਾਸਟਰ ਸੁਖਵਿੰਦਰ ਪ੍ਰੀਤ ਸਿੰਘ ਆਦਿ ਵੀ ਮੌਜੂਦ ਸਨ।

### ਪਾਣੀਆਂ 'ਤੇ ਡਾਕਾ...

ਭੂੰਦੜ ਨੇ ਕਿਹਾ ਕਿ ਪਾਣੀਆਂ ਦਾ ਮਸਲਾ ਹਮੇਸ਼ਾ ਕੇਂਦਰ ਨੇ ਹੀ ਉਲ਼ਝਾਇਆ ਹੈ ਤੇ ਉਸ ਨੂੰ ਹੀ ਹੱਲ ਕਰਨਾ ਚਾਹੀਦਾ ਹੈ। ਕਾਂਗਰਸ ਨੇਤਾ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਮੁੱਦੇ 'ਤੇ ਅਧਿਕਾਰ ਮੁੱਖ ਮੰਤਰੀ ਨੂੰ ਦੇ ਦਿੱਤੇ ਹਨ।

ਮੀਟਿੰਗ ਵਿੱਚ ਸੀ ਪੀ ਆਈ ਵੱਲੋਂ ਬੰਤ ਸਿੰਘ ਬਰਾੜ, ਕਾਂਗਰਸ ਵੱਲੋਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਰਾਣਾ ਕੇ ਪੀ ਸਿੰਘ, ਅਕਾਲੀ ਦਲ ਵੱਲੋਂ ਬਲਵਿੰਦਰ ਸਿੰਘ ਭੂੰਦੜ ਤੇ ਦਲਜੀਤ ਸਿੰਘ ਚੀਮਾ, ਭਾਜਪਾ ਵੱਲੋਂ ਸੁਨੀਲ ਜਾਖੜ ਤੇ ਮਨੋਰੰਜਨ ਕਾਲੀਆ, ਬਸਪਾ ਵੱਲੋਂ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਵਿਧਾਇਕ ਡਾ. ਨਛੱਤਰ ਪਾਲ ਤੇ ਅਜੀਤ ਸਿੰਘ ਭੈਣੀ ਤੋਂ ਇਲਾਵਾ ਸੀ ਪੀ ਆਈ (ਐੱਮ) ਵੱਲੋਂ ਸੁਖਵਿੰਦਰ ਸਿੰਘ ਸੇਖੋਂ ਤੇ ਆਮ ਆਦਮੀ ਪਾਰਟੀ ਵੱਲੋਂ ਸੂਬਾ ਪ੍ਰਧਾਨ ਅਮਨ ਅਰੋੜਾ ਵੀ ਸ਼ਾਮਲ ਹੋਏ।

## ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ 'ਚ ਲਹਿਰਾਇਆ ਲਾਲ ਝੰਡਾ : ਉੱਪਲ, ਸਨੋਤਰਾ



**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**-ਮਜ਼ਦੂਰ ਦਿਵਸ ਮੌਕੇ ਪੰਜਾਬ ਰੋਡਵੇਜ਼ ਅੰਮ੍ਰਿਤਸਰ ਵੱਲੋਂ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਤੇ ਇਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਇਸ ਮੌਕੇ ਲਾਲ ਸਲਾਮ ਦੇ ਨਾਅਰੇ ਨਾਲ ਸਮੂਚਾ ਵਾਤਾਵਰਨ ਗੂੰਜ ਗਿਆ।ਇਸ ਮੌਕੇ ਸੂਬਾ ਆਗੂ ਪ੍ਰਭਜੀਤ ਸਿੰਘ ਉੱਪਲ, ਬਿਕਰਮਜੀਤ ਸਿੰਘ ਛੀਨਾ, ਪਸਸਫ 1680/22 ਬੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਕੁਮਾਰ ਸਨੋਤਰਾ, ਸੂਬਾ ਆਗੂ ਗਗਨਦੀਪ ਸਿੰਘ ਖਾਲਸਾ, ਪ੍ਰਧਾਨ ਅਮਰਜੀਤ ਸਿੰਘ ਲਹੌਰੀਆ, ਕੁਲਵਿੰਦਰ ਸਿੰਘ, ਕੈਸ਼ੀਅਰ ਤਰਨਦੀਪ ਸਿੰਘ, ਜਨਰਲ ਸਕੱਤਰ ਬਲਜੀਤ ਸਿੰਘ, ਚੇਅਰਮੈਨ ਹਰਪ੍ਰੀਤ ਸਿੰਘ, ਭਵਾਨੀ ਫ਼ੇਰ ਆਗੂਆਂ ਨੇ ਪੰਜਾਬ ਸਰਕਾਰ ਤੇ ਕਰਮਚਾਰੀਆਂ ਮੰਗਾਂ ਨੂੰ ਅਣਗੌਲਿਆ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਵਿੱਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਸਮੂਹ ਕੰਟਰੈਕਟ ਤੇ ਆਊਟਸੋਰਸ ਕਰਮਚਾਰੀਆਂ ਨੂੰ ਰੈਗੂਲਰ ਕਰਨ, ਸਾਰੇ ਵਿਭਾਗਾਂ ਵਿੱਚ ਪੱਕੀ ਭਰਤੀ, ਪੇ-ਕਮਿਸ਼ਨ ਦੇ ਬਕਾਏ, ਡੀ ਏ ਦੀਆਂ ਕਿਸ਼ਤਾਂ ਦਾ ਬਕਾਇਆ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਨਵੇਂ ਭਰਤੀ ਕਰਮਚਾਰੀਆਂ ਨੂੰ ਪਰਖ਼-ਕਾਲ ਦੌਰਾਨ ਪੂਰੀਆਂ ਤਨਖ਼ਾਹਾਂ ਦੇਣ ਆਦਿ ਮੰਗਾਂ ਪੂਰੀਆਂ ਕਰਨ ਵਿੱਚ ਨਾਕਾਮ ਰਹੀ ਹੈ ਅਤੇ 20/5/25 ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਰਿਟਾਇਰੀ ਤੇ ਮੌਜੂਦਾ ਕਰਮਚਾਰੀਆਂ ਨੂੰ ਅਪੀਲ ਕੀਤੀ।ਇਸ ਮੌਕੇ ਕੰਵਲਜੀਤ ਸਿੰਘ, ਸੰਦੀਪ ਸਿੰਘ ਰਾਮਦਾਸ, ਮੁਕੇਸ਼ ਕੁਮਾਰ ਮੂਧਲ, ਹਰਜੀਤ ਸਿੰਘ, ਅਜੇ ਕੁਮਾਰ, ਰਜਿੰਦਰ ਕੁਮਾਰ, ਰਮਨਪ੍ਰੀਤ ਸਿੰਘ, ਪ੍ਰਗਟ ਸਿੰਘ, ਸਾਹਿਬ ਸਿੰਘ, ਲਾਭ ਸਿੰਘ, ਮੋਹੀਤ, ਕੁਲਬੀਰ ਸਿੰਘ ਲੋਪੋਕੇ ਅਸ਼ਵਨੀ ਕੁਮਾਰ, ਬਲਦੇਵ ਸਿੰਘ, ਬਲਜਿੰਦਰ ਸਿੰਘ, ਮਨਪ੍ਰੀਤ ਸਿੰਘ, ਅਜੇ ਆਦਿ ਹਾਜ਼ਰ ਸਨ।

## ਰਾਇਟਵੇ ਏਅਰਲਿੰਕਸ ਨੇ ਗੁਰਵੀਰ ਕੌਰ ਦੇ ਸੁਪਨੇ ਨੂੰ ਕੀਤਾ ਸਾਕਾਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਮਾਲਵਾ ਖੇਤਰ ਦੀ ਪ੍ਰਮੁੱਖ ਇੰਮੀਗ੍ਰੇਸ਼ਨ ਤੇ ਆਈ.ਈ.ਐੱਲ.ਐੱਸ. ਕੰਸਲਟੈਂਸੀ ਨੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਸੰਸਥਾ ਨੇ ਗੁਰਵੀਰ ਕੌਰ ਪੁੱਤਰੀ ਸਿਕੰਦਰ ਸਿੰਘ ਪਿੰਡ ਬਰਾ ਭਾਈ ਫਿਰੋਜ਼ਪੁਰ ਨੂੰ ਆਸਟਰੇਲੀਆ ਦੀ ਫੈਡਰੇਸ਼ਨ ਯੂਨੀਵਰਸਿਟੀ ਵਿੱਚ ਸਟੂਡੈਂਟ ਵੀਜ਼ਾ ਲਗਾਉਣ ਵਿੱਚ ਸਫਲਤਾ ਹਾਸਲ ਕੀਤੀ। ਸੰਸਥਾ ਦੇ ਡਾਇਰੈਕਟਰ ਦੇਵ ਪ੍ਰਿਆ ਤਿਆਗੀ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦੇ ਕੈਨੇਡਾ ਜਾਂ ਯੂ ਕੇ ਕੇਸ ਰਿਜੈਕਟ ਹੋ ਚੁੱਕੇ ਹਨ, ਉਹ ਬੱਚੇ ਆਸਟਰੇਲੀਆ ਲਈ ਨਵੀਂ ਉਮੀਦ ਨਾਲ ਐਪਲੀਕੇਸ਼ਨ ਦੇ ਸਕਦੇ ਹਨ। ਜਿਹੜੇ ਵਿਦਿਆਰਥੀ ਨੇ ਟੂਰਿਸਟ ਜਾਂ ਵਿਜੀਟਰ 'ਤੇ ਆਸਟਰੇਲੀਆ, ਕੈਨੇਡਾ ਜਾਂ ਫਿਰ ਯੂ ਕੇ ਜਾਣਾ ਹੋਵੇ, ਉਹ ਵੀ ਐਪਲੀਕੇਸ਼ਨ ਦੇ ਸਕਦੇ ਹਨ। ਸੰਸਥਾ ਬੈਂਕ ਦੇ ਜ਼ਰੀਏ ਐਜੂਕੇਸ਼ਨ ਲੋਨ ਵੀ ਮੁਹੱਈਆ ਕਰਵਾ ਕੇ ਦਿੰਦੀ ਹੈ, ਜਿਨ੍ਹਾਂ ਨਾਲ ਵਿਦਿਆਰਥੀ ਆਪਣੇ ਖਰਚੇ ਪੂਰੇ ਕਰ ਸਕਦਾ ਹੈ। ਸੰਸਥਾ ਦੇ ਡਾਇਰੈਕਟਰ ਦੇਵ ਪਿਅ ਤਿਆਗੀ ਨੇ ਕਿਹਾ ਕਿ ਰਾਇਟ ਵੇ ਏਅਰਲਿੰਕਸ ਵਿਦਿਆਰਥੀਆਂ ਨੂੰ ਮੁਫਤ ਆਈ ਈ ਐੱਲ ਟੀ ਐੱਸ/ਪੀ.ਟੀ.ਈ ਟਰੇਨਿੰਗ ਦੇ ਨਾਲ ਨਾਲ 99% ਵੀਜ਼ਾ ਸਕਸੈਸ ਰੇਟ, 1 ਮਹੀਨੇ ਵਿੱਚ ਕਲੀਅਰੈਂਸ, ਸਕਾਲਰਸ਼ਿਪ ਦੇ ਨਾਲ ਟੌਪ ਯੂਨੀਵਰਸਿਟੀਆ ਵਿੱਚ ਐਡਮੀਸ਼ਨ ਤੇ ਐਂਡ-ਟੂ-ਐਂਡ ਸਪੋਰਟ ਦੀ ਸੁਵਿਧਾ ਦਿੰਦੀ ਹੈ। ਵਿਦਿਆਰਥੀ ਮੋਗਾ, ਮੇਰਠ ਜਾਂ ਮੈਲਬੋਰਨ ਅਪਲਾਈ ਕਰ ਸਕਦਾ ਹੈ।

## ਵਿਧਾਇਕ ਸੁਖਾਨੰਦ ਦੀ ਰਹਿਨੁਮਾਈ 'ਚ ਹਲਕੇ ਦਾ ਵਿਕਾਸ ਉਚਾਈਆਂ ਛੂਹ ਰਿਹੈ : ਸੋਨੀਆ ਗੁਪਤਾ

### ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਨੇ ਨਸ਼ਾ ਕਾਰੋਬਾਰੀਆਂ ਨੂੰ ਪਾਈ ਠੱਲ੍ਹ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੀ ਸਰਕਾਰ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਮਿਸ਼ਨ ਵਿੱਚ ਜੁਟੀ ਹੋਈ ਹੈ।'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ, ਜੋ 2 ਮਈ 2025 ਤੋਂ ਸ਼ੁਰੂ ਹੋ ਰਹੀ ਹੈ, ਨਸ਼ਾ ਤਸਕਰਾਂ ਤੇ ਗੈਰ-ਕਾਨੂੰਨੀ ਕਾਰੋਬਾਰੀਆਂ ਖਿਲਾਫ ਸਖਤ ਕਾਰਵਾਈ ਦਾ ਸੁਨੇਹਾ ਦਿੰਦੀ ਹੈ।ਸਰਕਾਰ ਨੇ 31 ਮਈ 2025 ਤੱਕ ਨਸ਼ਿਆਂ ਦੀ ਜੜ੍ਹ ਨੂੰ ਪੰਜਾਬ ਵਿੱਚੋਂ ਪੂਰੀ ਤਰ੍ਹਾਂ ਖਤਮ ਕਰਨ ਦੀ ਡੈੱਡਲਾਈਨ ਤੈਅ ਕੀਤੀ ਹੈ, ਜੋ ਇਸ ਦੀ ਦ੍ਰਿੜ੍ਹਤਾ ਤੇ ਸਮਾਜ ਸੁਧਾਰ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ।ਨਗਰ ਕੌਂਸਲ ਪ੍ਰਧਾਨ ਸੋਨੀਆ ਗੁਪਤਾ ਵੱਲੋਂ ਵੀ ਇਸ ਮੁਹਿੰਮ ਦੀ ਸਰਾਹਨਾ ਕੀਤੀ ਗਈ ਹੈ, ਜਿਸ ਨੂੰ ਉਹ ਸਮੁੱਚੇ ਪੰਜਾਬ ਦੀ ਸਾਂਝੀ ਲੜਾਈ ਦੱਸਦੇ ਹਨ।ਇਹ ਯਤਨ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਉਣ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਮੀਲ ਪੱਥਰ ਸਾਬਤ ਹੋ ਰਹੇ ਹਨ।ਇਸ ਦੇ ਨਾਲ ਹੀ, ਹਲਕਾ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਦੀ ਰਹਿਨੁਮਾਈ ਵਿਚ ਹਲਕਾ ਬਾਘਾ ਪੁਰਾਣਾ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ।ਸੜਕਾਂ, ਸਫਾਈ ਵਿਵਸਥਾ, ਸਿੱਖਿਆ ਤੇ ਸਿਹਤ ਸਹੂਲਤਾਂ ਵਰਗੇ ਖੇਤਰਾਂ ਵਿੱਚ ਚੱਲ ਰਹੇ ਕੰਮਾਂ ਨੇ ਖੇਤਰ ਦੀ ਨੁਹਾਰ ਬਦਲ ਦਿੱਤੀ ਹੈ।ਵਿਧਾਇਕ ਦੀ ਜਨਤਕ ਸਮੱਸਿਆਵਾਂ ਪ੍ਰਤੀ ਸੰਜੀਦਗੀ ਤੇ ਤੁਰੰਤ ਹੱਲ ਕੱਢਣ ਦੀ ਪਹੁੰਚ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ।ਇਹ ਵਿਕਾਸ ਕਾਰਜ ਨਾ ਸਿਰਫ਼ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰ ਰਹੇ ਹਨ, ਸਗੋਂ ਬਾਘਾ ਪੁਰਾਣਾ ਨੂੰ ਇਕ ਨਵਾਂ ਤੇ ਖੁਸ਼ਹਾਲ ਰੂਪ ਦੇ ਰਹੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਇਹ ਪ੍ਰਾਪਤੀਆਂ ਇਕ ਸੁਹਿਰਦ ਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਮਿਸਾਲ ਹਨ, ਜੋ ਪੰਜਾਬ ਨੂੰ ਤਰੱਕੀ ਤੇ ਸਮਾਜਿਕ ਭਲਾਈ ਦੇ ਮਾਰਗ 'ਤੇ ਅੱਗੇ ਲੈ ਜਾ ਰਹੀ ਹੈ।

## ਰੋਬੋਟਿਕ ਗੋਡੇ ਬਦਲਣ ਦੀ ਸਰਜਰੀ ਦੇ ਬਿਹਤਰ ਨਤੀਜੇ : ਡਾ. ਸਲੂਜਾ





**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤ 'ਚ ਗੋਡੇ ਬਦਲਣ ਦੀਆਂ ਸਰਜਰੀਆਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਭਾਰਤ 'ਚ ਹਰ ਸਾਲ 2.5 ਮਿਲੀਅਨ ਤੋਂ ਵੱਧ ਲੋਕ ਗੋਡੇ ਬਦਲਣ ਦੀ ਸਰਜਰੀ ਕਰਵਾਉਂਦੇ ਹਨ। ਬੀਤੇ ਦਿਨੀਂ ਪਾਰਕ ਹਸਪਤਾਲ, ਪਟਿਆਲਾ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਡਾ. ਭਾਨੂ ਪ੍ਰਤਾਪ ਸਿੰਘ ਸਲੂਜਾ, ਡਾਇਰੈਕਟਰ, ਆਰਥੋਪੀਡਿਕਸ ਅਤੇ ਰੋਬੋਟਿਕ ਜੋੜ ਰਿਪਲੇਸਮੈਂਟ ਸਰਜਰੀ ਨੇ ਕਿਹਾ ਕਿ 15 ਸਾਲ ਪਹਿਲਾਂ ਗੋਡੇ ਬਦਲਣ ਦੀ ਸਰਜਰੀ ਇੱਕ ਵੱਡੀ ਸਰਜਰੀ ਹੁੰਦੀ ਸੀ ਅਤੇ ਮਰੀਜ 3-4 ਹਫਤਿਆਂ ਤੱਕ ਹਸਪਤਾਲ 'ਚ ਰਹਿੰਦੇ ਸਨ। ਪਰ ਤਕਨੀਕੀ ਤਰੱਕੀ ਨਾਲ ਰੋਬੋਟਿਕ ਗੋਡੇ ਬਦਲਣ ਦੀ ਸਰਜਰੀ ਹੁਣ 12-15 ਮਿੰਟਾਂ 'ਚ ਕੀਤੀ ਜਾ ਰਹੀ ਹੈ। ਸਲਾਹਕਾਰ ਆਰਥੋਪੈਡਿਕਸ ਡਾ. ਸੌਰਭ ਗਰਗ ਨੇ ਕਿਹਾ ਕਿ ਪਾਰਕ ਹਸਪਤਾਲ 30 ਮਈ ਤੱਕ ਮਰੀਜ਼ਾਂ ਨੂੰ ਮੁਫ਼ਤ ਰੋਬੋਟਿਕ ਤਕਨੀਕ ਪ੍ਰਦਾਨ ਕਰੇਗਾ। ਇਸ ਪਹਿਲਕਦਮੀ ਦਾ ਉਦੇਸ਼ ਸਮਾਜ ਦੇ ਹਰ ਵਰਗ ਲਈ ਉੱਨਤ, ਸਿਹਤ ਸੰਭਾਲ ਨੂੰ ਪਹੁੰਚ ਯੋਗ ਬਣਾਉਣਾ ਹੈ। ਕੰਸਲਟੈਂਟ ਆਰਥੋਪੀਡਿਕਸ ਡਾ. ਮਾਲਵਿੰਦਰ ਸਿੰਘ ਨੇ ਕਿਹਾ ਕਿ ਪਾਰਕ ਹਸਪਤਾਲ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੁਪਰ ਸਪੈਸ਼ਲਿਟੀ ਹਸਪਤਾਲ ਨੈੱਟਵਰਕ ਹੈ, ਜਿਸ 'ਚ 19 ਹਸਪਤਾਲ, 3500 ਬਿਸਤਰੇ, 800 ਆਈ ਸੀ ਯੂ ਬਿਸਤਰੇ, 14 ਕੈਥ ਲੈਬ, 45 ਮਾਡਿਊਲਰ ਓ ਟੀ ਅਤੇ 1000 ਤੋਂ ਵੱਧ ਡਾਕਟਰ ਹਨ। ਉਨ੍ਹਾਂ ਦੱਸਿਆ ਕਿ ਰੋਬੋਟਿਕ ਆਰਥਰੋਪਲਾਸਟੀ ਸੈਂਟਰ ਆਫ ਐਕਸੀਲੈਂਸ ਦੀਆਂ ਜੋ ਵਿਸ਼ੇਸ਼ਤਾਵਾਂ ਹਨ, ਉਨ੍ਹਾਂ ਵਿੱਚ ਓਪਰੇਸ਼ਨ ਦਾ ਸਮਾਂ ਸਿਰਫ 10-12 ਮਿੰਟ। ਕੋਈ ਟਾਂਕੇ ਨਹੀਂ, ਕੋਈ ਕੈਥੀਟਰ ਨਹੀਂ, ਕੋਈ ਵੱਡੇ ਦਾਗ ਨਹੀਂ ਹਨ, ਸ਼ਾਨਦਾਰ ਰਿਕਵਰੀ, 4 ਘੰਟਿਆਂ ਵਿੱਚ ਚੱਲਣ ਦੇ ਯੋਗ, 2 ਦਿਨਾਂ ਵਿੱਚ ਆਮ ਜੀਵਨ ਤੇ ਔਗਮੈਂਟੇਡ ਰਿਐਲਿਟੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਸੰਚਾਲਿਤ ਹਨ ਪ੍ਰਮੁੱਖ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਆਰਐੱਮਪੀਆਈ ਨੇ ਬੜੇ ਜੋਸ਼ੋ-ਖਰੋਸ਼ ਤੇ ਇਨਕਲਾਬੀ ਭਾਵਨਾ ਨਾਲ ਮਨਾਇਆ ਮਜ਼ਦੂਰ ਦਿਹਾੜਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਦੇਸ਼ ਭਰ ਦੇ ਸੱਦੇ ਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਮਈ ਦਿਵਸ ਅੱਜ ਇਥੇ ਪਾਰਟੀ ਦੇ ਕਾਰਕੁਨਾਂ, ਹਮਦਰਦਾਂ ਤੇ ਹੋਰ ਮਿਹਨਤਕਸ਼ ਮਜ਼ਦੂਰਾਂ ਕਿਸਾਨਾਂ, ਨੌਜਵਾਨਾਂ ਨੇ ਵੱਡੇ ਪੱਧਰ ਤੇ ਮਜ਼ਦੂਰ ਦਿਹਾੜਾ ਬੜੇ ਜੋਸ਼ੋ ਖਰੋਸ਼ ਤੇ ਇਨਕਲਾਬੀ ਭਾਵਨਾ ਨਾਲ ਮਨਾਇਆ ਗਿਆ! ਆਰ.ਐਮ. ਪੀ. ਆਈ. ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਮੱਲੂਨੰਗਲ ਨੇ ਇਕੱਠ ਚੋ ਕਿਹਾ ਕਿ ਜਿਹੜੀ 8 ਘੰਟੇ ਦਿਹਾੜੀ ਸ਼ਿਕਾਗੋ ਦੇ ਸ਼ਹੀਦਾਂ ਨੇ ਆਪਣਾ ਲਹੂ ਡੋਲ੍ਹ ਕੇ ਮੰਨਵਾਈ ਸੀ ਅੱਜ ਬੜੇ ਗੁੱਸੇ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਆਰਐੱਸਐੱਸ ਦੀ ਪਿਛਾਖੜੀ ਵਿਚਾਰਧਾਰਾ ਤੇ ਕੰਮ ਕਰਦੀ ਮਜ਼ਦੂਰਾਂ ਦਾ ਲਹੂ ਪੀਣੀ ਮੋਦੀ ਸ਼ਾਹ ਜੁੰਡਲੀ ਦੀ ਬੀਜੇਪੀ ਸਰਕਾਰ ਮਜ਼ਦੂਰਾਂ ਦੀ ਦਿਹਾਤੀ 12 ਘੰਟੇ ਕਰ ਰਹੀ ਹੈ ਜਿਹੜਾ ਕਿ ਅੰਤਰਰਾਸ਼ਟਰੀ ਨਿਯਮਾਂ ਦੇ ਵਿਰੁੱਧ ਹੈ ! ਮੱਲੂਨੰਗਲ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਦੇ ਸਾਮਰਾਜ ਨਾਲ ਇੱਕ ਮਿੱਕ ਹੋਣ ਕਾਰਨ ਟਰੰਪ ਵੱਲੋਂ ਭਾਰਤ ਵਿਚ ਖੇਤੀ ਸਨਅਤਾਂ ਅਤੇ ਹੋਰ ਵਸਤਾਂ ਤੇ ਦੇਸ਼ ਵਿਰੋਧੀ ਟੈਰਿਫ ਲਾ ਰਹੀ ਹੈ ਇਸ ਨਾਲ ਸਾਡਾ ਦੇਸ਼ ਹੋਰ ਕਮਜ਼ੋਰ ਹੋ ਜਾਵੇਗਾ ਇਸ ਸਮੇਂ ਪਾਰਟੀ ਦੇ ਜਿਲ੍ਹਾ ਕਮੇਟੀ ਮੈਂਬਰ ਤੇ ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਦੁਧਰਾਏ ਅਤੇ ਪਾਰਟੀ ਆਗੂ ਗੁਰਨਾਮ ਸਿੰਘ ਉਮਰਪੁਰਾ ਨੇ ਮੋਦੀ ਸਰਕਾਰ ਤੇ ਹਮਲਾ ਬੋਲਦਿਆਂ ਦੱਸਿਆ ਕਿ ਜਿਹੜੇ ਮਜ਼ਦੂਰ ਪੱਖੀਂ 40 ਕਨੂੰਨ ਮਜ਼ਦੂਰਾਂ ਨੇ ਪਿਛਲੇ ਅੰਗਰੇਜ਼ਾਂ ਦੇ ਸਮੇਂ ਤੋਂ ਹੁਣ ਤੱਕ ਲੜਕੇ ਬਣਵਾਏ ਸਨ ਮੋਦੀ ਸਰਕਾਰ ਨੇ ਇੱਕ ਝੜਕੇ ਵਿੱਚ ਤੋੜ ਕੇ ਸਾਮਰਾਜ, ਕਾਰਪੋਰੇਟ ਤੇ ਵੱਡੇ ਵਪਾਰੀਆਂ ਦੇ ਹਿੱਤ ਵਿੱਚ ਚਾਰ ਕੋਡਾਂ ਬਣਾ ਦਿੱਤੀਆਂ ਹਨ ਜਿਨ੍ਹਾਂ ਕੋਡਾਂ ਤੇ ਦਿਹਾਤੀ 12 ਘੰਟੇ ਕਰਨ ਵਿਰੁੱਧ ਰੋਹ ਭਰੇਂ ਲਗਾਤਾਰ ਜਲਸੇ ਮੁਜ਼ਾਹਰੇ ਹੋ ਰਹੇ ਹਨ ਲੋਕਾਂ ਦੇ ਵਿਰੋਧ ਕਰਨ ਕਰਕੇ ਅਜੇ ਤੱਕ ਕੋਡਾਂ ਲਾਗੂ ਨਹੀਂ ਹੋ ਸਕੀਆਂ! ਇਹਨਾਂ ਦੇਸ਼ ਧਿਰੋਹੀ ਫ਼ੈਸਲਿਆਂ ਵਿਰੁੱਧ ਦੇਸ਼ ਭਰ ਵਿੱਚ 20 ਮਈ ਨੂੰ ਦੇਸ਼ ਵਿੱਚ ਹੜਤਾਲ ਹੋ ਰਹੀ ਹੈ ! ਸਾਥੀ ਕੁਲਵੰਤ ਸਿੰਘ ਮੱਲੂਨੰਗਲ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਇਸ ਹੜਤਾਲ ਦਾ ਪੂਰਾ ਸਮਰਥਨ ਕਰ ਰਿਹਾ ਹੈ ਅਤੇ 20 ਮਈ ਨੂੰ ਕਿਸਾਨ ਵੀ ਤਹਿਸੀਲ ਪੱਧਰਾ ਤੇ ਵੱਡੇ ਇਕੱਠ ਕਰਕੇ ਇਸ ਹੜਤਾਲ ਦਾ ਜ਼ੋਰਦਾਰ ਸਮਰਥਨ ਕਰਨਗੇ! ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੀਨੀਅਰ ਆਗੂਆਂ ਸਤਵਿੰਦਰ ਸਿੰਘ ਓਠੀਆਂ ਤੇ ਸੁੱਚਾ ਸਿੰਘ ਘੋਗਾ ਨੇ ਕਿਹਾ ਕਿ ਇਹ ਮਜ਼ਦੂਰ ਦਿਹਾੜਾ ਨੌਜਵਾਨਾਂ ਨੂੰ ਵਿਦਿਆ, ਸਿਹਤ ਤੇ ਰੁਜ਼ਗਾਰ ਲਈ ਗਰੰਟੀ ਕਨੂੰਨ ਬਣਵਾਉਣ ਲਈ ਇਹ ਦਿਹਾੜਾ ਸੰਘਰਸ਼ ਦੀ ਯਾਦ ਦਿਵਾਉਂਦਾ ਹੈ! ਸਮਾਜ ਸੇਵਕ ਪ੍ਰੋ: ਮਾਲਕ ਸਿੰਘ ਗੁਰਾਲਾ ਤੇ ਸੰਘਰਸ਼ੀ ਯੋਧਾ ਟਹਿਲ ਸਿੰਘ ਚੇਤਨਪੁਰ ਹੋਣਾ ਨੇ ਇਸ ਸਮੇਂ ਮਈ ਦਿਵਸ ਦੀ ਮਹੱਤਤਾ ਬਾਰੇ ਡੂੰਘਾ ਚਾਨਣਾ ਪਾਇਆ ਕਿ ਇਹ ਦਿਹਾੜਾ ਸਾਨੂੰ ਰਾਹ ਵਿਖਾਉਂਦਾ ਹੈ ਕਿ ਸਿਰਫ ਤੇ ਸਿਰਫ ਜਮਾਤੀ ਸੰਘਰਸ਼ ਨਾਲ ਹੀ ਲੋਕ ਹਿਤ ਵਿੱਚ ਸਮਾਜਿਕ ਪ੍ਰਵਰਤਨ ਲਿਆਂਦਾ ਜਾ ਸਕਦਾ ਹੈ! ਉਨ੍ਹਾਂ ਜ਼ੋਰ ਦਿੱਤਾ ਕਿ ਆਉ ਹਰੇਕ ਵਰਗ ਆਪਣੀ ਜਥੇਬੰਦੀਆਂ ਅਗਾਂਹ ਵਧੂ ਵਿਚਾਰ ਦੀਆਂ ਬਣਾਕੇ ਲੋਕਾਂ ਦੇ ਮਸਲੇ ਹੱਲ ਕਰੀਏ ਹੋਰਨਾਂ ਤੋਂ ਇਲਾਵਾ ਸਰਹੱਦੀ ਕਿਸਾਨ ਆਗੂ ਦੇਸਾ ਸਿੰਘ ਭਿੰਡੀ ਔਲਖ, ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰ, ਜੰਗ ਬਹਾਦਰ ਸਿੰਘ ਮਟੀਆ, ਪਲਵਿੰਦਰ ਸਿੰਘ ਰਿਆੜ, ਗੋਪੀ ਸਿੰਘ ਗੁਲਗੜ੍ਹ, ਹਰਜਿੰਦਰ ਸਿੰਘ ਛੀਨਾ ਰਾਏਪੁਰ ਖੁਰਦ, ਪਰਮਜੀਤ ਕੌਰ ਤੇ ਤੋਸ਼ੀ ਅਜਨਾਲਾ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।

# ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣੇ ਨੂੰ ਜਬਰੀ ਪਾਣੀ ਦੇਣਾ ਪੰਜਾਬ ਨਾਲ ਧੱਕਾ



**ਬਟਾਲਾ (ਤਰਲੋਕ ਬੱਗਾ)**- ਸੀ ਪੀ ਆਈ ਐਮ ਐਲ ਲਿਬਰੇਸ਼ਨ ਅਤੇ ਆਲ ਇੰਡੀਆ ਸੈਂਟਰਲ ਕੌਂਸਲ ਆਫ ਇੰਡੀਆ (ਏਕਟੂ) ਵੱਲੋ ਫੈਜਪੁਰਾ ਰੋਡ ਲਿਬਰੇਸ਼ਨ ਦਫਤਰ ਵਿਖੇ ਮਈ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾਂ ਏਕਟੂ ਦਫਤਰ ਵਿਖੇ ਲਾਲ ਝੰਡਾ ਝੁਲਾਇਆ ਗਿਆ। ਮਈ ਡੇ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਜੇ ਸੋਹਲ, ਗੁਲਜਾਰ ਸਿੰਘ ਭੁੰਬਲੀ, ਸੁਖਦੇਵ ਸਿੰਘ ਭਾਗੋਕਾਵਾਂ, ਅਸ਼ਵਨੀ ਲੱਖਣਕਲਾਂ, ਦਲਬੀਰ ਮਲਕਵਾਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਸੰਬੋਧਨ ਕਰਦਿਆ ਕਿਹਾ ਕਿ ਦੁਨੀਆ ਪੱਧਰ 'ਤੇ 139 ਸਾਲ ਪਹਿਲਾਂ 1886 ਵਿੱਚ ਸਥਾਪਤ ਹੋਇਆ 8 ਘੰਟੇ ਦੇ ਦਿਹਾੜੀ ਕਨੂੰਨ ਨੂੰ ਮੋਦੀ ਸਰਕਾਰ ਨੇ 12 ਘੰਟੇ ਵਿਚ ਤਬਦੀਲ ਕਰ ਦਿੱਤਾ ਹੈ ਜੋ ਸਰਾਸਰ ਪੂੰਜੀਪਤੀਆਂ ਦੇ ਹਿਤ ਵਿੱਚ ਦਸਤਖਤ ਹੈ।ਆਗੂਆਂ ਕਿਹਾ ਕਿ 2025 ਦੇ ਮਜ਼ਦੂਰ ਦਿਹਾੜੇ ਸਮੇਂ ਦੇਸ਼ ਵਿੱਚ ਸਭ ਤੋਂ ਵੱਡਾ ਖਤਰਾ ਦੋ ਗੁਆਂਢੀ ਦੇਸ਼ਾਂ ਵਿੱਚ ਨਿਹੱਕੀ ਜੰਗ ਹੋਣ ਦਾ ਉਤਪੰਨ ਹੋ ਗਿਆ ਹੈ ਕਿਉਂਕਿ ਕਸ਼ਮੀਰ ਦੇ ਪਹਿਲਗਾਮ ਵਿਚ ਅੱਤਵਾਦੀ ਹਮਲੇ ਕਾਰਨ ਨਿਰਪੱਖ ਜਾਂਚ ਕਰਨ ਦੀ ਬਜਾਏ ਦੋਨਾ ਦੇਸ਼ਾਂ ਦਰਮਿਆਨ ਦੋਸ਼ ਦਰ ਦੋਸ਼ ਲਗਾਏ ਜਾ ਰਹੇ ਹਨ ਪਰ ਇਸ ਦੇ ਬਾਵਜੂਦ ਵੀ ਦੋਨਾਂ ਦੇਸ਼ਾਂ, ਖਾਸਕਰ ਭਾਰਤ ਨੂੰ ਨਿਹੱਕੀ ਜੰਗ ਤੋਂ ਬਚਣ ਦਾ ਪੈਂਤੜਾ ਲੈਣਾ ਚਾਹੀਦਾ ਹੈ। ਅਫਸੋਸ ਦੀ ਗੱਲ ਹੈ ਕਿ ਕਸ਼ਮੀਰ ਵਿਖੇ 10 ਲੱਖ ਭਾਰਤੀ ਫੌਜੀਆਂ ਦੀ ਤਾਇਨਾਤੀ ਦੇ ਬਾਵਜੂਦ ਸਰਕਾਰ ਜੋ ਪਹਿਲਗਾਮ ਵਿਖੇ ਆਪਣੇ ਸੈਰਗਾਹੀ ਪਰਵਾਰਾਂ ਦੀ ਹਿਫਾਜ਼ਤ ਨਹੀਂ ਕਰ ਸਕੀ, ਉਸ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਉਸ ਦਾ ਇੰਟੈਲੀਜੈਂਸ ਸਿਸਟਮ ਫੇਲ੍ਹ ਸਾਬਤ ਹੋਇਆ ਹੈ। ਪੰਜਾਬ ਵੱਲੋਂ ਸਖਤ ਵਿਰੋਧ ਦੇ ਬਾਵਜੂਦ ਮੋਦੀ ਸਰਕਾਰ ਦੇ ਹੁਕਮਾਂ ਤਹਿਤ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਹਰਿਆਣੇ ਨੂੰ ਹੋਰ ਪਾਣੀ ਦੇਣਾ ਸਪਸ਼ਟ ਤੌਰ 'ਤੇ ਮੋਦੀ ਸਰਕਾਰ ਦੀ ਧੌਂਸ ਅਤੇ ਪੰਜਾਬੀਆਂ ਨਾਲ ਨਫਰਤ ਦਾ ਸਬੂਤ ਹੈ ਪਰ ਪੰਜਾਬੀ ਹਰ ਹਾਲਤ ਵਿੱਚ ਮੋਦੀ ਸਰਕਾਰ ਦੀ ਇਸ ਗੁੰਡਾਗਰਦੀ ਦਾ ਜੁਆਬ ਦੇਣਗੇ।ਇਸ ਸਮੇ ਪ੍ਰੇਮ ਮਸੀਹ ਸੋਨਾ, ਫੂਲ ਚੰਦ, ਜੋਗਿੰਦਰ ਪਾਲ ਲੇਹਲ ਅਤੇ ਦਰਸ਼ਨ ਖਰੋਟਾ ਹਾਜ਼ਰ ਸਨ।

# ਦਸਮੇਸ਼ ਹੈਰੀਟੇਜ ਸਕੂਲ ਦਾ ਆਈ ਸੀ ਐੱਸ ਈ ਬੋਰਡ ਦਾ ਨਤੀਜਾ ਸ਼ਾਨਮੱਤਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਲਾਕੇ ਦੀ ਮੰਨੀ ਪ੍ਰਮੰਨੀ ਆਈ.ਸੀ.ਐਸ.ਈ. ਮਾਨਤਾ ਪ੍ਰਾਪਤ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ।ਦਸਵੀ ਕਲਾਸ ਦੇ ਕੁੱਲ 26 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ।ਜਿਸ ਵਿੱਚੋਂ ਸੁਖਮਨਦੀਪ ਸਿੰਘ 84% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ।ਅਨੂਰੀਤ ਕੌਰ ਨੇ 81% ਅਤੇ ਮਨਜੋਤ ਸਿੰਘ ਨੇ 80% ਅੰਕ ਪ੍ਰਾਪਤ ਕਰਕੇ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ।ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਇਸ ਮੌਕੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਉਹਨਾਂ ਨੂੰ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਲਈ ਅਸ਼ੀਰਵਾਦ ਦਿੱਤਾ ।ਸੰਸਥਾ ਦੇ ਡਾਇਰੈਕਟਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਬੱਚਿਆਂ ਦਾ ਨਤੀਜਾ 100 % ਰਿਹਾ ਅਤੇ ਉਹਨਾਂ ਨੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ । ਸਕੂਲ ਦੇ ਪ੍ਰਿੰਸੀਪਲ ਸੰਦੀਪ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵਧੇਰੇ ਮਿਹਨਤ ਕਰਨ ਅਤੇ ਸੁਪਨੇ ਸਾਕਾਰ ਕਰਨ ਲਈ ਪ੍ਰੇਰਿਆ।ਉਹਨਾਂ ਨੇ ਇਹ ਵਿਸ਼ਵਾਸ਼ ਦਿਵਾਇਆ ਕਿ ਇਹ ਸੰਸਥਾ ਭਵਿੱਖ ਵਿੱਚ ਵੀ ਮਾਪਿਆਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ।

# ਬਿਰਧ ਆਸ਼ਰਮ ਨੇ ਕਰਵਾਈ ਇੱਕ ਹੋਰ ਬਜ਼ੁਰਗ ਮਾਤਾ ਦੀ ਘਰ ਵਾਪਸੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਜੋ ਕਿ ਪਿਛਲੇ ਚਾਰ ਸਾਲਾਂ ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦੇ ਰਿਹਾ ਹੈ। ਜਿਸ ਵਿੱਚ ਪਿਛਲੇ ਇੱਕ ਸਾਲ ਤੋਂ ਇਹ ਮਾਤਾ ਰਾਜ ਰਾਣੀ ਪੁੱਤਰੀ ਕਾਕਾ ਰਾਮ ਨਿਵਾਸੀ ਮਨੋਵਾਲ (ਪਠਾਨਕੋਟ) ਰਹਿ ਰਹੀ ਹੈ। ਅੱਜ ਮਾਤਾ ਦੇ ਪਰਵਾਰ ਨਾਲ ਆਪਸੀ ਝਗੜੇ ਨੂੰ ਖਤਮ ਕਰ ਕੇ ਖੁਸ਼ੀ ਖੁਸ਼ੀ ਘਰ ਵਾਪਸ ਭੇਜਿਆ ਗਿਆ। ਮਾਤਾ ਨੇ ਕਿਹਾ ਹੈ ਕਿ ਮੇਰਾ ਇੱਥੇ ਦਾ ਸਫਰ ਬਹੁਤ ਵਧੀਆ ਰਿਹਾ । ਮੈਨੂੰ ਇੱਥੇ ਕਿਸੇ ਵੀ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਹੋਈ। ਇੱਥੇ ਸਭ ਕੁੱਝ ਸਮੇਂ ਸਿਰ ਬਜ਼ੁਰਗਾਂ ਨੂੰ ਦਿੱਤਾ ਜਾਂਦਾ ਹੈ। ਉਹਨਾਂ ਦੀ ਸਿਹਤ ਦਾ ਵੀ ਧਿਆਨ ਰੱਖਿਆ ਜਾਂਦਾ ਹੈ । ਮਾਤਾ ਜੀ ਦੇ ਪਰਵਾਰਕ ਮੈਂਬਰਾਂ ਨੇ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਅੱਗੇ ਤੋਂ ਸ਼ਾਇਦ ਅਸੀਂ ਤੁਹਾਨੂੰ ਕਦੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੇ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਤੇ ਐਡਵੋਕੇਟ ਰੋਮਿਕਾ ਵੀ ਹਾਜ਼ਰ ਸਨ।



# ਪੰਜਾਬ ਦੇ ਪਾਣੀਆਂ ਦੀ ਰਾਖੀ ਕਰਦਿਆਂ ਭਾਜਪਾ ਵਿਧਾਇਕ ਦੀ ਕੋਠੀ ਦੇ ਬਾਹਰ ਰੋਸ ਪ੍ਰਦਰਸ਼ਨ



**ਪਠਾਨਕੋਟ (ਦਵਿੰਦਰ ਸਿੰਘ)**- ਪਿਛਲੇ ਲੰਬੇ ਸਮੇਂ ਤੋਂ ਕੇਂਦਰ ਦੀ ਬੀ ਜੇ ਪੀ ਸਰਕਾਰ ਲਗਾਤਾਰ ਪੰਜਾਬ ਵਿਰੋਧੀ ਫੈਸਲੇ ਲੈ ਰਹੀ ਹੈ, ਚਾਹੇ ਪੰਜਾਬ ਦੇ ਆਰ ਡੀ ਐਫ ਦੀ ਗੱਲ ਹੋਵੇ ਜਾਂ ਮੰਡੀ ਦੀ ਫੀਸ ਦੀ ਗੱਲ ਹੋਵੇ, ਵੱਖ-ਵੱਖ ਸਵਾਲਾਂ ਉੱਤੇ ਪੰਜਾਬ ਪ੍ਰਤੀ ਜਿਹੜਾ ਬੀ ਜੇ ਪੀ ਦਾ ਪੱਖਪਾਤੀ ਰਵੱਈਆ ਹੈ ਉਸ ਨੂੰ ਪੰਜਾਬ ਦੇ ਲੋਕ ਬਹੁਤ ਲੰਮੇ ਸਮੇਂ ਤੋਂ ਸਹਿਣ ਕਰਦੇ ਆ ਰਹੇ ਹਨ, ਪਰ ਆਮ ਆਦਮੀ ਪਾਰਟੀ ਪੰਜਾਬ ਅੰਦਰ ਪਾਣੀ ਦਾ ਇੱਕ ਇੱਕ ਕਤਰਾ ਬਚਾਉਣ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਭਾਜਪਾ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਲਈ ਪਠਾਨਕੋਟ ਦੇ ਭਾਜਪਾ ਵਿਧਾਇਕ ਦੀ ਕੋਠੀ ਦਾ ਘਿਰਾਓ ਕਰਨ ਮਗਰੋਂ ਕੀਤਾ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਬੀਤੀ ਰਾਤ ਬੀ.ਬੀ.ਐਮ.ਬੀ. ਬੋਰਡ ਦਾ ਜੋ ਰਾਤ ਨੂੰ ਫੈਸਲਾ ਦਿੱਤਾ ਗਿਆ ਹੈ ਉਸ ਅਧੀਨ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਮੌਜੂਦਾ ਸਮੇਂ ਅੰਦਰ ਪੰਜਾਬ 8500 ਕਿਊਸਿਕ ਪਾਣੀ ਜਿਹੜਾ ਉਹ ਹਰਿਆਣੇ ਨੂੰ ਦਿੱਤਾ ਜਾਵੇਗਾ, ਇਹ ਪੰਜਾਬ ਦੇ ਲੋਕਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਦੇ ਲਈ ਕੇਂਦਰ ਦੀ ਬੀ ਜੇ ਪੀ ਸਰਕਾਰ ਮੋਦੀ ਦੀ ਅਗਵਾਈ ਦੇ ਵਿੱਚ ਇਸ ਫੈਸਲੇ ਨੂੰ ਵਾਪਸ ਲਵੇ। ਉਨ੍ਹਾਂ ਕਿਹਾ ਕਿ ਲਗਾਤਾਰ ਕਦੀ ਪੰਜਾਬ ਦੇ ਕਿਸਾਨਾਂ ਦੇ ਖਿਲਾਫ, ਕਦੀ ਪੰਜਾਬ ਦੇ ਜਵਾਨਾਂ ਦੇ ਖਿਲਾਫ ਅਤੇ ਹੁਣ ਬੀ ਜੇ ਪੀ ਪੰਜਾਬ ਵਿਰੋਧੀ ਮਾਹੌਲ ਖੜਾ ਕਰਕੇ ਆਸ ਪਾਸ ਸੂਬਿਆਂ ਦੇ ਅੰਦਰ ਤੇ ਪੰਜਾਬ ਨੂੰ ਬਦਨਾਮ ਕਰਨ ਲਈ ਭਾਜਪਾ ਵੱਲੋਂ ਜੋ ਚਾਲ ਚੱਲੀ ਗਈ ਹੈ ਇਸ ਦਾ ਪੰਜਾਬ ਦੇ ਕਿਸਾਨ, ਪੰਜਾਬ ਦੇ ਆਮ ਲੋਕ ਪੰਜਾਬੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ ਵਿੱਚ ਇਸ ਦਾ ਵਿਰੋਧ ਕੀਤਾ ਜਾਵੇਗਾ ਅਤੇ ਭਾਜਪਾ ਨੂੰ ਹਦਾਇਤ ਹੈ ਕਿ ਪੰਜਾਬ ਦੇ ਲੋਕਾਂ ਦੇ ਜਜ਼ਬਾਤਾਂ ਨਾਲ ਖੇਡਣਾ ਬੰਦ ਕਰੇ ।ਉਨ੍ਹਾਂ ਕਿਹਾ ਕਿ ਹਰਿਆਣਾ ਅਪਣੇ ਹਿੱਸੇ ਦਾ ਬਣਦਾ ਪਾਣੀ ਪਹਿਲਾ ਹੀ ਪੰਜਾਬ ਤੋਂ ਲੈ ਚੁੱਕਾ ਹੈ ਅਤੇ ਪੰਜਾਬ ਕੋਲ ਇਸ ਸਮੇਂ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਜਿਹੜਾ 8500 ਕਿਊਸਿਕ ਦਾ ਕੱਲ੍ਹ ਰਾਤ ਦਾ ਜੋ ਫੈਸਲਾ ਲਿਆ ਹੈ ਇਹ ਭਾਜਪਾ ਵੱਲੋਂ ਕਾਲਾ ਫੈਸਲਾ ਲਿਆ ਗਿਆ ਹੈ। ਅੱਜ ਪਠਾਨਕੋਟ ਵਿਖੇ ਭਾਜਪਾ ਦੇ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਕੋਠੀ ਦਾ ਘਿਰਾਓ ਕੀਤਾ ਗਿਆ ਹੈ। ਇਸ ਮੌਕੇ ਅਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ-ਕਮ-ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ ਨੇ ਕਿਹਾ ਕਿ ਪੰਜਾਬ ਨੇ ਕਦੇ ਵੀ ਕਿਸੇ ਦਾ ਹੱਕ ਨਹੀਂ ਮਾਰਿਆ, ਰਿਪੋਰਟ ਦੇ ਅਨੁਸਾਰ ਪਹਿਲਾ ਹੀ ਜੋ ਹਰਿਆਣੇ ਦਾ ਹੱਕ ਬਣਦਾ ਸੀ ਉਹ ਪਾਣੀ ਹਰਿਆਣਾ ਲੈ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਗਰ ਭਾਜਪਾ ਅਪਣਾ ਫੈਸਲਾ ਵਾਪਸ ਨਹੀਂ ਲੈਂਦੀ ਤਾਂ ਇਹ ਵਿਰੋਧ ਹੋਰ ਵੀ ਤਿੱਖਾ ਕੀਤਾ ਜਾਵੇਗਾ।

# ਬਿਜਲੀ ਕਾਮਿਆਂ ਤੇ ਪੈਨਸ਼ਨਰਾਂ ਵੱਲੋਂ ਲਾਲ ਝੰਡੇ ਲਹਿਰਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਪ੍ਰਣਾਮ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਮਜ਼ਦੂਰ ਦਿਵਸ ਮੌਕੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ / ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦੇ ਵਰਕਰਾਂ ਨੇ ਸਾਂਝੇ ਤੌਰ 'ਤੇ ਸਬਾਨਕ 66 ਕੇ ਵੀ ਬਿਜਲੀ ਘਰ ਫੋਕਲ ਪੁਆਇੰਟ , 66 ਕੇ ਵੀ ਬਿਜਲੀ ਘਰ ਰਸੂਲਪੁਰ , 66 ਕੇ ਵੀ ਗੋਇੰਦਵਾਲ ਸਾਹਿਬ, 220 ਕੇ ਵੀ ਰੋਸ਼ੀਆਣਾ, 66 ਕੇ ਵੀ ਖਡੂਰ ਸਾਹਿਬ, 66 ਕੇ ਵੀ ਕੱਟੋ, 132 ਕੇ ਵੀ ਤਰਨ ਤਾਰਨ, 66 ਕੇ ਵੀ ਮਾਣੋਚਾਹਲ ,132 ਕੇ ਵੀ ਭਿੱਖੀਵਿੰਡ 'ਤੇ ਇਲਾਵਾ ਸਰਕਲ ਅਧੀਨ ਵੱਖ ਵੱਖ ਬਿਜਲੀ ਘਰਾਂ ਅਤੇ ਦਫਤਰਾਂ ਵਿੱਚ ਮੇਜਰ ਸਿੰਘ ਨਾਗੋਕੇ, ਅਵਤਾਰ ਕ੍ਰਿਸ਼ਨ, ਕੁਲਵਿੰਦਰ ਸਿੰਘ ਬਾਗੜੀਆਂ, ਪੂਰਨਦਾਸ ਦੀ ਅਗਵਾਈ ਹੇਠ ਲਾਲ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ । ਇਸ ਮੌਕੇ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਅੱਜ ਦੇ ਦੌਰ ਵਿੱਚ ਮਜ਼ਦੂਰ ਦਿਵਸ ਦੀ ਮਹੱਤਤਾ ਤੋਂ ਹਾਜ਼ਰੀਨ ਨੂੰ ਜਾਣੂ ਕਰਵਾ ਕੇ ਦੱਸਿਆ ਕਿ 1886 ਤੋਂ ਪਹਿਲਾਂ ਸਾਮਰਾਜੀ ਹਾਕਮਾਂ ਵੱਲੋਂ ਮਜ਼ਦੂਰ ਜਮਾਤ 'ਤੇ ਬਹੁਤ ਤਸ਼ੱਦਦ ਕੀਤਾ ਜਾਦਾ ਸੀ, ਮਜ਼ਦੂਰਾਂ ਕੋਲੋਂ 16 - 16 ਘੰਟੇ ਰੋਜ਼ਾਨਾ ਡਿਊਟੀ ਲੈ ਕੇ ਵੀ ਹਫਤਾਵਾਰੀ ਛੁੱਟੀ ਦੀ ਸਹੂਲਤ ਤੋਂ ਮਜ਼ਦੂਰਾਂ ਨੂੰ ਵਾਂਝੇ ਰੱਖਿਆ ਜਾਦਾ ਸੀ। ਇਸ ਮਨੁੱਖਤਾ ਵਿਰੋਧੀ ਵਰਤਾਰੇ ਖਿਲਾਫ਼ ਮਜ਼ਦੂਰ ਜਮਾਤ ਵੱਲੋਂ ਅਮਨਪੂਰਵਕ ਕੀਤੀ ਹੜਤਾਲ ਨੂੰ ਕੁਚਲਣ ਲਈ ਅੰਨ੍ਹੇਵਾਹ ਗੋਲੀਆਂ ਚਲਾ ਕੇ ਅੱਧੀ ਦਰਜਨ ਤੋਂ ਵੱਧ ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਸੀ ਅਤੇ 7 ਮਜ਼ਦੂਰ ਆਗੂਆਂ ਨੂੰ ਫਾਂਸੀ 'ਤੇ ਲਟਕਾ ਕੇ ਹੱਕੀ ਅੰਦੋਲਨ ਨੂੰ ਦਬਾਉਣ ਦੀਆਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਸਨ ਪਰ ਮਿਹਨਤਕਸ਼ ਜਮਾਤ ਦੀਆਂ ਕੁਰਬਾਨੀਆਂ ਸਦਕਾ ਮਜ਼ਦੂਰ ਜਮਾਤ 8 ਘੰਟੇ ਦੀ ਡਿਊਟੀ ਅਤੇ ਹਫਤਾਵਾਰੀ ਛੁੱਟੀ ਦੇ ਹੱਕ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਈ ਸੀ । ਗੰਡੀਵਿੰਡ ਨੇ ਕਿਹਾ ਕਿ ਹਾਕਮ ਜਮਾਤਾਂ ਵੱਲੋਂ ਪੂੰਜੀਪਤੀਆਂ ਦੇ ਦਬਾਅ ਹੇਠ ਡਿਊਟੀ ਦੇ ਘੰਟੇ ਵਧਾਉਣ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਨਿਖੇਧੀ ਕਰਦਿਆਂ ਸਮੇਤ 44 ਕਿਰਤ ਕਾਨੂੰਨ ਖਤਮ ਕਰਕੇ ਬਣਾਏ 4 ਲੇਬਰ ਕੋਡ ਰੱਦ ਕਰਵਾਉਣ ਅਤੇ ਹੋਰ ਮਜ਼ਦੂਰ ਮੁਲਾਜ਼ਮ ਵਿਰੋਧੀ ਘੜੀਆਂ ਜਾ ਰਹੀਆਂ ਨੀਤੀਆਂ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 20 ਮਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨਾ ਹੀ ਸ਼ਿਕਾਗੋ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਦੋਨਾਂ ਜਥੇਬੰਦੀਆਂ ਦੇ ਆਗੂਆਂ ਅਵਤਾਰ ਕ੍ਰਿਸ਼ਨ, ਸ਼ੰਗਾਰਾ ਸਿੰਘ, ਤਰਸੇਮ ਸਿੰਘ, ਲਖਵਿੰਦਰ ਸਿੰਘ ਬਹਿਲਾ, ਬਲਜਿੰਦਰ ਸਿੰਘ ਪਲਾਸੌਰ, ਬਲਕਾਰ ਸਿੰਘ ਜੰਡੋਕੇ, ਸਰਬਜੀਤ ਸਿੰਘ ਜਵੰਦਾ, ਨਰਿੰਦਰ ਸਿੰਘ ਵਲਟੋਹਾ, ਰਾਜਿੰਦਰ ਜੋਸ਼ੀ, ਜਸਬੀਰ ਸਿੰਘ ਪੰਡੋਰੀ, ਜੰਗ ਸਿੰਘ, ਤਰਜੀਤ ਸਿੰਘ ਨਾਗੋਕੇ, ਮਨਜੀਤ ਸਿੰਘ ਖੇਲਾ, ਜਸਪਾਲ ਸਿੰਘ ਆਦਿ ਨੇ ਵੀ ਵਿਚਾਰ ਪੇਸ਼ ਕਰਦਿਆਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ।

# ਮੰਗਲ ਸਿੰਘ ਲਾਈਨਮੈਨ ਨੂੰ ਰਿਟਾਇਰਮੈਂਟ 'ਤੇ ਕੀਤਾ ਸਨਮਾਨਤ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਇੰਪਲਾਈਜ਼ ਫੈਡਰੇਸ਼ਨ ਚਾਹਲ ਜਥੇਬੰਦੀ ਵੱਲੋਂ ਮੰਗਲ ਸਿੰਘ ਵਰਪਾਲ ਦੀ ਰਿਟਾਇਰਮੈਂਟ ਪਾਰਟੀ 'ਤੇ ਵੱਖ ਵੱਖ ਤਰ੍ਹਾਂ ਦੇ ਤੋਹਫੇ ਦੇ ਕੇ ਸਨਮਾਨਤ ਕੀਤਾ ਗਿਆ ਤੇ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਤੇ ਪਹੁੰਚੇ ਪ੍ਰਤਾਪ ਸਿੰਘ ਸੂਬਾ ਮੀਤ ਪ੍ਰਧਾਨ ਨੇ ਸਮੂਹ ਇੰਪਲਾਈਜ਼ ਫੈਡਰੇਸ਼ਨ ਚਾਹਲ ਜਥੇਬੰਦੀ ਵੱਲੋਂ ਸਾਰੇ ਪਰਵਾਰ ਨੂੰ ਵਧਾਈ ਦਿੱਤੀ। ਇਸ ਮੌਕੇ ਮਨਿੰਦਰ ਸਿੰਘ ਮਨੀ ਪ੍ਰਧਾਨ ਜੰਡਿਆਲਾ ਗੁਰੂ ਨੇ ਕਿਹਾ ਕਿ ਮੰਗਲ ਸਿੰਘ ਨੇ ਆਪਣੀਆਂ ਬਿਜਲੀ ਮਹਿਕਮੇ ਵਿੱਚ ਸੇਵਾਵਾਂ ਨੂੰ 1989 ਤੋਂ ਲੈ ਕੇ 2025 ਤੱਕ ਪੀ ਐਸ ਪੀ ਸੀ ਐਲ ਦੀਆਂ ਵੱਖ ਵੱਖ ਡਵੀਜ਼ਨਾਂ ਤੇ ਸਬ ਡਵੀਜ਼ਨਾਂ ਵਿੱਚ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਇਆ। ਇਸ ਸਮੇਂ ਮੰਗਲ ਸਿੰਘ ਦੀ ਗਰਿਡ ਉਸਾਰੀ ਮੰਡਲ ਵਰਪਾਲ ਤੋਂ ਰਿਟਾਇਰਮੈਂਟ ਹੋਈ। ਇਸ ਮੌਕੇ ਸਬ ਡਵੀਜ਼ਨ ਬੰਡਾਲਾ ਤੇ ਸਟੇਸ਼ਨ ਦੇ ਮੁਲਾਜ਼ਮਾਂ ਵੱਲੋਂ ਵੀ ਸਿਰੋਪਾਉ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਸ ਡੀ ਓ ਮਹਿੰਦਰ ਸਿੰਘ, ਸੂਬਾ ਆਗੂ ਪ੍ਰਤਾਪ ਸਿੰਘ ਸੁਖੇਵਾਲ, ਜੇ ਈ ਰਣਜੀਤ ਸਿੰਘ, ਸੁਖਦੇਵ ਸਿੰਘ ਸੂਬਾ ਆਗੂ, ਮਨਿੰਦਰ ਸਿੰਘ ਮਨੀ ਪ੍ਰਧਾਨ ਮੰਡਲ ਜੰਡਿਆਲਾ ਗੁਰੂ, ਗੁਰਸੇਵਕ ਸਿੰਘ, ਹਰਮੀਤ ਸਿੰਘ, ਵਰਿੰਦਰ ਸਿੰਘ, ਗੁਰਦੇਵ ਸਿੰਘ, ਬਲਜਿੰਦਰ ਸਿੰਘ ਨੇ ਪਰਵਾਰ ਨਾਲ ਇਸ ਖੁਸ਼ੀ ਦੇ ਮੌਕੇ ਵਧਾਈਆਂ ਦਿੱਤੀਆਂ।

# ਬੀਬੀ ਬਲਜਿੰਦਰ ਕੌਰ ਚੰਗੀਆਂ ਸੇਵਾਵਾਂ ਬਦਲੇ ਸਨਮਾਨਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਬਿਜਲੀ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪ ਫੈਡਰੇਸ਼ਨ ਏਟਕ ਦੀ ਸਰਕਲ ਪ੍ਰਧਾਨ ਅਤੇ ਸੂਬਾ ਆਗੂ ਬੀਬੀ ਬਲਜਿੰਦਰ ਕੌਰ 24 ਸਾਲ ਦੀ ਸਰਵਿਸ ਕਰਕੇ ਬਤੌਰ ਯੂਡੀਸੀ ਦੇ ਅਹੁਦੇ ਤੋਂ ਚੰਗੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ।ਵਿਦਾਇਗੀ ਸਮਾਰੋਹ ਮੌਕੇ ਇਕੱਤਰ ਹੋਏ ਰੈਗੂਲਰ ਅਤੇ ਪੈਨਸ਼ਨਰ ਸਾਥੀਆਂ ਨੂੰ ਸਬੋਧਨ ਕਰਦਿਆਂ ਮੋਹਤਮ ਸਿੰਘ ਡਿਪਟੀ ਚੀਫ਼ ਇੰਜੀਨੀਅਰ ਸਰਕਲ ਤਰਨ ਤਾਰਨ, ਹਰਕ੍ਰਿਸ਼ਨ ਸਿੰਘ ਐਕਸੀਅਨ ਟੈਕ, ਕੁਲਵਿੰਦਰ ਸਿੰਘ ਬਾਗੜੀਆਂ ਐਸਡੀਓ, ਸਰਕਲ ਸਕੱਤਰ ਪੂਰਨ ਦਾਸ, ਰਕੇਸ਼ ਕੁਮਾਰ ਮਲਹੋਤਰਾ, ਜਸਬੀਰ ਸਿੰਘ ਸ਼ੇਰੋਂ, ਸਰਕਲ ਆਗੂ ਲਖਵਿੰਦਰ ਸਿੰਘ ਬਹਿਲਾ ਅਤੇ ਨਰਿੰਦਰ ਸਿੰਘ ਬੇਦੀ ਸਰਕਲ ਸਕੱਤਰ ਤਰਨ ਤਾਰਨ ਨੇ ਬਲਜਿੰਦਰ ਕੌਰ ਵਲੋਂ ਜਥੇਬੰਦਕ ਸੰਘਰਸ਼ਾਂ ਵਿੱਚ ਪਾਏ ਲਾਮਿਸਾਲ ਯੋਗਦਾਨ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹਾ ਕਰਨਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੈ।ਬਿਜਲੀ ਮੁਲਾਜ਼ਮਾਂ ਦੀ ਜਥੇਬੰਦੀ ਵਿੱਚ ਕੰਮ ਕਰਦਿਆਂ ਸਮਾਜ ਵਿੱਚ ਔਰਤਾ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਦਿਆਂ ਉਨ੍ਹਾਂ ਦੀ ਬੰਦ ਖਿਲਾਸੀ ਲਈ ਜਥੇਬੰਦ ਘੋਲਾਂ ਵਿੱਚ ਸਰਗਰਮ ਭੂਮਿਕਾ ਨਿਭਾਈ ਹੈ।ਭਾਵੇਂ ਬਲਜਿੰਦਰ ਕੌਰ ਪਹਿਲਾ ਹੀ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਮੈਂਬਰ ਹੈ।ਮੁਲਾਜ਼ਮਾਂ ਦੀ ਜਥੇਬੰਦੀ ਵਿੱਚ ਕੰਮ ਕਰਦਿਆਂ ਸਮਾਜ ਵਿੱਚ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਨੂੰ ਸਮਝਦਿਆਂ, ਸਰਕਲ ਸਕੱਤਰ ਨਰਿੰਦਰ ਸਿੰਘ ਬੇਦੀ ਨੇ ਜਥੇਬੰਦੀ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ ਜਿਸਨੂੰ ਉਨ੍ਹਾਂ ਵੱਲੋਂ ਪਰਵਾਨ ਕਰ ਲਿਆ ਗਿਆ।

# ਘੁਰਕਵਿੰਡ ਵਿਖੇ ਮਜ਼ਦੂਰ ਦਿਵਸ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਘੁਰਕਵਿੰਡ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਸਮੇਂ ਝੰਡਾ ਲਹਿਰਾਉਣ ਦੀ ਰਸਮ ਕਾਮਰੇਡ ਅੰਜੂ ਰਾਣੀ ਨੇ ਕੀਤੀ।ਇੱਕ ਮਈ 1886 ਦੇ ਸ਼ਹੀਦਾਂ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਅਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ ਦੇ ਨਾਅਰੇ ਲਗਾਏ ਗਏ।ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾ ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ ਨੇ ਕਿਹਾ ਕਿ ਇਹ ਦਿਨ ਦੁਨੀਆ ਭਰ ਵਿੱਚ ਮਜਦੂਰ ਜਮਾਤ ਵਾਸਤੇ ਸ਼ੁਭ ਦਿਹਾੜਾ ਹੈ। ਇਸ ਦਿਨ ਅਮਰੀਕਾ ਦੀ ਮਜ਼ਦੂਰ ਜਮਾਤ ਨੇ ਆਪਣੇ ਹੱਕਾਂ ਦੀ ਰਾਖੀ ਲਈ ਅਤੇ ਦੁਨੀਆ ਦੀ ਮਜਦੂਰ ਜਮਾਤ ਲਈ ਸ਼ਹਾਦਤਾਂ ਦਿੱਤੀਆਂ। ਇੱਕ ਮਈ 1886 ਨੂੰ ਮਜ਼ਦੂਰ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ ਗਏ ਅਤੇ ਬਹੁਤ ਸਾਰੇ ਮਜਦੂਰਾਂ ਨੇ ਝੂਠੇ ਮੁਕੱਦਮਿਆਂ ਨਾਲ ਫਾਂਸੀ ਦੇ ਰੱਸੇ ਚੁੰਮੇ।ਇਸ ਤੋਂ ਬਾਅਦ ਸਾਰੀ ਦੁਨੀਆਂ ਵਿੱਚ ਮਜ਼ਦੂਰ ਜਮਾਤ ਦੀ ਲਹਿਰ ਹੋਰ ਪ੍ਰਚੰਡ ਹੋ ਕੇ ਨਿਕਲੀ।ਅਗੂਆ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਮਜ਼ਦੂਰਾਂ ਨਾਲ ਜੋ ਵਾਅਦੇ ਕੀਤੇ ਸਨ ਉਹ ਖੋਖਲੇ ਸਾਬਤ ਹੋ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਕੀਤੇ ਵਾਅਦੇ ਪੂਰੇ ਕਰੇ। ਨਸ਼ਾ ਅਤੇ ਗੁੰਡਾਗਰਦੀ ਨੂੰ ਫੌਰੀ ਨੱਥ ਪਾਈ ਜਾਵੇ। ਇਸ ਮੌਕੇ ਕਾਮਰੇਡ ਲਖਬੀਰ ਸਿੰਘ, ਅਰਸ਼ਦੀਪ ਸਿੰਘ, ਸਰਬਜੀਤ ਕੌਰ, ਬਲਜੀਤ ਕੌਰ, ਜਸ਼ਨਦੀਪ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਮਈ ਦਿਵਸ ਦੇ ਸ਼ਹੀਦਾਂ ਨੂੰ ਕੀਤਾ ਯਾਦ



**ਨੌਸ਼ਹਿਰਾ ਪਨੂੰਆਂ (ਪ੍ਰਿਤਪਾਲ ਸਿੰਘ)** ਮਜ਼ਦੂਰ ਜਮਾਤ ਦੀਆਂ ਜਿੱਤਾਂ ਦੇ ਪ੍ਰਤੀਕ ਪਵਿੱਤਰ ਦਿਹਾੜੇ ਮਈ ਦਿਵਸ ਮੌਕੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਅਤੇ ਪਾਵਰਕਾਮ / ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਵਰਕਰਾਂ ਨੇ ਮੇਜਰ ਸਿੰਘ ਪਨੂੰ ਅਤੇ ਜਗੀਰ ਸਿੰਘ ਜੱਗੀ ਦੀ ਅਗਵਾਈ ਹੇਠ ਪਾਵਰਕਾਮ ਦੀ ਨੌਸ਼ਹਿਰਾ ਪਨੂੰਆਂ ਸਬ ਡਵੀਜ਼ਨ ਵਿਖੇ 66 ਕੇ ਵੀ ਬਿਜਲੀ ਘਰ ਦੇ ਗੇਟ 'ਤੇ ਲਾਲ ਝੰਡਾ ਝੁਲਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਨਾਅਰਿਆਂ ਦੀ ਗੂੰਜ ਵਿੱਚ ਸ਼ਰਧਾਂਜਲੀ ਭੇਟ ਕਰਦੇ ਹੋਏ ਯਾਦ ਕੀਤਾ । ਇਸ ਮੌਕੇ ਫੈਡਰੇਸ਼ਨ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਮਜ਼ਦੂਰ ਦਿਵਸ ਦੇ ਸ਼ਾਨਾਮੱਤੇ ਇਤਿਹਾਸ ਤੋਂ ਹਾਜ਼ਰੀਨ ਨੂੰ ਜਾਣੂ ਕਰਵਾ ਕੇ ਮਿਹਨਤਕਸ਼ ਜਮਾਤ ਅੱਗੇ ਹਾਕਮ ਜਮਾਤਾਂ ਵੱਲੋਂ ਪੂੰਜੀਪਤੀਆਂ ਦੇ ਦਬਾਅ ਹੇਠ ਖੜ੍ਹੀਆਂ ਕੀਤੀਆਂ ਜਾ ਰਹੀਆਂ ਵੱਡੀਆਂ ਚਣੌਤੀਆਂ ਦਾ ਟਾਕਰਾ ਸੰਘਰਸ਼ਾਂ ਰਾਹੀਂ ਕਰਨ ਦਾ ਸੱਦਾ ਦਿੱਤਾ । ਗੰਡੀਵਿੰਡ ਨੇ ਕਿਹਾ ਕਿ ਸਾਡੇ ਪੁਰਖਿਆਂ ਨੇ 1886 ਵਿੱਚ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਦੀ ਧਰਤੀ ਨੂੰ ਆਪਣੇ ਖੂਨ ਨਾਲ ਲਾਲ ਕਰਕੇ ਸਮੇਂ ਦੀ ਹਕੂਮਤ ਖਿਲਾਫ਼ ਲਹੂ ਵੀਟਵੀਂ ਲੜਾਈ ਲੜਦਿਆਂ ਗੋਲੀਆਂ ਅਤੇ ਫਾਂਸ਼ੀਆਂ ਰਾਹੀਂ ਵਡਮੁੱਲੀਆਂ ਸ਼ਹਾਦਤਾਂ ਦੇ ਕੇ ਮਜ਼ਦੂਰ ਜਮਾਤ ਨੂੰ ਜੋ ਹੱਕ ਹਕੂਕ ਲੈ ਕੇ ਦਿੱਤੇ ਸਨ, ਅੱਜ ਦੇ ਵੰਨ ਸਵੰਨੇ ਹਾਕਮ ਉਨ੍ਹਾਂ ਵਿੱਚ ਵਾਧਾ ਕਰਨ ਦੀ ਬਜਾਏ ਮਜ਼ਦੂਰ ਜਮਾਤ ਕੋਲੋਂ ਖੋਹ ਰਹੇ ਹਨ। ਇਸ ਮੌਕੇ ਦੋਨਾਂ ਜਥੇਬੰਦੀਆਂ ਦੇ ਆਗੂਆਂ ਪੂਰਨ ਦਾਸ, ਕੁਲਵਿੰਦਰ ਸਿੰਘ ਬਾਗੜੀਆਂ, ਹਰਪ੍ਰੀਤ ਸਿੰਘ ਪਨੂੰ, ਗੁਰਭੇਜ ਸਿੰਘ ਨੰਦਪੁਰ, ਮੋਹਨ ਸਿੰਘ ਬਾਈ, ਬਲਵਿੰਦਰ ਸਿੰਘ ਸ਼ਾਹ, ਕਸ਼ਮੀਰ ਸਿੰਘ ਨੰਦਪੁਰ, ਸਵਰਨ ਸਿੰਘ ਨੰਦਪੁਰ, ਲਖਵਿੰਦਰ ਸਿੰਘ ਬਹਿਲਾ, ਜਸਬੀਰ ਸਿੰਘ ਪੰਡੋਰੀ, ਸੁਖਦੇਵ ਕੁਮਾਰ ਜੇ ਈ ਆਦਿ ਨੇ ਵੀ ਹਿੱਸਾ ਲਿਆ।

# ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਵੱਲੋਂ ਮਈ ਦਿਵਸ 'ਤੇ ਵਿਸ਼ਾਲ ਕਾਨਫਰੰਸ



**ਬਟਾਲਾ (ਤਰਲੋਕ ਬੱਗਾ)**- ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਦੀ ਯਾਦ ਵਿੱਚ ਆਪਣੇ ਦਫਤਰ ਨਜ਼ਦੀਕ ਡੀਲਕਸ ਪੁਲੀ ਵਿਖੇ ਵਿਸ਼ਾਲ ਕਾਨਫਰੰਸ ਕੀਤੀ ਅਤੇ ਸ਼ਹਿਰ ਅੰਦਰ ਮਿੱਡ ਡੇ ਮੀਲ ਬੀਬੀਆਂ, ਈਰਿਕਸ਼ਾ ਵਰਕਰ, ਮਨਰੇਗਾ ਮਜ਼ਦੂਰਾਂ ਨੇ ਰੋਹ ਭਰਪੂਰ ਮਾਰਚ ਕੀਤਾ। ਇਸ ਮੌਕੇ ਸ਼ਹੀਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਪੰਜਾਬ ਦੇ ਮਾਝਾ ਜ਼ੋਨ ਇੰਚਾਰਜ ਮਨਜੀਤ ਰਾਜ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਦੇ 78 ਸਾਲਾਂ ਬਾਅਦ ਵੀ ਮਜ਼ਦੂਰਾ ਦੀ ਸਮਾਜਿਕ ਸੁਰੱਖਿਆ ਦੀ ਗਰੰਟੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸਰਕਾਰਾਂ ਮਜ਼ਦੂਰ ਵਿਰੋਧੀ ਨੀਤੀਆਂ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਥੇ ਫੈਕਟਰੀਆਂ,ਭੱਠਿਆ, ਅੰਦਰ ਮਜ਼ਦੂਰਾਂ ਦੀ ਲੁੱਟ ਹੋ ਰਹੀ ਹੈ ਉਥੇ ਸਰਕਾਰੀ ਸਕੂਲਾਂ, ਹਸਪਤਾਲਾਂ ਸਮੇਤ ਸਰੇ ਸਰਕਾਰੀ ਵਿਭਾਗਾਂ ਅੰਦਰ ਕਿਰਤ ਕਾਨੂੰਨਾਂ ਦੇ ਉਲਟ ਕਿਰਤ ਕਾਨੂੰਨਾਂ ਸਕੀਮ ਵਰਕਰਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਰੱਦ ਕਰਕੇ ਮਜ਼ਦੂਰਾਂ ਦੇ 8 ਘੰਟੇ ਕਾਨੂੰਨ ਦੀ ਥਾਂ ਕੰਮ ਘੰਟੇ 6 ਕੀਤੇ ਜਾਣ। ਸਰਕਾਰੀ ਦਫਤਰਾਂ ਵਿਚ ਕੰਮ ਕਰਦੇ ਸਾਰੇ ਸਕੀਮ ਵਰਕਰਾਂ ਨੂੰ ਪੱਕਾ ਕੀਤਾ ਜਾਵੇ। ਇਸ ਮੌਕੇ ਮਿੱਡ ਡੇ ਮੀਲ ਵਰਕਰ ਯੂਨੀਅਨ ਦੇ ਸੂਬਾ ਆਗੂ ਸਤਿੰਦਰ ਕੌਰ ਬਟਾਲਾ, ਸਰੂਪ ਸਿੰਘ ਖਾਲਸਾ, ਦਲਵੀਰ ਸਿੰਘ ਭੱਟੀ,ਆਦਿ ਹਾਜ਼ਰ ਸਨ।

# ਝਬਾਲ ਦੀ ਕ੍ਰਿਕਟ ਟੀਮ ਨੇ ਚਾਹਲ ਨੂੰ ਹਰਾ ਕੇ ਮੈਚ 20 ਦੌੜਾਂ ਨਾਲ ਜਿੱਤਿਆ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਨੌਜਵਾਨਾਂ ਵਿਚੋਂ ਖੇਡਾਂ ਦਾ ਰੁਝਾਨ ਖ਼ਤਮ ਹੋਣ ਕਰਕੇ ਖੇਡ ਮੈਦਾਨ ਖਾਲੀ ਹੁੰਦੇ ਜਾ ਰਹੇ ਸਨ ਉਥੇ ਪਿੰਡ ਝਬਾਲ ਅਤੇ ਚਾਹਲ ਦੀਆਂ ਟੀਮਾਂ ਦਰਮਿਆਨ ਕ੍ਰਿਕਟ ਦੇ ਮੈਚ ਬਾਬਾ ਬੁੱਢਾ ਜੀ ਕਾਲਜ ਦੀ ਗਰਾਊਂਡ ਵਿਖੇ ਹੋਇਆ ਜਿੱਥੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਝਬਾਲ ਦੀ ਟੀਮ ਨੇ 16 ਓਵਰਾਂ ਵਿਚ 151 ਰਨ ਬਣਾਏ ਤੇ ਪਿੰਡ ਚਾਹਲ ਦੀ ਟੀਮ ਇਸ ਟਾਰਗੈਂਟ ਨੂੰ ਪੂਰਾ ਨਾ ਕਰ ਸਕੀ ਤੇ ਪਿੰਡ ਝਬਾਲ ਦੀ ਟੀਮ 20 ਦੌੜਾਂ ਦੇ ਫਰਕ ਨਾਲ ਜੇਤੂ ਰਹੀ। ਇਨ੍ਹਾਂ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਤੌਰ ਤੇ ਹਲਕਾ ਤਰਨ ਤਾਰਨ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਤੇ ਕਿਹਾ ਕਿ ਖੇਡਾਂ ਨੌਜਵਾਨ ਦੇ ਸਰੀਰ ਲਈ ਬਹੁਤ ਜ਼ਰੂਰੀ ਹਨ ਜਿਸ ਨਾਲ ਜਿੱਥੇ ਨੌਜਵਾਨਾਂ ਦੇ ਸਰੀਰ ਵਿਕਾਸ ਹੁੰਦਾ ਹੈ ਉਥੇ ਇਹ ਖੇਡਾਂ ਨੌਜਵਾਨਾਂ ਨੂੰ ਕਦੇ ਬੁਢਾਪੇ ਦਾ ਅਹਿਸਾਸ ਨਹੀਂ ਹੋਣ ਦਿੰਦਾ । ਉਨ੍ਹਾਂ ਕਿਹਾ ਕਿ ਉਹ ਖਿਡਾਰੀਆਂ ਦੀ ਹਰ ਇਕ ਜ਼ਰੂਰਤ ਨੂੰ ਪੂਰਾ ਕਰਨ ਲਈ ਹਰ ਸਮੇਂ ਤਿਆਰ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਆਉਣ ਤੇ ਖਿਡਾਰੀਆਂ ਲਈ ਹਰ ਤਰ੍ਹਾਂ ਦੇ ਮੈਦਾਨ ਤਿਆਰ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਸਹਾਇਤਾ ਦਿੱਤੀ। ਇਸ ਮੌਕੇ ਖਿਡਾਰੀਆਂ ਨੇ ਕਰਨਬੀਰ ਸਿੰਘ ਬੁਰਜ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਨੂੰ ਕਿਹਾ। ਇਸ ਮੌਕੇ ਹਰਜੀਤ ਸਿੰਘ ਜੀਤਾ, ਕੁਲਦੀਪ ਸਿੰਘ ਬਾਊ ਪਹਿਲਵਾਨ, ਸਿਮਰਨਜੀਤ ਸਿੰਘ ਚਾਹਲ, ਗੁਰਬਿੰਦਰ ਸਿੰਘ ਮੱਝੂਪੁਰ, ਨਵ ਝਬਾਲ, ਅਵਤਾਰ ਸਿੰਘ ਬੁਰਜ, ਹਰਪ੍ਰੀਤ ਸਿੰਘ ਬਾਵਾ, ਕਰਮਜੀਤ ਸਿੰਘ, ਰਾਜਨ ਝਬਾਲ, ਜਗਬੀਰ ਸਿੰਘ ਜੱਗਾ, ਸਤਨਾਮ ਸਿੰਘ ਸੱਤਾ, ਜਤਿੰਦਰ ਸਿੰਘ ਬੱਬਾ, ਸਾਬੂ ਮੱਝੂਪੁਰ, ਸਿਮਰਨਜੀਤ ਸਿੰਘ ਚਾਹਲ, ਅਕਾਸ਼ ਢਿੱਲੋਂ, ਗੁਰਮਨ ਬਾਠ, ਪ੍ਰਿੰਸ ਚਾਹਲ, ਗੱਬਰ ਚਾਹਲ, ਅਮਰਾਜ, ਅਕਾਸ਼ ਅਤੇ ਪਿੰਦਰ ਆਦਿ ਹਾਜ਼ਰ ਸਨ।

# ਪਹਿਲਗਾਮ ਹਮਲੇ ਦੇ ਪੀੜਤਾਂ ਦੀ ਯਾਦ 'ਚ ਮੋਮਬੱਤੀ ਮਾਰਚ ਕੱਢਿਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਏਕਤਾ ਅਤੇ ਹਮਦਰਦੀ ਦੇ ਇੱਕ ਭਾਵਪੂਰਨ ਪ੍ਰਦਰਸ਼ਨ ਵਿੱਚ, ਡਾਇਓਸਿਸ ਆਫ ਅੰਮ੍ਰਿਤਸਰ ਚਰਚ ਆਫ਼ ਨੌਰਥ ਇੰਡੀਆ ਦੇ ਬੈਨਰ ਹੇਠ ਪਹਿਲਗਾਮ ਕਤਲੇਆਮ ਦੇ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਏਕਤਾ ਪ੍ਰਗਟ ਕਰਨ ਲਈ ਇੱਕ ਮੋਮਬੱਤੀ ਮਾਰਚ ਦਾ ਆਯੋਜਨ ਕੀਤਾ ਗਿਆ। ਸੇਂਟ ਪੌਲ ਚਰਚ ਕੋਰਟ ਰੋਡ ਤੋਂ ਸ਼ੁਰੂ ਹੋ ਕੇ ਇਹ ਮੋਮਬੱਤੀ ਮਾਰਚ ਸ਼ਹਿਰ ਦੀਆਂ ਮੁੱਖ ਸੜਕਾਂ ਵਿੱਚੋਂ ਲੰਘਿਆ ਅਤੇ ਸ਼ਾਂਤੀ ਅਤੇ ਏਕਤਾ ਦਾ ਇੱਕ ਸ਼ਕਤੀਸ਼ਾਲੀ ਸੰਦੇਸ਼ ਫੈਲਾਇਆ। ਦਿ ਰਾਈਟ ਰੈਵਰੈਂਡ ਮਨੋਜ ਚਰਨ, ਬਿਸ਼ਪ, ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ਼ ਨੌਰਥ ਇੰਡੀਆ ਨੇ ਮਾਰਚ ਦੀ ਅਗਵਾਈ ਕੀਤੀ ਅਤੇ ਕਿਹਾ ਕਿ ਡਾਇਓਸਿਸ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਬੇਰਹਿਮੀ ਨਾਲ ਮਾਰੇ ਗਏ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਪ੍ਰਤੀ ਆਪਣੀ ਦਿਲੀ ਹਮਦਰਦੀ ਪ੍ਰਗਟ ਕਰਦੀ ਹੈ। ਅਸੀਂ ਪੀੜਤਾਂ ਦੀ ਸਦੀਵੀ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਾਂ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਨਾਲ ਖੜ੍ਹੇ ਹਾਂ। ਪ੍ਰਭੂ ਉਨ੍ਹਾਂ ਨੂੰ ਇਸ ਡੂੰਘੇ ਨੁਕਸਾਨ ਨੂੰ ਬਰਦਾਸ਼ਤ ਕਰਨ ਲਈ ਤਾਕਤ ਅਤੇ ਦਿਲਾਸਾ ਦੇਵੇ ਬਿਸ਼ਪ ਮਨੋਜ ਚਰਨ ਨੇ ਕਿਹਾ। ਬਿਸ਼ਪ ਮਨੋਜ ਚਰਨ ਨੇ ਵੱਖ-ਵੱਖ ਪਹਿਲਕਦਮੀਆਂ ਰਾਹੀਂ ਸ਼ਾਂਤੀ, ਹਮਦਰਦੀ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਡਾਇਓਸਿਸ ਦੀ ਵਚਨਬੱਧਤਾ ਨੂੰ ਦੁਹਰਾਇਆ। ਇਸ ਕੈਂਡਲ ਮਾਰਚ ਵਿੱਚ ਡਾਇਓਸੀਸ ਦੇ ਪਾਦਰੀਆਂ, ਅਧਿਕਾਰੀਆਂ ਅਤੇ ਕ੍ਰਾਈਸਟ ਚਰਚ ਕੈਥੇਡ੍ਰਲ, ਸੇਂਟ ਪੌਲ ਚਰਚ ਅਤੇ ਐਪੀਫਨੀ ਚਰਚ ਅਤੇ ਪਿੰਡਾਂ ਵਿੱਚ ਡਾਇਓਸੀਸ ਦੀਆਂ ਸੰਗਤਾਂ ਦੀ ਵੱਧ ਚੜ੍ਹ ਕੇ ਸ਼ਮੂਲੀਅਤ ਦੇਖਣ ਨੂੰ ਮਿਲੀ।



# ਡੇਰਾ ਬਾਬਾ ਨਾਨਕ ਦੇ ਕੋਰੀਡੋਰ ਵਿਖੇ ਸੰਗਤਾਂ ਨੂੰ ਮਿਲੇਗੀ ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਸੁਵਿਧਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਕੌਮਾਂਤਰੀ ਸਰਹੱਦ ਡੇਰਾ ਬਾਬਾ ਨਾਨਕ 'ਤੇ ਬਣੇ ਕੋਰੀਡੋਰ ਰਾਹੀਂ ਦਰਸ਼ਨ ਦੀਦਾਰ ਕਰਨ ਵਾਲੀਆਂ ਸੰਗਤਾਂ ਲਈ ਗੁਰੂ ਘਰ ਦੇ ਅਨਿੰਨ ਸੇਵਕ ਅਤੇ ਦੇਸ਼ ਵਿਦੇਸ਼ 'ਚ ਆਪਣੇ ਸਮਾਜ ਸੇਵੀ ਕਾਰਜਾਂ ਦੇ ਕਾਰਨ ਵਿਲੱਖਣ ਪਹਿਚਾਣ ਰੱਖਣ ਵਾਲੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਸੰਸਾਰ ਪ੍ਰਸਿੱਧ ਸਮਾਜ ਸੇਵੀ ਸ਼ਖਸੀਅਤ ਡਾਕਟਰ ਐਸ.ਪੀ.ਸਿੰਘ ਉਬਰਾਏ ਵੱਲੋਂ ਡੇਰਾ ਬਾਬਾ ਨਾਨਕ ਦੇ ਕੋਰੀਡੋਰ ਵਿਖੇ ਸੰਗਤਾਂ ਦੇ ਲਈ ਸਾਫ ਸੁਥਰੇ ਸੀਤਲ ਪਾਣੀ ਦਾ ਪ੍ਰਬੰਧ ਕਰਦਿਆਂ ਨਵਾਂ 300 ਫੁੱਟ ਤੋਂ ਵੀ ਡੂੰਘਾ ਟਿਊਬਵੈੱਲ ਦਾ ਬੋਰ ਕਰਵਾਇਆ ਜਾ ਰਿਹਾ ਹੈ। ਜਿਸ ਦੀ ਸ਼ੁਰੂਆਤ ਡਾਕਟਰ ਐਸ. ਪੀ. ਸਿੰਘ ਉਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਟਰੱਸਟ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ ਅਤੇ ਸੀਨੀਅਰ ਮੈਂਬਰ ਯੋਧਵੀਰ ਸਿੰਘ ਵੱਲੋਂ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਸਥਿਤ ਕੋਰੀਡੋਰ ਵਿਖੇ ਪਹੁੰਚ ਕੇ ਕੋਰੀਡੋਰ ਦੇ ਸੀਨੀਅਰ ਮੈਨੇਜਰ ਟੀ. ਆਰ. ਸ਼ਰਮਾ, ਸਹਾਇਕ ਮੈਨੇਜਰ ਮਨਜੀਤ ਸਿੰਘ, ਜੇ.ਈ. ਰਤਨ ਲਾਲ ਅਤੇ ਸੁਖਜਿੰਦਰ ਸਿੰਘ ਦੇ ਨਾਲ ਮਿਲ ਕੇ ਨਵਾਂ ਸਬਮਰਸੀਬਲ ਦਾ ਬੋਰ ਕਰਵਾਉਣ ਲਈ ਕਾਰਜ ਸ਼ੁਰੂ ਕਰਵਾਏ ਗਏ। ਇਸ ਦੌਰਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੁੱਖ ਗ੍ਰੰਥੀ ਭਾਈ ਬਲਵੰਤ ਸਿੰਘ ਅਤੇ ਭਾਈ ਗੁਰਜੰਟ ਸਿੰਘ ਵੱਲੋਂ ਗੁਰਬਾਣੀ ਦੇ ਜਾਪ ਕਰਨ ਉਪਰੰਤ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਡੇਰਾ ਬਾਬਾ ਨਾਨਕ ਕੋਰੀਡੋਰ ਦੇ ਸੀਨੀਅਰ ਮੈਨੇਜਰ ਟਿੱਕਾ ਰਾਮ ਸ਼ਰਮਾ ਨੇ ਡਾਕਟਰ ਉਬਰਾਏ ਅਤੇ ਉਹਨਾਂ ਦੀ ਸਮੁੱਚੀ ਜ਼ਿਲ੍ਹਾ ਟੀਮ ਦਾ ਧੰਨਵਾਦ ਕੀਤਾ।

# ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਦੇ 10ਵੀਂ ਤੇ 12ਵੀਂ ਦੇ ਨਤੀਜੇ ਸ਼ਾਨਦਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਈ.ਸੀ.ਐਸ.ਈ ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ 10ਵੀਂ ਅਤੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਕਲਿਆਣਪੁਰ (ਧਾਰੀਵਾਲ) ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਪ੍ਰਿੰਸੀਪਲ ਡਾ. ਬਰਿੰਦਰ ਜੋਤ ਕੌਰ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਸਕੂਲ ਦਾ 10ਵੀਂ ਅਤੇ 12ਵੀਂ ਦਾ ਨਤੀਜਾ 100% ਰਿਹਾ ਹੈ ਅਤੇ ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ। ਉਨ੍ਹਾਂ ਦੱਸਿਆ ਕਿ ਬਾਰ੍ਹਵੀਂ ਜਮਾਤ ਸਾਇੰਸ ਗਰੁੱਪ ਵਿੱਚ ਹਰਮਨਦੀਪ ਸਿੰਘ ਨੇ 92% ਅੰਕਾਂ ਨਾਲ ਪਹਿਲਾ, ਗੁਰਲੀਨ ਕੌਰ ਨੇ 91% ਅੰਕਾਂ ਨਾਲ ਦੂਜਾ ਅਤੇ ਜੈਸਮੀਨ ਕੌਰ ਨੇ 88% ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ 'ਚ ਸੀਰਤ ਸੰਧੂ ਨੇ 88% ਅੰਕਾਂ ਨਾਲ ਪਹਿਲਾ ਸਥਾਨ, ਏਕਮਜੋਤ ਕੌਰ 85% ਅੰਕਾਂ ਨਾਲ ਦੂਜਾ ਅਤੇ ਅਜੇ ਪਾਲ ਸਿੰਘ ਨੇ 82% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸਕੂਲ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਅਤੇ ਨੀਯਤੀ ਮਹਾਜਨ ਨੇ 91% ਅੰਕਾਂ ਨਾਲ ਪਹਿਲਾ, ਹਰਸ਼ਪ੍ਰੀਤ ਨੇ 90% ਨਾਲ ਦੂਜਾ ਅਤੇ ਰਮਨਪ੍ਰੀਤ ਕੌਰ ਨੇ 89% ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਡਾਇਰੈਕਟਰ ਐਡਵੋਕੇਟ ਪ੍ਰਿਤਪਾਲ ਸਿੰਘ ਅਤੇ ਸਕੂਲ ਪ੍ਰਿੰਸੀਪਲ ਡਾ: ਬਰਿੰਦਰ ਜੋਤ ਕੌਰ ਨੇ ਇਸ ਚੰਗੇ ਨਤੀਜਿਆਂ ਲਈ ਸਮੂਹ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।



# 'ਯਾਦਾਂ ਦੀ ਸੰਦੂਕੜੀ' ਦਾ ਲੋਕ ਅਰਪਣ ਸਮਾਰੋਹ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੀ ਪ੍ਰਧਾਨ ਅਤੇ ਪ੍ਰਸਿੱਧ ਸ਼ਾਇਰਾ ਨਿਰਮਲ ਕੌਰ ਕੋਟਲਾ ਨੇ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੇ ਕੱਲ੍ਹ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਕਿਤਾਬ ਯਾਦਾਂ ਦੀ ਸੰਦੂਕੜੀ ਦਾ ਲੋਕ ਅਰਪਣ ਕੀਤਾ ਗਿਆ। ਇਸ ਕਿਤਾਬ ਦੇ ਮੁੱਖ ਸੰਪਾਦਕ ਨਿਰਮਲ ਕੌਰ ਕੋਟਲਾ, ਸਹਿ ਸੰਪਾਦਕ ਮਨਦੀਪ ਕੌਰ ਭਦੌੜ, ਕੁਲਵਿੰਦਰ ਕੌਰ ਨੰਗਲ ਦੇ ਸਹਿਯੋਗ ਨਾਲ ਇਹ ਕਿਤਾਬ ਸੰਪਾਦਕ ਕੀਤੀ ਗਈ। ਇਸ ਪੁਸਤਕ ਵਿੱਚ 30 ਲੇਖਕਾਂ ਦੀਆਂ ਆਪ ਬੀਤੀਆਂ ਸ਼ਾਮਲ ਹਨ। ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੇ ਪ੍ਰਧਾਨ ਨਿਰਮਲ ਕੌਰ ਕੋਟਲਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਜਸਵੀਰ ਸਿੰਘ ਰਾਣਾ ਨਾਮਵਰ ਕਹਾਣੀਕਾਰ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੇ ਸ਼ੁਰੂਆਤ ਤੋਂ ਪਹਿਲਾਂ ਦੋ ਮਿੰਟ ਦਾ ਮੌਨ ਰੱਖ ਕੇ ਪੁਲਵਾਮਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਗੁਰਦੀਪ ਸਿੰ ਕੰਗ ਮੈਨੇਜਰ ਸ੍ਰੀ ਫਤਿਹਗੜ੍ਹ ਸਾਹਿਬ, ਨਿਰਮਲ ਸਿੰਘ ਗ੍ਰੰਥੀ ਸ੍ਰੀ ਫਤਿਹਗੜ੍ਹ ਸਾਹਿਬ, ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੱਸਾ ਸਿੰਘ ਆਲੂਵਾਲੀਆ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਦਲਜੀਤ ਸਿੰਘ ਸਾਈ ਮੀਆਂ ਮੀਰ ਫਾਊਂਡੇਸ਼ਨ ਨੇ ਪ੍ਰੋਗਰਾਮ ਵਿੱਚ ਭਾਗ ਲਿਆ। ਸਟੇਜ ਸੰਚਾਲਨ ਕੁਲਵਿੰਦਰ ਕੌਰ ਨੰਗਲ ਵੱਲੋਂ ਕੀਤਾ ਗਿਆ। ਆਏ ਹੋਏ ਮਹਿਮਾਨਾਂ ਦਾ ਨਵਜੋਤ ਕੌਰ ਬਾਜਵਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਪਰਮਿੰਦਰ ਕੌਰ ਪੈਮ, ਨਵਜੋਤ ਕੌਰ ਬਾਜਵਾ ਗੁਰਮੀਤ ਕੌਰ ਬਲ ਰਈਆ, ਰਣਜੀਤ ਕੌਰ ਜਮੁਨਾ ਨਗਰ, ਕੁਲਵਿੰਦਰ ਕੌਰ ਨੰਗਲ, ਮਨਜੀਤ ਕੌਰ ਬੋਲਾ ਪ੍ਰਧਾਨ ਸ਼ਹੀਦ ਭਗਤ ਸਿੰਘ ਸੇਵਾ ਸੁਸਾਇਟੀ, ਪਰਮਿੰਦਰ ਕੌਰ ਗੋਸਲ ਗੁਰਮਿੰਦਰ ਕੌਰ ਬੰਗਾ, ਬਲਵਿੰਦਰ ਕੌਰ ਪੰਧੇਰ ਸ੍ ਗੁਰਨਾਮ ਸਿੰਘ ਪੰਧੇਰ, ਸੁਰਿੰਦਰਪਾਲ ਸਿੰਘ ਬੰਗਾ, ਮਨਿੰਦਰ ਬੱਸੀ, ਹਰਜਿੰਦਰ ਕੌਰ ਸੱਧਰ, ਰਜਿੰਦਰ ਕੌਰ ਟਕਾਪੁਰ ਅੰਮ੍ਰਿਤਸਰ, ਦੀਪ ਕੁਲਦੀਪ ਯੂਕੇ, ਪਰਮਿੰਦਰ ਕੌਰ ਪੰਧੋਹਲ, ਨਵਜੋਤ ਕੌਰ ਭੁੱਲਰ, ਗਗਨਦੀਪ ਸਿੰਘ ਗੁਰਾਇਆ, ਰਾਜਵਿੰਦਰ ਸਿੰਘ ਗੱਡੂ ਮੋਹਾਲੀ, ਚਰਨਜੀਤ ਕੌਰ ਬਾਠ ਮੋਹਾਲੀ, ਨਾਨਕ ਸਿੰਘ, ਦਵਿੰਦਰ ਸਿੰਘ ਯਮੁਨਾਨਗਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਮੌਕੇ ਤੇ ਕਿਤਾਬ ਯਾਦਾਂ ਦੀ ਸੰਦੂਕੜੀ 'ਤੇ ਜਸਬੀਰ ਸਿੰਘ ਰਾਣਾ ਵੱਲੋਂ ਪਰਚਾ ਪੜ੍ਹਿਆ ਗਿਆ ਤੇ ਪਹੁੰਚੇ ਹੋਏ ਵੱਖ ਵੱਖ ਕਵੀਆਂ ਨੇ ਆਪਣੇ ਵਿਚਾਰ ਵੀ ਪੇਸ਼ ਕੀਤੇ। ਅੰਤ ਵਿੱਚ ਆਏ ਹੋਏ ਮਹਿਮਾਨਾਂ ਦਾ ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਦੀ ਪ੍ਰਧਾਨ ਨਿਰਮਲ ਕੌਰ ਕੋਟਲਾ ਵੱਲੋਂ ਧੰਨਵਾਦ ਕੀਤਾ ਗਿਆ।

# ਜੇ ਪੀ ਐੱਮ ਓ ਦੇ ਝੰਡੇ ਹੇਠ ਸ਼ਿਕਾਗੋ ਦੇ ਸ਼ਹੀਦਾਂ ਨੂੰ ਕੀਤਾ ਯਾਦ

## ● ਮੁਲਾਜ਼ਮ, ਕਿਸਾਨ ਅਤੇ ਮਜ਼ਦੂਰਾਂ ਨੂੰ ਇੱਕ ਹੋਣ ਦਾ ਦਿੱਤਾ ਸੁਨੇਹਾ : ਪ ਸ ਸ ਫ



**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)**- ਮਈ ਦਿਵਸ ਮੌਕੇ ਜੇ.ਪੀ.ਐਮ.ਓ. ਗੁਰਦਾਸਪੁਰ ਦੇ ਸੱਦੇ 'ਤੇ ਜੰਗਲਾਤ ਦਫਤਰ ਵਿਖੇ ਮਨਾਇਆ ਗਿਆ । ਇਸ ਸਮੇਂ ਜੇ.ਪੀ.ਐਮ. ਓ. ਨਾਲ ਸਬੰਧਤ ਸਾਰੀਆਂ ਜਥੇਬੰਦੀਆਂ ਹਾਜ਼ਰ ਸਨ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਬੋਧ ਸਿੰਘ ਘੁੰਮਣ, ਮੱਖਣ ਸਿੰਘ ਕੋਹਾੜ, ਰਤਨ ਸਿੰਘ ਹੱਲਾ, ਪ੍ਰੇਮ ਕੁਮਾਰ, ਕਿਸਾਨ ਆਗੂ ਅਜੀਤ ਸਿੰਘ ਹੁੰਦਲ ਅਤੇ ਅਨਿਲ ਕੁਮਾਰ ਲਾਹੌਰੀਆ ਨੇ ਸਮੂਹਕ ਤੌਰ ਤੇ ਕੀਤੀ । ਇਸ ਸਮੇਂ ਵੱਖ-ਵੱਖ ਆਗੂਆਂ ਨੇ ਇੱਕਤਰ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਮਜ਼ਦੂਰ ਜਮਾਤ ਲਈ ਬਹੁਤ ਮਹੱਤਵਪੂਰਨ ਹੈ, ਏਸੇ ਦਿਨ ਸ਼ਿਕਾਗੋ ( ਅਮਰੀਕਾ) ਵਿੱਚ ਮਜ਼ਦੂਰਾਂ ਦੇ ਆਗੂਆਂ ਨੇ ਆਪਣੀਆਂ ਜਾਨਾਂ ਵਾਰ ਕੇ ਮਜ਼ਦੂਰਾਂ ਦੇ ਕੰਮ ਕਰਨ ਦੇ ਘੰਟੇ ਨਿਸਚਤ ਕਰਵਾਏ ਸਨ । ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਲੈ ਕੇ ਦਿੱਤੀਆਂ, ਜੋ ਹੁਣ ਸਮੇਂ ਦੀਆਂ ਸਰਕਾਰਾਂ ਨੇ ਮਜ਼ਦੂਰ ਮਾਰੂ ਨੀਤੀਆਂ ਨਾਲ ਉਹ ਸਭ ਪ੍ਰਾਪਤੀਆਂ ਨੂੰ ਖੋਰਾ ਲਾ ਦਿੱਤਾ ਹੈ। ਅਜ ਸਭ ਮੁਲਾਜ਼ਮ, ਮਜ਼ਦੂਰ ਅਤੇ ਕਿਸਾਨ ਆਗੂਆਂ ਨੇ ਅਹਿਦ ਲਿਆ ਕਿ ਸਭ ਨੂੰ ਇੱਕ ਝੰਡੇ ਥੱਲੇ ਇੱਕਠੇ ਕਰਕੇ ਆਉਣ ਸਮੇਂ ਵਿੱਚ ਸਰਕਾਰ ਖਿਲਾਫ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ । ਸਾਰੀ ਇੱਕਤਰਤਾ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦਿੰਦਿਆ ਕਿਹਾ, ਬਰਾਬਰਤਾ, ਧਰਮ ਨਿਰਪੱਖਤਾ ਵਾਲਾ ਅਤੇ ਸਮਾਜਵਾਦੀ ਪ੍ਰਬੰਧ ਉਸਾਰਨਾ ਸਮੇਂ ਦੀ ਵੱਡੀ ਲੋੜ ਹੈ। ਇੱਸ ਸਮੇਂ ਹੋਰਨਾਂ ਤੋਂ ਇਲਾਵਾ ਕਵੀ ਕੁਮਾਰ, ਵਿਨੋਦ ਕੁਮਾਰ, ਅਵਿਨਾਸ਼ ਸਿੰਘ, ਬਲਵਿੰਦਰ ਸਿੰਘ ਤੁੰਗ, ਰਘਬੀਰ ਸਿੰਘ ਚਾਹਲ, ਸਟਿਫਨ ਨੌਜਵਾਨ ਸਭਾ ਆਗੂ, ਕੁਲਬੀਰ ਸਿੰਘ ਆਦਿ ਹਾਜ਼ਰ ਸਨ।

# ਕੇਂਦਰ ਵੱਲੋਂ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਰੋਸ ਪ੍ਰਦਰਸ਼ਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਿੱਤਾਂ ਤੇ ਡਾਕਾ ਮਾਰਨ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਰਾਹੀਂ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਅੱਜ ਧਾਰੀਵਾਲ ਵਿਖੇ ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਪ੍ਰਧਾਨ ਅਸ਼ਵਨੀ ਦੁੱਗਲ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰਾਜ ਦੇ ਪਾਣੀ ਦੀ ਰਾਖੀ ਲਈ ਦ੍ਰਿੜ ਸੰਕਲਪਿਤ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਕਿਸੇ ਦਾ ਹੱਕ ਨਹੀਂ ਮਾਰਦਾ ਸਗੋਂ ਅਸੀਂ ਆਪਣੇ ਹੱਕਾਂ ਦੀ ਰਾਖੀ ਲਈ ਲੜ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਹਰਿਆਣਾ 21 ਮਈ ਤੱਕ ਦੇ ਬਣਦੇ ਆਪਣੇ ਪਾਣੀ ਦੇ ਹਿੱਸੇ ਤੋਂ 3 ਫੀਸਦੀ ਵੱਧ ਅਤੇ ਰਾਜਸਥਾਨ 11 ਫੀਸਦੀ ਵੱਧ ਪਾਣੀ ਲੈ ਚੁੱਕਾ ਹੈ ਜਦਕਿ ਪੰਜਾਬ ਨੇ ਆਪਣੇ ਪਾਣੀ ਦੀ ਸੰਜਮ ਨਾਲ ਵਰਤੋਂ ਕੀਤੀ ਹੈ ਅਤੇ ਉਸਨੂੰ ਹਾਲੇ ਹਿੱਸੇ ਦਾ 89 ਫੀਸਦੀ ਪਾਣੀ ਹੀ ਮਿਲਿਆ ਹੈ।ਉਨ੍ਹਾਂ ਨੇ ਕਿਹਾ ਕਿ ਜੇਕਰ ਹੁਣ ਧੱਕੇਸ਼ਾਹੀ ਨਾਲ ਹੱਕ ਦਾ ਪਾਣੀ ਲੈਣ ਤੋਂ ਬਾਅਦ ਹੋਰ ਪਾਣੀ ਹਰਿਆਣਾ ਨੂੰ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਦੇ ਖੇਤ ਸੁੱਕ ਜਾਣਗੇ।ਇਸ ਮੌਕੇ ਆਪ ਆਗੂ ਅਮਨਦੀਪ ਸਿੰਘ ਨੇ ਕਿਹਾ ਕਿ ਜਦ ਦੂਜੇ ਸੂਬੇ ਆਪਣੇ ਹਿੱਸੇ ਦਾ ਪਾਣੀ ਲੈ ਚੁੱਕੇ ਤਾਂ ਫਿਰ ਹੁਣ ਪੰਜਾਬ ਦਾ ਪਾਣੀ ਧੱਕੇ ਨਾਲ ਕਿਉਂ ਲੁੱਟਿਆਂ ਜਾ ਰਿਹਾ ਹੈ।ਉਨ੍ਹਾਂ ਨੇ ਬੀਬੀਐੱਮਬੀ ਦੇ ਡਾਇਰੈਕਟਰ ਦੇ ਅਹੁਦੇ ਕੀਤੀ ਗਈ ਬਦਲੀ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਹਿੱਤਾਂ ਦਾ ਘਾਣ ਕਰ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਹਮੇਸ਼ਾ ਹੀ ਪੰਜਾਬ ਵਿਰੋਧੀ ਕਾਰਵਾਈਆਂ ਕਰਦੀ ਹੈ।ਮੌਕੇ ਵੱਡੀ ਗਿਣਤੀ ਵਿੱਚ ਆਪ ਆਗੂਆਂ ਅਤੇ ਧਾਰੀਵਾਲ ਦੇ ਲੋਕਾਂ ਨੇ ਪੰਜਾਬ ਦੇ ਪਾਣੀਆਂ ਦੀ ਲੁੱਟ ਵਿਰੁੱਧ ਆਪਣਾ ਰੋਸ ਜ਼ਾਹਰ ਕੀਤਾ।



ਨਵਾਂ ਜ਼ਮਾਨਾ
ਸ਼ਨੀਵਾਰ, 3 ਮਈ 2025

# ਜਾਤੀ ਜਨਗਣਨਾ ਜਾਂ ਮ੍ਰਿਗਤ੍ਰਿਸ਼ਨਾ

*ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਦੇਸ਼ ਭਰ ਵਿੱਚ ਯੁੱਧ ਦਾ ਮਾਹੌਲ ਬਣਾਇਆ ਗਿਆ ਸੀ। ਇਸ ਦਾ ਮਕਸਦ ਪਾਕਿਸਤਾਨ ਨੂੰ ਸਬਕ ਸਿਖਾਉਣਾ ਨਹੀਂ, ਸਗੋਂ ਪਿਛਲੇ 11 ਸਾਲਾਂ ਤੋਂ ਹਿੰਦੂ-ਮੁਸਲਿਮ ਵਿਚਕਾਰ ਫੈਲਾਈ ਜਾ ਰਹੀ ਨਫ਼ਰਤ ਨੂੰ ਅੰਜਾਮ ਤੱਕ ਪੁਚਾਉਣਾ ਸੀ। ਇਸੇ ਲਈ ਇਹ ਗੱਲ ਪ੍ਰਚਾਰੀ ਗਈ ਕਿ ਅੱਤਵਾਦੀਆਂ ਨੇ ਧਰਮ ਪੁੱਛ ਕੇ ਹਿੰਦੂ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਨਿਰਦਈ ਹਮਲੇ ਵਿਰੁੱਧ ਜਦੋਂ ਸਾਰਾ ਕਸ਼ਮੀਰ ਇੱਕਜੁੱਟ ਹੋ ਕੇ ਖੜ੍ਹਾ ਹੋ ਗਿਆ ਤੇ ਤਿੰਨ ਦਿਨ ਸਮੁੱਚਾ ਕਾਰੋਬਾਰ ਠੱਪ ਕਰਕੇ ਕਸ਼ਮੀਰੀਆਂ ਨੇ ਅੱਤਵਾਦੀਆਂ ਵਿਰੁੱਧ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ ਤਾਂ ਹਿੰਦੂਤਵੀ ਸ਼ਕਤੀਆਂ ਦੇ ਫਿਰਕੂ ਮਨਸੂਬਿਆਂ ਨੂੰ ਤਹਿਸ-ਨਹਿਸ ਕਰ ਦਿੱਤਾ। ਦੇਸ਼ ਦੀਆਂ ਦੋ ਦਰਜਨ ਦੇ ਕਰੀਬ ਥਾਵਾਂ ਉੱਤੇ ਕਸ਼ਮੀਰੀ ਵਿਦਿਆਰਥੀ ਤੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲਿਆਂ ਨੂੰ ਵੀ ਆਮ ਲੋਕਾਂ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ।*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਊਦੀ ਅਰਬ ਦਾ ਦੌਰਾ ਵਿੱਚੇ ਛੱਡ ਕੇ ਦਿੱਲੀ ਏਅਰਪੋਰਟ ਉੱਤੇ ਹੀ ਉੱਚ ਪੱਧਰੀ ਮੀਟਿੰਗ ਲਾਉਣਾ, ਬਿਹਾਰ ਦੇ ਮਧੂਬਨੀ ਵਿੱਚ ਜਨਤਕ ਇਕੱਠ ਵਿੱਚ ਅੱਤਵਾਦੀਆਂ ਤੇ ਉਨ੍ਹਾਂ ਦੇ ਪ੍ਰਿਤਪਾਲਕਾਂ ਨੂੰ ਸਬਕ ਸਿਖਾਉਣ ਦੀਆਂ ਧਮਕੀਆਂ ਤੇ ਫਿਰ ਦਿੱਲੀ ਆ ਕੇ ਤਿੰਨਾਂ ਫੌਜਾਂ ਦੇ ਜਨਰਲਾਂ ਨਾਲ ਲਾਈ ਮੀਟਿੰਗ ਨੇ ਦੇਸ਼ ਭਰ ਵਿੱਚ ਇਹ ਮਹੌਲ ਸਿਰਜ ਦਿੱਤਾ ਕਿ ਕੁਝ ਨਾ ਕੁਝ ਵੱਡਾ ਹੋਣ ਵਾਲਾ ਹੈ। ਸਾਰਾ 'ਡੌਂਗੀ ਮੀਡੀਆ' ਤਾਂ ਪਹਿਲੇ ਦਿਨ ਤੋਂ ਹੀ ਇਹ ਸ਼ੋਰ ਮਚਾਉਂਦਾ ਰਿਹਾ ਕਿ ਬਸ ਪਾਕਿਸਤਾਨ ਦਾ ਮਲੀਆਮੇਟ ਹੋਣ ਵਾਲਾ ਹੈ ਤੇ ਪਾਕਿਸਤਾਨੀ ਕਸ਼ਮੀਰ ਨੂੰ ਭਾਰਤ ਦਾ ਹਿਸਾ ਬਣਨ ਤੋਂ ਕੋਈ ਨਹੀਂ ਰੋਕ ਸਕਦਾ।*

*ਇਸ ਬਣਾਏ ਗਏ ਗੁਬਾਰੇ ਦੀ ਹਵਾ ਉਸ ਵੇਲੇ ਨਿਕਲ ਗਈ, ਜਦੋਂ ਪ੍ਰਧਾਨ ਮੰਤਰੀ ਦਾ ਇਹ ਬਿਆਨਾ ਆ ਗਿਆ, 'ਅਸੀਂ ਤਿੰਨਾਂ ਫੌਜਾਂ ਨੂੰ ਕਹਿ ਦਿੱਤਾ ਹੈ ਕਿ ਉਹ ਜਿਵੇਂ ਚਾਹੁਣ ਤੇ ਜਿਸ ਤਰ੍ਹਾਂ ਠੀਕ ਸਮਝਣ, ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਹੈ।' ਇਹ ਬਿਆਨ ਸਿਰਫ਼ ਹਾਸੋਹੀਣਾ ਹੀ ਨਹੀਂ, ਮੂਰਖਾਨਾ ਵੀ ਸੀ। ਯੁੱਧਾਂ ਦੇ ਫੈਸਲੇ ਫੌਜਾਂ ਨਹੀਂ, ਰਾਜਨੀਤਕ ਅਗਵਾਈ ਕਰਦੀ ਹੁੰਦੀ ਹੈ। ਫੌਜ ਤਾਂ ਆਪਣੀ ਰਾਇ ਦੇ ਸਕਦੀ ਹੈ, ਫੈਸਲਾ ਤਾਂ ਸੱਤਾਧਾਰੀ ਲੀਡਰਸ਼ਿਪ ਨੇ ਕਰਨਾ ਹੁੰਦਾ ਹੈ ਤੇ ਫੌਜ ਦਾ ਕੰਮ ਉਸ ਉੱਤੇ ਫੁੱਲ ਚੜ੍ਹਾਉਣਾ ਹੁੰਦਾ ਹੈ। ਅਸਲ ਵਿੱਚ ਸੱਤਾਧਾਰੀ ਜੰਗ ਦਾ ਮਹੌਲ ਸਿਰਜ ਕੇ ਫਸ ਚੁੱਕੇ ਸਨ ਤੇ ਇਸ ਵਿੱਚੋਂ ਬਾਹਰ ਨਿਕਲਣ ਦਾ ਰਾਹ ਲੱਭ ਰਹੇ ਸਨ। ਇਸੇ ਪਿਛੋਕੜ ਵਿੱਚ ਕੈਬਨਿਟ ਵੱਲੋਂ ਜਾਤੀ ਜਨਗਣਨਾ ਕਰਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ। ਕੁਝ ਲੋਕ ਮੋਦੀ ਦੇ ਇਸ ਫੈਸਲੇ ਨੂੰ ਰਾਹੁਲ ਗਾਂਧੀ ਦੀ ਜਿੱਤ ਵਜੋਂ ਪੇਸ਼ ਕਰ ਰਹੇ ਹਨ। ਇਹ ਸੱਚ ਹੈ ਕਿ ਆਰ ਐੱਸ ਐੱਸ ਤੇ ਭਾਜਪਾ ਜਾਤੀ ਜਨਗਣਨਾ ਦੀ ਹਮੇਸ਼ਾ ਵਿਰੋਧੀ ਰਹੀ ਹੈ। ਪ੍ਰਧਾਨ ਮੰਤਰੀ ਸਮੇਤ ਭਾਜਪਾਈ ਆਗੂਆਂ ਦੇ ਪਿਛਲੇ ਬਿਆਨ, 'ਏਕ ਹਾਂ ਤਾਂ ਸੇਫ ਹਾਂ, ਬਟੇਂਗੇ ਤੋਂ ਕਟੇਂਗੇ' ਇਸ ਦੀ ਗਵਾਹੀ ਭਰਦੇ ਹਨ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸੱਤਾਧਾਰੀ ਕਦੇ ਪਿਛਲੀਆਂ ਗੱਲਾਂ ਨੂੰ ਚੇਤੇ ਨਹੀਂ ਰੱਖਦੇ, ਉਹ ਅੱਗੇ ਦੀ ਸੋਚਦੇ ਹਨ। ਸਾਡੀ ਸਮਝ ਵਿੱਚ ਇਸ ਪੈਂਤੜੇ ਨਾਲ ਭਾਜਪਾ ਨੇ ਵਿਰੋਧੀ ਧਿਰਾਂ ਕੋਲੋਂ ਇੱਕ ਵਾਰ ਤਾਂ ਜਾਤੀ ਜਨਗਣਨਾ ਦਾ ਏਜੰਡਾ ਖੋਹ ਲਿਆ ਹੈ। ਅਗਲੀ ਗੱਲ ਇਹ ਕਿ ਜਾਤੀ ਜਨਗਣਨਾ ਹੋਵੇਗੀ ਜਾਂ ਨਹੀਂ ਹੋਵੇਗੀ, ਇਸ ਦੀ ਕੋਈ ਗਰੰਟੀ ਨਹੀਂ ਦੇ ਸਕਦਾ। ਮਰਦਮਸ਼ੁਮਾਰੀ 2021 'ਚ ਹੋਣੀ ਸੀ, ਕੋਰੋਨਾ ਵੀ ਮੁੱਕ ਗਿਆ, ਸਾਰੇ ਕੰਮ ਹੋ ਰਹੇ ਹਨ, ਪਰ ਮਰਦਮ-ਸ਼ੁਮਾਰੀ ਦੀ ਬਾਈ-ਧਾਈ ਨਹੀਂ। ਜਾਤੀ ਜਨਗਣਨਾ ਵੀ ਤਾਂ ਉਸੇ ਨਾਲ ਹੋਣੀ ਹੈ। ਔਰਤਾਂ ਲਈ 33 ਫੀਸਦੀ ਰਿਜ਼ਰਵੇਸ਼ਨ ਦੇ ਫੈਸਲੇ ਦਾ ਹਸ਼ਰ ਜੋ ਹੋਇਆ ਹੈ, ਉਹ ਭੁੱਲਣਾ ਨਹੀਂ ਚਾਹੀਦਾ। ਬਿਹਾਰ, ਕਰਨਾਟਕ ਤੇ ਤੇਲੰਗਾਨਾ ਦੀਆਂ ਸਰਕਾਰਾਂ ਜਾਤੀ ਸਰਵੇਖਣ ਕਰਾ ਕੇ ਜਾਤ ਵਾਰ ਅੰਕੜੇ ਜਾਰੀ ਕਰ ਚੁੱਕੀਆਂ ਹਨ। ਅਸਲ ਮਸਲਾ ਰਿਜ਼ਰਵੇਸ਼ਨ ਬਾਰੇ ਲੱਗਾ ਹੋਇਆ 50 ਫ਼ੀਸਦੀ ਦਾ ਬੰਨ੍ਹ ਹੈ। ਜਿਨ੍ਹਾਂ ਰਾਜਾਂ ਨੇ ਜਾਤੀ ਸਰਵੇਖਣ ਕਰਾ ਲਏ ਹਨ, ਉਹ ਮੰਗ ਕਰ ਰਹੇ ਹਨ ਕਿ 50 ਫ਼ੀਸਦੀ ਵਾਲੀ ਹੱਦ ਨੂੰ ਖ਼ਤਮ ਕੀਤਾ ਜਾਵੇ, ਪਰ ਕੇਂਦਰ ਸਰਕਾਰ ਇਸ ਲਈ ਤਿਆਰ ਨਹੀਂ।*

*ਇਸ ਲਈ ਆਪਣੀ ਜਿੱਤ ਦੀਆਂ ਕੱਛਾਂ ਵਜਾਉਣ ਦੀ ਥਾਂ ਜਾਤੀ ਜਨਗਣਨਾ ਤੇ ਇਸ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਾਉਣ ਲਈ ਤਕੜੀ ਲੜਾਈ ਸ਼ੁਰੂ ਕਰਨੀ ਚਾਹੀਦੀ ਹੈ। ਇਹ ਸੱਚ ਹੈ ਕਿ ਜਾਤੀ ਜਨਗਣਨਾ ਦਾ ਸਵਾਲ ਪੱਛੜਿਆਂ, ਗਰੀਬਾਂ ਤੇ ਹਾਸ਼ੀਏ ਉੱਤੇ ਟਿਕੇ ਜਨਮਾਨਸ ਲਈ ਇੱਕ ਕ੍ਰਾਂਤੀਕਾਰੀ ਮੋੜ ਹੋ ਸਕਦਾ ਹੈ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦੀਆਂ ਹਾਕਮ ਜਮਾਤਾਂ ਜਾਤੀ ਜਨਗਣਨਾ ਦੀਆਂ ਘੋਰ ਵਿਰੋਧੀ ਹਨ, ਉਹ ਇਸ ਨੂੰ ਲਾਗੂ ਕੀਤੇ ਜਾਣ ਵਿਰੁੱਧ ਹਰ ਹੀਲਾ ਵਰਤਣਗੀਆਂ। ਇਸ ਮਸਲੇ ਉੱਤੇ ਲੜਾਈ ਲੰਮੀ ਤੇ ਤਿੱਖੀ ਹੋਵੇਗੀ, ਇਸ ਨੂੰ ਜ਼ਿਹਨ 'ਚ ਰੱਖਣਾ ਪਵੇਗਾ।*

**- ਚੰਦ ਫਤਿਹਪੁਰੀ**

# ਪਾਣੀ ਬੰਦ ਕਰ ਦੇਣਾ ਹੈ

**ਨਰਿੰਦਰਜੀਤ ਸਿੰਘ ਬਰਾੜ**

ਪਿੰਡ ਵਿੱਚ ਸਭ ਤੋਂ ਵੱਧ ਲੜਾਈਆਂ ਪਾਣੀ ਪਿੱਛੇ ਹੀ ਹੁੰਦੀਆਂ ਸੀ। ਹੁਣ ਤਾਂ ਲੋਕ ਕੁਝ ਪੜ੍ਹ-ਲਿਖ ਗਏ ਤੇ ਸਿਆਣੇ ਹੋ ਗਏ। ਪੁਰਾਣੇ ਸਮੇਂ ਵਿੱਚ ਤਾਂ ਪਾਣੀ ਦੇ ਇੱਕ-ਦੋ ਮਿੰਟ ਪਿੱਛੇ ਕਤਲ ਹੋ ਜਾਂਦੇ ਸੀ। ਜਦੋਂ ਕਿਸੇ ਨੂੰ ਥੱਲੇ ਲਾਉਣਾ ਹੁੰਦਾ ਸੀ ਤਾਂ ਮਸਤਿਆ ਹੋਇਆ ਜੱਟ ਕਹਿੰਦਾ ਸੀ, 'ਪਤਾ ਉਸ ਸਮੇਂ ਲੱਗਣਾ ਜਦੋਂ ਅਸੀਂ ਕੀਤਾ ਪਾਣੀ ਬੰਦ। ਭੁੱਖੇ ਮਰਨ ਲਾ ਦਿਆਂਗੇ। ਸਾਲੇ ਮਲੰਗ ਜੱਟ ਸਾਡੇ ਨਾਲ ਪੰਗਾ ਲੈਂਦੇ ਨੇ।'

ਪਹਿਲਗਾਮ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਜੀ ਦਾ ਬਿਆਨ ਆ ਗਿਆ, 'ਸਮਝੌਤਾ ਖਤਮ, ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਬੰਦ ਕੀਤਾ ਜਾਵੇਗਾ।' ਮੈਂ ਸੋਚਿਆ ਆ ਤਾਂ ਪ੍ਰਧਾਨ ਮੰਤਰੀ ਨੇ ਜੱਟਾਂ ਵਾਲੀ ਗੱਲ ਕਰ ਦਿੱਤੀ। ਪ੍ਰਧਾਨ ਮੰਤਰੀ ਦੇ ਬਿਆਨ 'ਤੇ ਲੋਕ ਵੀ ਬਹੁਤ ਜੋਸ਼ ਵਿੱਚ ਸਨ। ਜੋਸ਼ ਵਿੱਚ ਹੋਣ ਵੀ ਕਿਉਂ ਨਾ ਪ੍ਰਧਾਨ ਮੰਤਰੀ ਨੇ ਬੜ੍ਹਕ ਮਾਰੀ ਹੋਵੇ, ਸਾਨੂੰ ਵੀ ਮਗਰੇ ਬੜ੍ਹਕ ਮਾਰਨੀ ਚਾਹੀਦੀ ਹੈ, ਨਾਲੇ ਸਾਡੇ ਪ੍ਰਧਾਨ ਮੰਤਰੀ ਜੀ ਕਈ ਸਾਲ ਪੰਜਾਬ ਰਹਿ ਕੇ ਗਏ ਨੇ । ਸੁਣਿਆ ਉਨ੍ਹਾਂ ਦਿਨਾਂ ਵਿੱਚ ਪ੍ਰਧਾਨ ਮੰਤਰੀ ਪਗੜੀ ਵੀ ਬੰਨ੍ਹਦੇ ਰਹੇ ਨੇ। ਪੰਜਾਬ ਦੇ ਬਾਬਾ ਬੋਹੜ ਲੀਡਰ ਦੇ ਘਰ ਵੀ ਰਹਿੰਦੇ ਰਹੇ ਨੇ। ਬੜ੍ਹਕ ਤਾਂ ਫਿਰ ਮਾਰਨੀ ਹੀ ਹੋਈ।

ਪ੍ਰਧਾਨ ਮੰਤਰੀ ਜੀ ਦੀ ਬੜ੍ਹਕ ਨੂੰ ਇੱਕ ਮੇਰਾ ਵੀਰ ਜ਼ਿਆਦਾ ਹੀ ਗੰਭੀਰਤਾ ਨਾਲ ਲੈ ਗਿਆ। ਉਹ ਟੀ ਵੀ ਵਿੱਚ ਬੋਲ ਰਿਹਾ ਸੀ। ਸਾਡੇ ਨਾਲ ਆਰ ਡੀ ਐੱਕਸ ਬੰਨ੍ਹ ਕੇ ਸਾਨੂੰ ਮਨੁੱਖੀ ਬੰਬ ਬਣਾ ਕੇ ਭੇਜੋ, ਅਸੀਂ ਆਪਣੇ ਹਿੰਦੂ ਭਰਾਵਾਂ ਦਾ ਬਦਲਾ ਲੈਣਾ ਹੈ। ਪ੍ਰਧਾਨ ਮੰਤਰੀ ਜੀ ਮੇਰੀ ਬੇਨਤੀ ਹੈ ਕਿ ਆਰ ਡੀ ਐਕਸ ਦਾ ਸਾਰਾ ਖਰਚਾ, ਮੈਂ ਆਪਣੀ ਨੇਕ ਕਮਾਈ ਵਿੱਚੋਂ ਦੇਵਾਂਗਾ। ਕਿਰਪਾ ਕਰਕੇ ਇਸ ਵੀਰ ਨੂੰ ਬੰਬ ਬਣਾ ਕੇ ਜ਼ਰੂਰ ਭੇਜ ਦੇਵੋ।

ਚਲੋ ਛੱਡੋ ਪਾਣੀ ਮਸਲੇ 'ਤੇ ਆਉਂਦੇ ਹਾਂ। ਜਿਨ੍ਹਾਂ ਨਦੀਆਂ ਰਾਹੀਂ ਪਾਣੀ ਪਾਕਿਸਤਾਨ ਜਾਂਦਾ ਹੈ , ਉਨ੍ਹਾਂ ਦੀ ਮੁੱਖ ਨਦੀ ਹੈ 'ਸਿੰਧ'। ਸਤਲੁਜ ਰਾਵੀ, ਬਿਆਸ, ਜਿਹਲਮ ਅਤੇ ਚਨਾਬ, ਸਿੰਧ ਦੀਆਂ ਸਹਾਇਕ ਨਦੀਆਂ ਜਾਂ ਦਰਿਆ ਹਨ । ਇੰਡਸ ਨਦੀ ਦੀ ਇੱਕ ਵੱਡੀ ਧਾਰਾ ਲੇਹ-ਲੱਦਾਖ ਅਤੇ ਕਸ਼ਮੀਰ ਵਿੱਚ ਦੀ ਹੁੰਦੇ ਹੋਏ ਪਾਕਿਸਤਾਨ ਦੇ ਵਿੱਚ ਪ੍ਰਵੇਸ਼ ਕਰਦੀ ਹੈ। ਮੈਂ ਉਮ-ਲਿੰਗ-ਲਾ ਤੋਂ ਪੀਂਗੋਂਗ ਲੇਕ ਦੇ ਰਸਤੇ ਨਿਊਬਰਾ ਵੈਲੀ ਤੱਕ ਸਫਰ ਕੀਤਾ ਹੈ। ਉਸ ਉੱਪਰ ਕੋਈ ਡੈਮ ਨਹੀਂ ਹੈ ਜਾਂ ਕਹਿ ਲਵੋ ਅਸੀਂ ਉਸ ਉੱਪਰ ਡੈਮ ਬਣਾ ਹੀ ਨਹੀਂ ਸਕਦੇ।

ਇੰਡਸ ਵਾਟਰ ਟਰੀਟੀ ਦੇ ਤਹਿਤ ਤਿੰਨ ਦਰਿਆਵਾਂ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀ ਨੂੰ ਅਸੀਂ ਆਪਣੇ ਢੰਗ ਨਾਲ ਵਰਤ ਸਕਦੇ ਹਾਂ, ਡੈਮ ਬਣਾ ਸਕਦੇ ਹਾਂ। ਪਾਕਿਸਤਾਨ ਦੇ ਹਿੱਸੇ ਜਿਹਲਮ, ਚਨਾਬ ਅਤੇ ਇੰਡਸ ਦੀਆਂ ਉੱਪਰਲੀਆਂ ਧਾਰਾਵਾਂ ਆਈਆਂ ਹਨ। ਚਨਾਬ ਉੱਪਰ ਅਸੀਂ ਕੁਝ ਬਿਜਲੀ ਬਣਾਉਣ ਵਾਲੇ ਛੋਟੇ ਡੈਮ ਬਣਾਏ ਹਨ, ਪਰ ਅਸੀਂ ਉਨ੍ਹਾਂ ਦਾ ਪਾਣੀ ਲੋੜੋਂ ਵੱਧ ਨਹੀਂ ਰੋਕਦੇ, ਅਸਲ ਵਿੱਚ ਬਿਜਲੀ ਬਣਾਉਣ ਵਾਲੇ ਡੈਮ ਵਿੱਚ ਪਾਣੀ ਦਾ ਜੋ ਲੈਵਲ ਹੁੰਦਾ ਹੈ, ਉਹ ਬਹੁਤ ਤੇਜ਼ੀ ਨਾਲ ਪੂਰਾ ਹੋ ਜਾਂਦਾ ਹੈ। ਉਸ ਲੈਵਲ ਦੇ ਪੂਰਾ ਹੁੰਦੇ ਹੀ ਵਾਧੂ ਪਾਣੀ ਛੱਡਣਾ ਹੀ ਪੈਂਦਾ ਹੈ।

ਮੇਰੀ ਜਾਣਕਾਰੀ ਅਨੁਸਾਰ ਜੰਮੂ-ਕਸ਼ਮੀਰ ਵਿੱਚ ਲਗਭਗ 13 ਬਿਜਲੀ ਬਣਾਉਣ ਵਾਲੇ ਛੋਟੇ ਡੈਮ ਹਨ, ਜਿਨ੍ਹਾਂ ਨੂੰ ਹਾਈਡਰੋ ਪ੍ਰੋਜੈਕਟ (ਪਣ ਬਿਜਲੀ ਪ੍ਰਾਜੈਕਟ) ਕਿਹਾ ਜਾਂਦਾ ਹੈ। ਇਹ ਹਾਈਡਰੋ ਪ੍ਰਾਜੈਕਟ (ਪਣ ਬਿਜਲੀ ਪ੍ਰਾਜੈਕਟ) ਦੇ ਨਾਂਅ ਹਨ। ਇਹ ਪ੍ਰੋਜੈਕਟ ਭਾਵੇਂ ਚਨਾਬ ਦਰਿਆ ਦੀਆਂ ਧਾਰਾਵਾਂ ਉੱਪਰ ਬਣੇ ਹੋਏ ਹਨ, ਪਰ ਇਨ੍ਹਾਂ ਦਾ ਪਾਣੀ ਲੋੜੋਂ ਵੱਧ ਰੋਕਿਆ ਹੀ ਨਹੀਂ ਜਾ ਸਕਦਾ, ਜੇ ਰੋਕਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਡੈਮ ਹੀ ਟੁੱਟ ਸਕਦਾ ਹੈ।

ਇਸੇ ਤਰ੍ਹਾਂ ਹੀ ਹਿਮਾਚਲ ਪ੍ਰਦੇਸ਼ ਵਿੱਚੋਂ ਬਿਜਲੀ ਬਣਾਉਣ ਲਈ ਬਾਗਾ, ਚਦਰਾ, ਚਦਰਾਬਾਗਾ, ਚਨਾਬ ਨਦੀਆਂ ਉੱਪਰ ਲਗਭਗ 17 ਛੋਟੇ ਡੈਮ ਬਣੇ ਹੋਏ ਹਨ, ਜਿਨ੍ਹਾਂ ਨੂੰ ਬਿਜਲੀ ਪੈਦਾ ਕਰਨ ਲਈ ਬਣਾਇਆ ਗਿਆ ਹੈ।

ਵਧੇਰੇ ਡੈਮ ਪ੍ਰਾਈਵੇਟ ਕੰਪਨੀਆਂ ਵੱਲੋਂ ਬਣਾਏ ਗਏ ਹਨ। ਕੰਪਨੀਆਂ ਵੀ ਉਹ ਨੇ, ਜੋ ਸਰਕਾਰਾਂ ਨੂੰ ਚਲਾਉਂਦੀਆਂ ਹਨ। ਸਾਡੀ ਵੱਡੀ ਗਲਤਫਹਿਮੀ ਹੁੰਦੀ ਹੈ ਕਿ ਸਰਕਾਰ ਸਭ ਕੁਝ ਚਲਾਉਂਦੀ ਹੈ, ਅਸਲ ਵਿੱਚ ਤਾਂ ਧਨਾਢ ਲੋਕ ਹੀ ਸਰਕਾਰਾਂ ਨੂੰ ਆਪਣੀਆਂ ਉਂਗਲੀਆਂ ਉੱਪਰ ਨਚਾਉਂਦੇ ਹੁੰਦੇ ਨੇ। ਜੇ ਕੇਵਲ ਕੁਝ ਕੁ ਪਾਣੀ ਰੋਕਣਾ ਹੈ ਤਾਂ ਹਾਈਡਰੋ ਪ੍ਰਾਜੈਕਟ (ਪਣ ਬਿਜਲੀ ਪ੍ਰਾਜੈਕਟ) ਬੰਦ ਕਰਨੇ ਪੈਣਗੇ। ਬਿਜਲੀ ਨਹੀਂ ਬਣੇਗੀ ਤਾਂ ਕੰਪਨੀ ਘਾਟੇ ਵਿੱਚ ਜਾਵੇਗੀ। ਕੰਪਨੀ ਵਾਲੇ ਘਾਟਾ ਸਹਿਣ ਦੇ ਆਦੀ ਨਹੀਂ ਹੁੰਦੇ। ਨਾਲੇ ਦੇਸ਼ ਦੇ ਕਿਸੇ ਨੇਤਾ ਵਿੱਚ ਹਿੰਮਤ ਹੈ ਕਿ ਉਹ ਧਨਾਢ ਲੋਕਾਂ ਨਾਲ ਪੰਗਾ ਲੈ ਸਕੇ। ਇਕ ਗੱਲ ਦੁਬਾਰਾ ਕਹਿ ਰਿਹਾ ਹਾਂ ਕਿ ਲੈਵਲ ਤੋਂ ਉੱਪਰ ਪਾਣੀ ਰੋਕਿਆ ਹੀ ਨਹੀਂ ਜਾ ਸਕਦਾ।

ਕਿਸੇ ਨਦੀ ਦੇ ਉੱਪਰ ਜਦ ਡੈਮ ਬਣਾ ਕੇ ਬਿਜਲੀ ਪੈਦਾ ਕੀਤੀ ਜਾਂਦੀ ਹੈ ਤਾਂ ਪਾਣੀ ਦੀਆਂ ਵੱਡੀਆਂ ਪਾਈਪਾਂ ਰਾਹੀਂ ਪਾਣੀ ਨਾਲ ਟਰਬਾਈਨ ਨੂੰ ਘੁੰਮਾਇਆ ਜਾਂਦਾ ਹੈ ਤੇ ਇਹ ਪਾਣੀ ਅੱਗੋਂ ਨਹਿਰ ਰਾਹੀਂ ਵਾਪਸ ਉਸੇ ਦਰਿਆ ਵਿੱਚ ਪਾ ਦਿੱਤਾ ਜਾਂਦਾ ਹੈ ਜਾਂ ਕਿਸੇ ਨਹਿਰ ਰਾਹੀਂ ਖੇਤੀਬਾੜੀ ਲਈ ਵਰਤਣ ਲਈ ਇਹ ਪਾਣੀ ਹੇਠਲੇ ਇਲਾਕਿਆਂ ਵਿੱਚ ਭੇਜ ਦਿੱਤਾ ਜਾਂਦਾ ਹੈ। ਚਨਾਬ ਨਦੀ ਉੱਪਰ ਬਣੇ ਪਣ ਬਿਜਲੀ ਪ੍ਰਾਜੈਕਟ ਦਾ ਪਾਣੀ, ਇੰਡਸ ਵਾਟਰ ਟਰੀਟੀ ਰਾਹੀਂ ਵਾਪਸ ਚਨਾਬ ਵਿੱਚ ਪਾਉਣਾ ਹੀ ਲਾਜ਼ਮੀ ਹੈ। ਇਸ ਪਾਣੀ ਦੇ ਵੱਡੇ ਹਿੱਸੇ ਨੂੰ ਅਸੀਂ ਨਹਿਰਾਂ ਬਣਾ ਕੇ ਖੇਤੀ ਲਈ ਨਹੀਂ ਵਰਤ ਸਕਦੇ।

ਸਤਲੁਜ ਬਿਆਸ ਦਾ ਵਧੇਰੇ ਪਾਣੀ ਨਹਿਰਾਂ ਰਾਹੀਂ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। ਉਦਾਹਰਣ ਵਜੋਂ ਬਿਆਸ ਦਰਿਆ ਦਾ ਪਾਣੀ ਸਭ ਤੋਂ ਪਹਿਲਾਂ ਪੌਂਗ ਡੈਮ, ਰੌਲੀ ਡੈਮ, ਹਾਜੀਪੁਰ ਡੈਮ, ਰੈਲੀ ਡੈਮ, ਪੰਡੋਰੀ ਡੈਮ, ਟੇਰਕੀਆਣਾ ਡੈਮ ਤੋਂ ਹੁੰਦਾ ਹੋਇਆ ਲਗਭਗ 35 ਕਿਲੋਮੀਟਰ ਘੁੰਮ ਕੇ ਵਾਪਸ ਬਿਆਸ ਦਰਿਆ ਵਿੱਚ ਚਲਾ ਜਾਂਦਾ ਹੈ ਅਤੇ ਹਰੀ ਕੇ ਪੱਤਣ ਤੋਂ ਨਹਿਰਾਂ ਰਾਹੀਂ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। ਰਾਵੀ ਦਰਿਆ ਉੱਪਰ ਥੀਨ ਡੈਮ ਜਾਂ ਰਣਜੀਤ ਸਾਗਰ ਡੈਮ 'ਤੇ ਪਾਣੀ ਰੋਕ ਕੇ 600 ਮੈਗਾਵਾਟ ਬਿਜਲੀ ਪੈਦਾ ਕੀਤੀ ਜਾਂਦੀ ਹੈ। ਇਸ ਡੈਮ ਅਤੇ ਸਪਿੱਲਵੇਅ ਦੀ ਉਚਾਈ ਲਗਭਗ 525 ਫੁੱਟ (160 ਮੀਟਰ) ਹੈ। ਸਪਿੱਲਵੇਅ ਦੀ ਸਮਰਥਾ 24,637 / ਹੈ। ਪਾਣੀ ਦੀ ਮਾਤਰਾ ਵਧਣ 'ਤੇ ਪਾਣੀ ਛੱਡਣਾ ਹੀ ਪਵੇਗਾ। ਇਸ ਡੈਮ ਤੋਂ ਬਿਜਲੀ ਬਣਾਉਣ ਦੀ ਸਮਰੱਥਾ 600 ਮੈਗਾਵਾਟ ਦੀ ਹੈ। ਰਣਜੀਤ ਸਾਗਰ ਡੈਮ ਦੇ ਪਾਣੀ ਨਾਲ ਬਿਜਲੀ ਬਣਾਉਣ ਤੋਂ ਬਾਅਦ ਨਹਿਰ ਰਾਹੀਂ ਪਾਣੀ ਖੇਤੀ ਦੀ ਵਰਤੋਂ ਲਈ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ, ਕਪੂਰਥਲਾ, ਹੁਸ਼ਿਆਰ , ਕਠੂਆ ਆਦਿ ਇਲਾਕਿਆਂ ਵਿੱਚ ਭੇਜ ਦਿੱਤਾ ਵਿੱਚ ਜਾਂਦਾ ਹੈ।

ਭਾਖੜਾ ਡੈਮ ਦੇਸ਼ ਦਾ ਦੂਜਾ ਵੱਡਾ ਡੈਮ ਹੈ। ਜਿਸ ਦੇ ਸਪਿੱਲਵੇਅ ਦੀ ਉਚਾਈ 226 ਮੀਟਰ (741 ਫੁੱਟ) ਹੈ। ਸਪਿੱਲਵੇਅ ਦੀ ਕਿਸਮ ਨਿਯੰਤ੍ਰਿਤ ਓਵਰਫਲੋ ਦੀ ਹੈ। ਪਾਣੀ ਦੇ ਭੰਡਾਰ ਦੀ ਕੁੱਲ ਸਮਰੱਥਾ ਲਗਭਗ 266 ਫੁੱਟ ਹੈ (7.551 ਮਿਲੀਅਨ ਮੈਗਾਲੀਟਰ) ਹੈ। ਇਹ ਡੈਮ ਸਤਲੁਜ ਦਰਿਆ ਉੱਪਰ ਬਣਿਆ ਹੋਇਆ ਹੈ। ਇਸ ਡੈਮ ਤੋਂ ਬਿਜਲੀ ਬਣਾਉਣ ਦੀ ਸਮਰੱਥਾ ਲਗਭਗ 1325 ਮੈਗਾਵਾਟ ਹੈ। ਇਸ ਵਿੱਚ ਵੱਧ ਤੋਂ ਵੱਧ ਪਾਣੀ ਸਟੋਰ ਹੋ ਸਕਦਾ ਹੈ। ਇੰਡਸ ਵਾਟਰ ਟਰੀਟੀ ਅਨੁਸਾਰ ਸਤਲੁਜ ਦਰਿਆ ਉੱਪਰ ਸਾਡਾ ਹੱਕ ਹੈ, ਪਾਕਿਸਤਾਨ ਨੂੰ ਤਾਂ ਪਹਿਲਾਂ ਹੀ ਇਸ ਦਾ ਪਾਣੀ ਨਹੀਂ ਮਿਲਦਾ ਜਾਂ ਕਹਿ ਲਵੋ ਸਾਡੇ ਵਾਲੇ ਪਾਸੇ ਤੋਂ ਵਧਿਆ ਹੋਇਆ ਪਾਣੀ ਹੀ ਪਾਕਿਸਤਾਨ ਜਾਂਦਾ ਹੈ।

ਹੁਣ ਅਸੀਂ ਪਾਕਿਸਤਾਨ ਦਾ ਪਾਣੀ ਰੋਕਣ ਵਾਲੇ ਬਿਆਨ ਅਤੇ ਇੰਡਸ ਵਾਟਰ ਟਰੀਟੀ ਰੱਦ ਕਰਨ ਦੀ ਗੱਲ ਕਰਦੇ ਹਾਂ। ਪ੍ਰਧਾਨ ਮੰਤਰੀ ਜੀ ਦੀ ਮੰਨਦੇ ਹੋਏ ਅਸੀਂ ਪਾਣੀ ਰੋਕਣ ਦੀ ਗੱਲ ਕਰੀਏ ਤਾਂ ਇੰਡਸ ਦੀਆਂ ਉੱਪਰਲੀਆਂ ਧਾਰਾਵਾਂ ਉੱਪਰ ਕੋਈ ਡੈਮ ਨਹੀਂ ਹੈ, ਜੇ ਅਸੀਂ ਅੱਜ ਹੀ ਡੈਮ ਬਣਾਉਣਾ ਸੁਰੂ ਕਰੀਏ ਤਾਂ ਬਹੁਤ ਲੰਮਾ ਸਮਾਂ ਲੱਗ ਜਾਵੇਗਾ। ਉਦਾਹਰਣ ਵਜੋਂ ਭਾਖੜਾ ਡੈਮ ਦਾ ਨੀਂਹ ਪੱਥਰ 1948 ਵਿੱਚ ਰੱਖਿਆ ਗਿਆ, ਉਸਾਰੀ ਸੁਰੂ ਹੋਈ ਅਤੇ ਇਹ 1963 ਵਿੱਚ ਬਣ ਕੇ ਤਿਆਰ ਹੋਇਆ। ਲਗਭਗ 15 ਸਾਲ ਵਿੱਚ ਭਾਖੜਾ ਡੈਮ ਬਣ ਕੇ ਤਿਆਰ ਹੋਇਆ। ਨਵੀਂ ਤਕਨੀਕ ਅਨੁਸਾਰ ਅਤੇ ਮੇਰੇ ਅੰਦਾਜ਼ੇ ਅਨੁਸਾਰ ਨਵੇਂ ਡੈਮ ਲਈ ਘੱਟੋ-ਘੱਟ 10 ਸਾਲ ਤਾਂ ਲੱਗਣਗੇ ਹੀ ਅਤੇ 10 ਸਾਲ ਬਾਅਦ ਅਸੀਂ ਪੱਕੇ ਤੌਰ 'ਤੇ ਪਾਣੀ ਰੋਕ ਸਕਾਂਗੇ ਉਹ ਵੀ ਤਾਂ ਹੀ ਸੰਭਵ ਹੋਵੇਗਾ, ਜੇ ਅੰਤਰਰਾਸਟਰੀ ਕੁਨਬਾ ਸਾਡੇ ਵੱਲ ਹੋਵੇ। ਬਚਦੀ ਗੱਲ ਇਹ ਹੈ ਕਿ ਅਸੀਂ ਅੱਜ ਕੀ ਕਰ ਸਕਦੇ ਹਾਂ ਜਾਂ ਸਾਡਾ ਦੇਸ਼ ਅੱਜ ਕੀ ਕਰ ਸਕਣ ਦੇ ਸਮਰੱਥ ਹੈ?

ਇਸ ਸੰਬੰਧੀ ਇੱਕ ਪੁਰਾਣੇ, ਬਹੁਤ ਹੀ ਤਜਰਬੇਕਾਰ ਸਿਆਣੇ ਸੇਵਾ-ਮੁਕਤ ਉੱਚ ਅਫਸਰ ਤੋਂ ਜਦੋਂ ਮੈਂ ਇਸ ਬਾਰੇ ਪੁੱਛਿਆ ਤਾਂ ਉਨ੍ਹਾ ਕਿਹਾ, 'ਇਕ ਤਾਂ ਅਸੀਂ ਇਹ ਕਰ ਸਕਦੇ ਹਾਂ ਕਿ ਅਸੀਂ ਪਾਕਿਸਤਾਨ ਨੂੰ ਦਰਿਆਵਾਂ ਵਿਚਲੇ ਪਾਣੀ ਦੇ ਪੱਧਰਾਂ ਦੀ ਜਾਣਕਾਰੀ ਦੇਣੀ ਬੰਦ ਕਰ ਦੇਈਏ। ਦੂਸਰਾ ਵੱਡੇ ਤੋਂ ਵੱਡਾ ਅਸੀਂ ਇਹ ਕਰ ਸਕਦੇ ਹਾਂ ਕਿ ਕੁਝ ਆਪਣੇ ਕੰਟਰੋਲ ਵਾਲੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਘਟਾ-ਵਧਾ ਸਕਦੇ ਹਾਂ ਜਾਂ ਕਹਿ ਲਵੋ ਆਪਣੇ ਕੰਟਰੋਲ ਵਾਲੇ ਦਰਿਆਵਾਂ ਵਿੱਚ ਪਾਣੀ ਦੇ ਵਹਾਅ ਨੂੰ ਬਦਲ ਸਕਦੇ ਹਾਂ,ਉਹ ਵੀ ਜਿਨ੍ਹਾਂ ਕੁ ਸੰਭਵ ਹੈ। ਇਕ ਦਰਿਆ ਵਿੱਚ ਪਾਣੀ ਵੱਧ ਭੇਜ ਕੇ ਦੂਜੇ ਵਿੱਚ ਘੱਟ ਕਰ ਸਕਦੇ ਹਾਂ। ਇਹ ਵੀ ਕੁਝ ਹੱਦ ਤੱਕ ਸੀਮਤ ਤਰੀਕੇ ਨਾਲ ਹੀ ਕੀਤਾ ਜਾ ਸਕਦਾ ਹੈ। ਇਨ੍ਹਾਂ ਦੋਵਾਂ ਕੰਮਾਂ ਨਾਲ ਮਾੜਾ-ਮੋਟਾ ਤਾਂ ਗੁਆਂਢੀ ਦੇਸ ਨੂੰ ਨੁਕਸਾਨ ਹੋ ਸਕਦਾ ਹੈ, ਪਰ ਕੋਈ ਬਹੁਤਾ ਫਰਕ ਨਹੀਂ ਪੈਣਾ। ਰਹੀ ਗੱਲ ਪਾਣੀ ਨੂੰ ਰੋਕਣ ਦੀ, ਇਕ ਨਿਸਚਿਤ ਉਚਾਈ ਤੋਂ ਉੱਪਰ ਪਾਣੀ ਰੋਕਿਆ ਹੀ ਨਹੀਂ ਜਾ ਸਕਦਾ। ਆਮ ਲੋਕਾਂ ਨੂੰ ਪਾਣੀ ਰੋਕਣ ਵਾਲੇ ਬਿਆਨ ਨਾਲ ਫੋਕੀ ਤਸੱਲੀ ਦਿੱਤੀ ਜਾ ਸਕਦੀ ਹੈ, ਕਿਉਂਕਿ ਲੋਕਾਂ ਨੂੰ ਪਾਣੀ ਰੋਕਣ ਸਬੰਧੀ ਕੋਈ ਜਾਣਕਾਰੀ ਨਹੀਂ ਹੈ ।'

ਅਸੀਂ ਵੀ ਭਾਰਤੀ ਹਾਂ, ਜਦੋਂ ਦੇਸ਼ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਸਾਡਾ ਵੀ ਦਿਲ ਦੁਖਦਾ ਹੈ। ਅੱਤਵਾਦੀਆਂ ਉੱਪਰ ਗੁੱਸਾ ਵੀ ਬਹੁਤ ਆਉਂਦਾ ਹੈ। ਸਾਡੇ ਭੈਣ-ਭਰਾ ਫੌਜ ਦੀ ਸੇਵਾ ਕਰਦੇ ਹੋਏ ਸਰਹੱਦਾਂ ਦੀ ਰਾਖੀ ਵੀ ਕਰਦੇ ਹਨ। ਅੱਤਵਾਦੀਆਂ ਨੂੰ ਮਾਰਦੇ ਵੀ ਹਨ ਤੇ ਆਪ ਵੀ ਸ਼ਹੀਦੀਆਂ ਪ੍ਰਾਪਤ ਕਰਦੇ ਹਨ। ਦੇਸ਼ ਦੀ ਆਜ਼ਾਦੀ ਵਿੱਚ ਵੀ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਵੰਡ ਦਾ ਸਭ ਤੋਂ ਵੱਧ ਨੁਕਸਾਨ ਵੀ ਪੰਜਾਬੀਆਂ ਨੇ ਝੱਲਿਆ ਹੈ। ਅੱਜ ਵੀ ਜੇ ਦੋਵੇਂ ਦੇਸ਼ਾਂ ਦੇ ਹਾਲਾਤ ਅਣਸੁਖਾਵੇਂ ਹੁੰਦੇ ਹਨ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੀ ਝੱਲਣਾ ਪੈਣਾ ਹੈ।

ਉਮੀਦ ਤਾਂ ਘੱਟ ਹੀ ਹੈ ਜੇ ਗੁਆਂਢੀ ਦੇਸ ਪਾਕਿਸਤਾਨ ਨਾਲ ਸਾਡੇ ਦੇਸ਼ ਦੇ ਸਬੰਧ ਠੀਕ ਹੁੰਦੇ ਹਨ , ਵਪਾਰ ਖੁੱਲ੍ਹਦਾ ਹੈ ਤਾਂ ਸਭ ਤੋਂ ਵੱਡਾ ਫਾਇਦਾ ਪੰਜਾਬ ਨੂੰ ਹੋਣਾ ਹੈ, ਪਰ ਸੈਂਟਰ ਹਮੇਸ਼ਾ ਪੰਜਾਬ ਦੇ ਉਲਟ ਹੀ ਭੁਗਤਦਾ ਰਿਹਾ ਹੈ। ਤੁਸੀਂ ਤਾਂ ਉੱਚੀ-ਉੱਚੀ ਬੋਲ-ਬੋਲ ਕੇ ਬਿਆਨ ਦੇ ਦੇਣੇ ਹਨ। ਗੋਦੀ ਮੀਡੀਆ ਨੇ ਹੋਰ ਮਸਾਲੇ ਲਾ-ਲਾ ਕੇ ਸਾਰਾ ਦਿਨ ਚੀਕੀ ਜਾਣਾ ਹੈ। ਤੁਹਾਡਾ ਤਾਂ ਜਾਣਾ ਕੁਝ ਨਹੀਂ ਪਰ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਦੀ ਨੀਂਦ ਉੱਡੀ ਪਈ ਹੈ, ਉਨ੍ਹਾਂ ਨੂੰ ਲੱਗਦਾ ਉਨ੍ਹਾਂ ਦਾ ਰਹਿਣਾ ਕੁਝ ਨਹੀਂ।

**# ਸੰਪਰਕ : 98156-56601**

# ਮਨੁੱਖ ਬਨਾਮ ਕੁਦਰਤ

**ਗੁਰਜਿੰਦਰ ਸਿੰਘ ਸਾਹਦੜਾ**

ਕੁਦਰਤ ਬੜੀ ਬੇਅੰਤ ਏ। ਹਰ ਕੰਮ ਆਪਣੇ ਤਰੀਕੇ ਨਾਲ ਕਰਦੀ ਏ ਤੇ ਸੰਤੁਲਨ ਬਣਾ ਕੇ ਕਰਦੀ ਏ, ਪਰ ਇੱਕ ਮਨੁੱਖ ਏ, ਜੋ ਇਸ ਸੰਤੁਲਨ ਨੂੰ ਵਿਗਾੜਨ 'ਤੇ ਤੁਲਿਆ ਹੋਇਆ ਏ ।

ਧਿਆਨ ਨਾਲ ਵੇਖਣ 'ਤੇ ਸਮਝ ਲਗਦੀ ਹੈ ਕਿ ਕੁਦਰਤ ਨੇ ਹਰ ਚੀਜ਼ ਦੀ ਸਿਰਜਣਾ ਬੜੀ ਹੀ ਤਰਤੀਬ ਨਾਲ ਕਰੀ ਏ ਤੇ ਸਭ ਕਾਸੇ 'ਚ ਬਰਾਬਰ ਸੰਤੁਲਨ ਵੀ ਬਣਾ ਕੇ ਰੱਖਿਆ ਏ ।

ਹਜ਼ਾਰਾਂ ਸਾਲ ਪਹਿਲਾਂ ਜਦੋਂ ਧਰਤੀ ਹੋਂਦ 'ਚ ਆਈ ਤਾਂ ਹਰ ਘਟਨਾ ਯੋਜਨਾਬੱਧ ਤਰੀਕੇ ਨਾਲ ਘਟੀ। ਸੌਰ ਮੰਡਲ ਬਣਿਆ । ਧਰਤੀ, ਸੂਰਜ ਤੋਂ ਇੱਕ ਨਿਸਚਿਤ ਤੇ ਲੋੜੀਂਦੀ ਦੂਰੀ 'ਤੇ ਸੂਰਜ ਦੀ ਖਿੱਚ ਅਨੁਸਾਰ ਬ੍ਰਹਿਮੰਡ 'ਚ ਉਸ ਦੁਆਲੇ ਘੁੰਮਣ ਲੱਗੀ । ਜਿਸ ਦੀ ਵਜ੍ਹਾ ਨਾਲ ਮੌਸਮ, ਧੁੱਪ-ਛਾਂ, ਸਰਦੀ-ਗਰਮੀ, ਦਿਨ-ਰਾਤ, ਮਹੀਨੇ, ਸਾਲ ਤੇ ਸਦੀਆਂ ਬਣੇ । ਧਰਤੀ 'ਤੇ ਮੌਜੂਦ ਚੀਜ਼ਾਂ ਏਧਰ ਓਧਰ ਨਾ ਡਿਗਣ ਤੇ ਕੰਟਰੋਲ 'ਚ ਰਹਿ ਕੇ ਆਪਣੀ ਪਕੜ ਬਣਾਈ ਰੱਖਣ ਇਹਦੇ ਲਈ ਧਰਤੀ ਦਾ ਗੁਰੂਤਾ ਬਲ ਬਣਿਆ। ਕਿਧਰੇ ਟਿੱਬੇ ਬਣੇ ਤੇ ਕਿਤੇ ਟੋਏ। ਟੋਏ ਇਸ ਲਈ ਕਿ ਜੀਵਨ ਲਈ ਸਭ ਤੋਂ ਜ਼ਰੂਰੀ ਤੱਤ ਪਾਣੀ ਜਮ੍ਹਾਂ ਹੋ ਸਕੇ ਤੇ ਟਿੱਬੇ ਇਸ ਲਈ ਕਿ ਵਾਧੂ ਪਾਣੀ ਜਿਵੇਂ ਹੜ੍ਹ ਵਗੈਰਾ ਵੇਲੇ ਜ਼ਿੰਦਗੀ ਬਚੀ ਰਹੇ। ਪਾਣੀ ਦੇ ਪ੍ਰਵਾਹ ਲਈ ਨਦੀ-ਨਾਲੇ, ਦਰਿਆ ਤੇ ਖੱਡਾਂ ਬਣੇ। ਝੀਲਾਂ ਤੇ ਸਮੁੰਦਰ ਬਣੇ। ਜੀਵ-ਜੰਤੂ ਬਣੇ। ਬਨਸਪਤੀ, ਪੇੜ-ਪੌਦੇ ਤੇ ਦਰੱਖਤ ਬਣੇ। ਵਾਯੂਮੰਡਲ ਬਣਿਆ। ਹਵਾਵਾਂ ਬਣੀਆਂ ਤੇ ਉਹਨਾਂ ਦਾ ਉਚਿੱਤ ਸੰਤੁਲਨ ਬਣਿਆ, ਜੋ ਹਰ ਥਾਂ 'ਤੇ ਇੱਕ ਸਮਾਨ ਰੂਪ 'ਚ ਮੌਜੂਦ ਹੈ । ਸਾਹ ਲੈਣ ਲਈ ਆਕਸੀਜਨ ਬਣੀ, ਜੋ ਵਾਯੂਮੰਡਲ ਚ 1/5 ਭਾਗ (21 ਫੀਸਦੀ) ਵਜੋਂ ਮੌਜੂਦ ਏ। ਸਰੀਰ 'ਚੋਂ ਬਾਹਰ ਆਉਣ ਸਮੇ ਇਹ ਆਕਸੀਜਨ ਕਾਰਬਨ ਡਾਈਅਕਸਾਈਡ 'ਚ ਬਦਲ ਜਾਂਦੀ ਏ । ਜਿਸ ਦੀ ਵਜ੍ਹਾ ਨਾਲ ਧਰਤੀ 'ਤੇ ਕਾਰਬਨ ਡਾਈਅਕਸਾਈਡ ਦੀ ਬਹੁਤਾਤ ਨਾ ਹੋ, ਜੇ ਤੇ ਆਕਸੀਜਨ ਖਤਮ ਨਾ ਹੋ ਜੇ ਇਸ ਦੇ ਲਈ ਪੇੜ-ਪੌਦੇ ਤੇ ਦਰੱਖਤਾਂ 'ਚ ਇੱਕ ਅਲੱਗ ਤੋਂ ਫੰਕਸ਼ਨ ਬਣਿਆ ਕਿ ਧੁੱਪ ਯਾਨਿ ਸੂਰਜ ਦੀ ਰੋਸ਼ਨੀ 'ਚ ਉਹ ਕਾਰਬਨ ਡਾਈਅਕਸਾਈਡ ਨੂੰ ਦੁਬਾਰਾ ਤੋਂ ਆਕਸੀਜਨ 'ਚ ਬਦਲਦੇ ਰਹਿਣਗੇ। ਹੋਰ ਵੇਖੋ ਆਕਸੀਜਨ ਨੂੰ ਭਾਰੀ ਬਣਾਇਆ। ਸ਼ਾਇਦ ਇਸ ਲਈ ਕਿ ਬੰਦੇ ਸਮੇਤ ਹਰ ਜੀਵ ਧਰਤੀ (ਜ਼ਮੀਨ) ਨਾਲ ਜੁੜਿਆ ਰਹੇ ।

ਜੀਵ-ਜੰਤੂ ਬਣਾਉਣ ਵੇਲੇ ਕੁਦਰਤ ਨੇ ਇੱਕ ਹੋਰ ਬੇਜੋੜ ਤਾਲਮੇਲ ਬਣਾਇਆ। ਸਾਰੇ ਦੇ ਸਾਰੇ ਜੀਵ ਸ਼ਾਕਾਹਾਰੀ ਨਾ ਬਣਾ ਕੇ ਮਾਸਾਹਾਰੀ ਜੀਵ ਵੀ ਬਣਾਏ।ਸੋਚੋ, ਜੇਕਰ ਇੰਝ ਨਾ ਹੁੰਦਾ ਤਾਂ ਸ਼ਾਕਾਹਾਰੀਆਂ ਨੇ ਤਾਂ ਸਾਰੀ ਦੀ ਸਾਰੀ ਬਨਸਪਤੀ ਤੇ ਪੇੜ-ਪੌਦੇ ਹੀ ਖਤਮ ਕਰ ਦੇਣੇ ਸਨ ਤੇ ਦੂਜਾ ਮਰੇ ਜਾਨਵਰਾਂ ਨਾਲ ਗੰਦਗੀ ਤੇ ਬਿਮਾਰੀ ਅਲੱਗ ਤੋਂ ਫੈਲਦੀ। ਇਸ ਤੋਂ ਅੱਗੇ ਮਨੁੱਖ ਸਮੇਤ ਕੁਝ ਜੀਵ ਐਸੇ ਬਣਾਏ, ਜੋ ਮਾਸਾਹਾਰੀ ਤੇ ਸ਼ਾਕਾਹਾਰੀ ਦੋਵੇਂ ਤਰ੍ਹਾਂ ਦਾ ਹੀ ਭੋਜਨ ਖਾ ਸਕਦੇ ਨੇ। ਜੋ ਭੋਜਨ, ਸਮੇਂ, ਲੋੜ ਤੇ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲ ਸਕਦੇ ਨੇ। ਜ਼ਮੀਨ ਦੀ ਤਰ੍ਹਾਂ ਪਾਣੀ ਵਿੱਚ ਵੀ ਇਸੇ ਹਿਸਾਬ ਨਾਲ ਜੀਵਨ ਦੀ ਸਿਰਜਣਾ ਹੋਈ । ਇੱਥੇ ਵਿਸ਼ੇਸ਼ ਤੌਰ 'ਤੇ ਇੱਕ ਗੱਲ ਉਨ੍ਹਾਂ ਲੋਕਾਂ ਲਈ ਵੀ ਕਹਾਂਗਾ, ਜੋ ਮਨੁੱਖ ਦੇ ਸ਼ਾਕਾਹਾਰੀ ਹੋਣ ਦੀ ਪ੍ਰੋੜ੍ਹਤਾ ਕਰਦੇ ਨੇ। ਜੇਕਰ ਇੰਝ ਹੋ ਜੇ ਤਾਂ ਸ਼ਾਕਾਹਾਰੀਆਂ ਦੀ ਗਿਣਤੀ 'ਚ ਬੇਸ਼ੁਮਾਰ ਵਾਧਾ ਹੋਵੇਗਾ ਤੇ ਧਰਤੀ 'ਤੇ ਮੌਜੂਦ ਅੰਨ/ਰਾਸ਼ਨ ਕੁਝ ਹੀ ਸਮੇਂ 'ਚ ਖਤਮ ਹੋ ਜਾਵੇਗਾ। ਗਾਂਵਾਂ ਸਮੇਤ ਹੋਰ ਸ਼ਾਕਾਹਾਰੀਆਂ ਦੀ ਵਧ ਰਹੀ ਮੌਜੂਦਗੀ ਇਸ ਗੱਲ ਦੀ ਗਵਾਹੀ ਭਰਦੀ ਏ।

ਇਹ ਤਾਂ ਸੀ ਕੁਦਰਤ ਦੇ ਅਸੂਲਾਂ ਤੇ ਸੰਤੁਲਨ ਦੀ ਗੱਲ। ਹੁਣ ਗੱਲ ਕਰਦੇ ਹਾਂ ਕੁਦਰਤ ਤੋਂ ਉਲਟ ਹੋ ਰਹੇ ਵਰਤਾਰੇ ਤੇ ਇਸ ਨਾਲ ਹੋ ਰਹੀ ਛੇੜ-ਛਾੜ ਤੇ ਉਸ ਦੀ ਬਦੌਲਤ ਆਉਣ ਵਾਲੀ ਤਬਾਹੀ ਦੀ। ਜਦ ਤੱਕ ਧਰਤੀ 'ਤੇ ਮੌਜੂਦ ਬਾਕੀ ਜੀਵਾਂ ਦੀ ਤਰ੍ਹਾਂ ਮਨੁੱਖ ਦੀ ਸੋਚ ਵੀ ਕੁੱਲੀ-ਗੁੱਲੀ ਤੇ ਜੁੱਲੀ ਤੱਕ ਹੀ ਸੀਮਿਤ ਸੀ, ਓਦੋਂ ਤੱਕ ਸਭ ਕੁਝ ਸਹੀ ਸੀ, ਜਿਵੇਂ-ਜਿਵੇਂ ਮਨੁੱਖ ਦੇ ਦਿਮਾਗ ਦਾ ਵਿਕਾਸ ਹੁੰਦਾ ਗਿਆ, ਬਾਕੀ ਜੀਵਾਂ ਦੇ ਮੁਕਾਬਲੇ ਉਸ ਦਾ ਦਿਮਾਗ ਤੇ ਸੋਚਣ ਸ਼ਕਤੀ ਵਧਦੀ ਗਈ, ਕੁਦਰਤ ਦੀ ਤਬਾਹੀ ਸ਼ੁਰੂ ਹੋ ਗਈ । ਜਦ ਤੱਕ ਅਸੀਂ ਕੁਦਰਤ ਨਾਲ ਜੁੜੇ ਸੀ ਤੇ ਸਾਰਾ ਵਰਤਾਰਾ ਕੁਦਰਤੀ ਸੀ, ਓਦੋਂ ਤੱਕ ਧਰਤੀ ਸੁਰੱਖਿਅਤ ਸੀ, ਪਰ ਜਦੋਂ ਦਾ ਵਿਗਿਆਨ ਸ਼ਬਦ ਹੋਂਦ 'ਚ ਆਇਆ, ਧਰਤੀ ਦਾ ਵਿਨਾਸ਼ ਸ਼ੁਰੂ ਹੋ ਗਿਆ ਤੇ ਜਿੰਨਾ ਵਿਨਾਸ਼ ਪਿਛਲੇ ਦੋ ਕੁ ਸੌ ਸਾਲਾਂ 'ਚ ਹੋਇਆ, ਉਸ ਨੇ ਤਾਂ ਕਹਿਰ ਹੀ ਕਰ ਕੇ ਰੱਖ ਦਿੱਤਾ, ਜੋ ਕਿ ਘਟਣ ਦੀ ਬਜਾਏ ਨਿਰੰਤਰ ਕਈ ਗੁਣਾਂ ਰਫਤਾਰ ਨਾਲ ਦਿਨੋ-ਦਿਨ ਵਧਦਾ ਜਾ ਰਿਹਾ ਏ।

ਕਦੀ ਗੋਲ ਤੇ ਰਿੜ੍ਹਦੇ ਪੱਥਰਾਂ ਨੂੰ ਵੇਖ ਕੇ ਆਏ ਫੁਰਨੇ ਦੀ ਬਦੌਲਤ ਹੋਈ ਪਹੀਏ ਦੀ ਖੋਜ ਤੋਂ ਬਾਅਦ ਰੱਥ, ਗੱਡੇ ਤੇ ਸਾਇਕਲ ਤੱਕ ਸਭ ਸਹੀ ਸੀ, ਪਰ ਜਦੋਂ ਤੋਂ ਮੋਟਰ ਸ਼ਬਦ ਨਾਲ ਲੱਗ ਗਿਆ, ਮਤਲਬ ਕਿ ਇੰਜਣ ਵਾਲੇ ਵਾਹਨ ਬਣ ਗਏ, ਪ੍ਰਦੂਸ਼ਣ ਵਧਣਾ ਸ਼ੁਰੂ ਹੋ ਗਿਆ। ਬਲਦੇ ਤੇਲ ਦੇ ਧੂੰਏਂ ਦੇ ਰੂਪ 'ਚ ਹਜ਼ਾਰਾਂ ਹਾਨੀਕਾਰਕ ਤੱਤ ਹਵਾ 'ਚ ਘੁਲ ਕੇ ਵਾਤਾਵਰਣ ਚ ਸ਼ਾਮਲ ਹੋ ਗਏ। ਸਿੱਟੇ ਵਜੋਂ ਸਾਹ ਨਾਲ ਸੰਬੰਧਤ ਕਈ ਨਵੀਆਂ ਬਿਮਾਰੀਆਂ ਹੋਂਦ 'ਚ ਆ ਗਈਆਂ। ਮਸ਼ੀਨੀ ਰਫਤਾਰ ਦੇ ਯੁੱਗ 'ਚ ਜਾਨਵਰਾਂ ਦੀ ਕਦਰ ਤੇ ਮਹੱਤਵ ਘਟ ਗਿਆ। ਸਿੱਟੇ ਵਜੋਂ ਉਨ੍ਹਾਂ ਦੀ ਹੋਂਦ ਲਈ ਖਤਰਾ ਪੈਦਾ ਹੋ ਗਿਆ। ਇਸੇ ਤਰ੍ਹਾਂ ਕਦੀ ਸ਼ਿਕਾਰ ਕਰਨ ਲਈ ਬਣਾਏ ਤਲਵਾਰਾਂ, ਭਾਲੇ, ਤੀਰਾਂ ਤੇ ਨੇਜ਼ਿਆਂ ਦੀ ਲੜਾਈ ਤੱਕ ਸਭ ਕੁਝ ਕੁਦਰਤ ਦੇ ਭਾਣੇ 'ਚ ਵਾਪਰ ਰਿਹਾ ਸੀ, ਪਰ ਬਾਰੂਦ ਦੀ ਖੋਜ ਨੇ ਧਰਤੀ ਦਾ ਸੀਨਾ ਪਾੜ ਦਿੱਤਾ । ਸਰੀਰਕ ਬਲ ਅਤੇ ਜ਼ੋਰ ਦਾ ਮਹੱਤਵ ਜਾਂਦਾ ਲੱਗਾ । ਇਵੇਂ ਹੀ ਧਰਤੀ ਦੀ ਗੋਦ 'ਚੋਂ ਮਿਲੀਆਂ ਕੁਦਰਤੀ ਧਾਤਾਂ ਲੋਹੇ, ਕਾਂਸੀ, ਪਿੱਤਲ, ਤਾਂਬੇ, ਸੋਨੇ, ਚਾਂਦੀ ਤੱਕ ਸਭ ਸਹੀ ਸੀ, ਪਰ ਵਿਗਿਆਨ ਦੀ ਸਭ ਤੋਂ ਘਾਤਕ ਖੋਜ ਪਲਾਸਟਿਕ ਨੇ ਧਰਤੀ ਦਾ ਜੋ ਹਾਲ ਕਰਿਆ, ਉਹ ਬਿਆਨ ਈ ਨਹੀਂ ਕੀਤਾ ਜਾ ਸਕਦਾ। ਲਿਫ਼ਾਫ਼ੇ ਤੋਂ ਲੈ ਕੇ ਭਾਂਡੇ, ਗਹਿਣੇ ਜਾਂ ਹੋਰ ਜਿਹੜਾ ਮਰਜ਼ੀ ਸਮਾਨ ਵੇਖ ਲਓ, ਇਹ ਪਲਾਸਟਿਕ ਹਰ ਥਾਂ ਭਾਰੀ ਏ ।

ਜੀਵਨ ਦੇ ਸਭ ਤੋਂ ਅਹਿਮ ਤੇ ਮਹੱਤਵਪੂਰਨ ਤੱਤ ਪਾਣੀ ਦੀ ਗੱਲ ਕਰੀਏ ਤਾਂ ਕੁਦਰਤ ਨੇ ਬੱਦਲ ਤੇ ਮੀਂਹ ਬਣਾਇਆ। ਪਾਣੀ ਸਟੋਰ ਕਰਨ ਲਈ ਡੂੰਘੇ ਟੋਇਆਂ ਤੇ ਝੀਲਾਂ ਦੇ ਰੂਪ 'ਚ ਕੁਦਰਤੀ ਭਾਂਡੇ ਬਣਾ ਕੇ ਦਿੱਤੇ। ਉੱਚੀਆਂ ਚੋਟੀਆਂ 'ਤੇ ਬਰਫ ਜਮਾਈ ਤਾਂ ਜੋ ਗਰਮੀਆਂ 'ਚ ਪਿਘਲ ਕੇ ਸਾਡੇ ਕੰਮ ਆਵੇ, ਪਰ ਅਸੀਂ ਮੀਂਹਾਂ ਦਾ ਉਹ ਕੁਦਰਤੀ ਪਾਣੀ ਵਰਤਣ ਦੀ ਥਾਂ ਨਵੀਂ ਕਾਢ ਕੱਢੀ ਤੇ ਜ਼ਮੀਨ ਹੇਠਲਾ ਪਾਣੀ ਕੱਢਣਾ ਸ਼ੁਰੂ ਕਰ ਲਿਆ, ਜੋ ਹੁਣ ਮੁੱਕਣ ਦੀ ਕਾਗਾਰ 'ਤੇ ਪਹੁੰਚ ਗਿਆ ਏ । ਸੋਚੋ ਕੀ ਉਹ ਪਾਣੀ ਕੱਢਣ ਦੇ ਨਾਲ ਧਰਤੀ ਅੰਦਰ ਖ਼ਲਾਅ ਪੈਦਾ ਨਹੀਂ ਹੋਵੇਗਾ? ਧਰਤੀ ਦਾ ਤਾਲਮੇਲ ਨਹੀਂ ਵਿਗੜੇਗਾ? ਧਰਤੀ ਦੇ ਗਰਭ 'ਚ ਪਏ ਉਸ ਠੰਢੇ-ਠਾਰ ਪਾਣੀ ਨੂੰ ਕੱਢਣ ਕਾਰਨ ਧਰਤੀ ਅੰਦਰੋਂ ਗਰਮ ਨਹੀਂ ਹੋਵੇਗੀ? ਧਰਤੀ ਹੇਠਲਾ ਪਾਣੀ ਤਾਂ ਖਤਮ ਹੋਵੇਗਾ ਹੀ, ਨਾਲ ਹੋਰ ਮੁਸੀਬਤਾਂ ਵੀ ਖੜੀਆਂ ਹੋਣਗੀਆਂ। ਪਾਣੀ ਦੇ ਬਿਨਾਂ ਜ਼ਿੰਦਗੀ ਖਤਮ ਹੋ ਜਾਵੇਗੀ।

ਅਖੀਰ 'ਚ, ਧਰਤੀ ਤਾਂ ਸਭ ਦੀ ਸਾਂਝੀ ਹੈ, ਪਰ ਇਕੱਲੀ ਮਨੁੱਖ ਜਾਤੀ ਨੇ ਆਪਣੀ ਜਗੀਰ ਬਣਾ ਲਈ ਏ। ਟੋਏ-ਟਿੱਬੇ ਕਰਾਹ ਕੇ ਸਮਤਲ ਕਰ ਲਏ ਨੇ। ਪਹਾੜ ਤੇ ਜੰਗਲ ਖਤਮ ਕੀਤੇ ਜਾ ਰਹੇ ਨੇ । ਜਿਵੇਂ ਕਿ ਪਹਿਲਾਂ ਵੀ ਕਿਹਾ ਹੈ ਕਿ ਕੁਦਰਤ ਕਿਸੇ ਵੀ ਹਾਲ 'ਚ ਆਪਣਾ ਸੰਤੁਲਨ ਨਹੀਂ ਵਿਗੜਨ ਦਿੰਦੀ। ਹਾਲੇ ਵੀ ਸਮਾਂ ਹੈ ਕਿ ਸੁਧਰ ਜਾਈਏ, ਕੱਲ੍ਹ ਨੂੰ ਕਿਤੇ ਇਹ ਨਾ ਹੋਵੇ ਕਿ ਸੰਤੁਲਨ ਬਣਾਉਂਦਿਆਂ ਕੁਦਰਤ ਆਪਣੀ ਗਲਤੀ ਸੁਧਾਰੇ ਤੇ ਸਦੀਆਂ ਪਹਿਲਾਂ ਹੋਏ ਡਾਇਨਾਸੌਰਾਂ ਦੀ ਤਰ੍ਹਾਂ ਮਨੁੱਖ ਵੀ ਬੀਤੇ ਦੀ ਕਹਾਣੀ ਬਣ ਜਾਵੇ।

**# ਸੰਪਰਕ : 98153-02341**

# ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ

**ਸੰਦੀਪ ਕੁਮਾਰ**

ਪ੍ਰੈੱਸ ਜਾਂ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਇਹ ਉਹ ਥੰਮ੍ਹ ਹੈ, ਜੋ ਲੋਕਾਂ ਨੂੰ ਨਾ ਸਿਰਫ ਸਰਕਾਰ ਅਤੇ ਵਿਵਸਥਾ ਦੇ ਕੰਮਕਾਜ ਬਾਰੇ ਜਾਣੂ ਕਰਵਾਉਂਦਾ ਹੈ, ਸਗੋਂ ਸਮਾਜ 'ਚ ਚੱਲ ਰਹੀਆਂ ਹਰੇਕ ਤਰ੍ਹਾਂ ਦੀਆਂ ਗਤੀਵਿਧੀਆਂ ਉਤੇ ਰੋਸ਼ਨੀ ਪਾ ਕੇ ਲੋਕ ਚੇਤਨਾ ਨੂੰ ਜਗਾਉਣ ਵਿੱਚ ਵੀ ਭੂਮਿਕਾ ਨਿਭਾਉਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਹਰੇਕ ਦੇਸ਼ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਵੱਡੀ ਅਹਿਮੀਅਤ ਦਿੱਤੀ ਜਾਂਦੀ ਹੈ। ਹਰ ਸਾਲ 3 ਮਈ ਨੂੰ ਦੁਨੀਆ ਭਰ ਵਿੱਚ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮਨਾਉਣ ਦਾ ਮਕਸਦ ਇਹ ਹੈ ਕਿ ਲੋਕਾਂ ਨੂੰ ਮੀਡੀਆ ਦੀ ਆਜ਼ਾਦੀ, ਪੱਤਰਕਾਰਾਂ ਦੀ ਸੁਰੱਖਿਆ ਅਤੇ ਨਿਰਪੱਖ ਪੱਤਰਕਾਰਤਾ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਜਾਵੇ। ਇਹ ਦਿਨ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੇਸਕੋ ਵੱਲੋਂ 1993 ਵਿੱਚ ਘੋਸ਼ਿਤ ਕੀਤਾ ਗਿਆ ਸੀ। ਇਸ ਦੀ ਸ਼ੁਰੂਆਤ 1991 ਵਿੱਚ ਅਫਰੀਕੀ ਦੇਸ਼ ਨਮੀਬੀਆ ਦੀ ਰਾਜਧਾਨੀ ਵਿੰਡਹੋਕ ਵਿੱਚ ਹੋਈ ਇੱਕ ਸੰਮੇਲਨ ਤੋਂ ਹੋਈ ਸੀ, ਜਿਸ ਵਿੱਚ ਪੱਤਰਕਾਰਾਂ ਨੇ ਮੀਡੀਆ ਦੀ ਆਜ਼ਾਦੀ ਅਤੇ ਜ਼ਿੰਮੇਵਾਰ ਪੱਤਰਕਾਰਤਾ ਬਾਰੇ ਚਰਚਾ ਕੀਤੀ। ਉਸ ਸੰਮੇਲਨ ਤੋਂ ਜਾਰੀ ਹੋਈ "ਵਿੰਡਹੋਕ ਘੋਸ਼ਣਾ" ਨੇ ਦੁਨੀਆ ਭਰ ਵਿੱਚ ਪੱਤਰਕਾਰਤਾ ਦੀ ਆਜਾਦੀ ਅਤੇ ਸੁਰੱਖਿਆ ਦੇ ਹੱਕ ਵਿੱਚ ਆਵਾਜ਼ ਉਠਾਈ। ਉਸ ਤੋਂ ਬਾਅਦ ਹਰ ਸਾਲ 3 ਮਈ ਨੂੰ ਵਿਸ਼ਵ ਪੱਧਰ 'ਤੇ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ।

ਪੱਤਰਕਾਰਤਾ ਦਾ ਅਸਲ ਮਕਸਦ ਸੱਚ ਨੂੰ ਉਜਾਗਰ ਕਰਨਾ, ਗਲਤ ਨੀਤੀਆਂ ਨੂੰ ਬੇਨਕਾਬ ਕਰਨਾ ਅਤੇ ਲੋਕਾਂ ਤੱਕ ਨਿਰਪੱਖ ਜਾਣਕਾਰੀ ਪਹੁੰਚਾਉਣਾ ਹੋਣਾ ਚਾਹੀਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਅੱਜ ਇਹ ਚੌਥਾ ਥੰਮ੍ਹ ਆਪਣੇ ਅਸਲੀ ਰੂਪ ਤੋਂ ਦੂਰ ਹੋ ਰਿਹਾ ਹੈ। ਪੱਤਰਕਾਰਤਾ ਦਾ ਮੂਲ ਉਦੇਸ਼ ਅੱਜ ਪਿੱਛੇ ਛੁੱਟ ਰਿਹਾ ਹੈ ਤੇ ਪੀਲੀ ਪੱਤਰਕਾਰਤਾ ਨੇ ਆਪਣੇ ਪੈਰਾਂ ਨੂੰ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ। ਜਿੱਥੇ ਨਿਰਪੱਖ ਅਤੇ ਸੋਚ-ਸਮਝ ਕੇ ਚਲਾਈ ਜਾਣ ਵਾਲੀ ਪੱਤਰਕਾਰਤਾ ਦੀ ਲੋੜ ਸੀ, ਉੱਥੇ ਅੱਜ ਅਨਪੜ੍ਹ, ਅਣਅਨੁਭਵੀ ਅਤੇ ਵਿਦਿਅਕ ਯੋਗਤਾ ਤੋਂ ਰਹਿਤ ਲੋਕ ਵੀ ਕਲਮ ਜਾਂ ਮਾਈਕ ਫੜ ਕੇ ਪੱਤਰਕਾਰ ਬਣੇ ਫਿਰ ਰਹੇ ਹਨ। ਇਹ ਨਵੇਂ ਸਵੈ-ਘੋਸ਼ਿਤ ਪੱਤਰਕਾਰ ਅਕਸਰ ਸਿਰਫ ਵਾਇਰਲ ਹੋਣ ਜਾਂ ਆਪਣੇ ਨਫੇ ਲਈ ਕੰਮ ਕਰਦੇ ਹਨ। ਇਹ ਲੋਕ ਪੱਤਰਕਾਰਤਾ ਨੂੰ ਇੱਕ ਆਦਰਸ਼ ਪੇਸ਼ਾ ਸਮਝਣ ਦੀ ਬਜਾਏ ਇੱਕ ਚਲਾਕੀ ਭਰੀ ਚਾਲ ਜਾਂ ਧੰਦਾ ਸਮਝਦੇ ਹਨ। ਨਤੀਜੇ ਵਜੋਂ ਜੋ ਲੋਕ ਪੂਰੀ ਤਿਆਰੀ ਅਤੇ ਵਿਦਿਅਕ ਯੋਗਤਾ ਨਾਲ ਇਸ ਖੇਤਰ ਵਿੱਚ ਆਏ ਹਨ, ਉਹਨਾਂ ਦੀ ਵੀ ਇਮਾਨਦਾਰੀ ਤੇ ਨਿਰਪੱਖਤਾ ਤੇ ਸਵਾਲ ਉਠਣ ਲੱਗ ਪਏ ਹਨ। ਅੱਜ ਅਸਲ ਅਤੇ ਝੂਠ, ਨਿਰਪੱਖਤਾ ਅਤੇ ਪੱਖਪਾਤ ਵਿੱਚ ਅੰਤਰ ਕਰਨਾ ਆਮ ਪਾਠਕ ਲਈ ਮੁਸ਼ਕਲ ਹੋ ਗਿਆ ਹੈ।



ਇਸ ਦੇ ਨਾਲ ਹੀ ਪੱਤਰਕਾਰਤਾ ਅੱਜ ਦੋ ਧੜਿਆਂ ਵਿੱਚ ਵੰਡ ਹੋ ਗਈ ਹੈ। ਇੱਕ ਧੜਾ ਸਰਕਾਰਾਂ ਦੇ ਹੱਕ ਵਿੱਚ ਕੰਮ ਕਰ ਰਿਹਾ ਹੈ, ਜਿੱਥੇ ਹਕੀਕਤ ਨੂੰ ਛੁਪਾ ਕੇ ਕੇਵਲ ਸਰਕਾਰੀ ਪ੍ਰਚਾਰ ਕੀਤਾ ਜਾਂਦਾ ਹੈ। ਦੂਜਾ ਧੜਾ ਵਿਰੋਧੀ ਧਿਰ ਨਾਲ ਜੁੜ ਕੇ ਕੇਵਲ ਵਿਰੋਧ ਲਈ ਵਿਰੋਧ ਕਰ ਰਿਹਾ ਹੈ। ਦੋਹਾਂ ਹੀ ਹਾਲਤਾਂ ਵਿੱਚ ਸਮਾਜ ਨੂੰ ਨੁਕਸਾਨ ਪਹੁੰਚ ਰਿਹਾ ਹੈ। ਅਜਿਹੀ ਪੱਤਰਕਾਰਤਾ ਜੋ ਸਿਰਫ ਕਿਸੇ ਵਿਸ਼ੇਸ਼ ਹਿੱਤ ਦੇ ਤਹਿਤ ਕੀਤੀ ਜਾਵੇ, ਉਹ ਕਦੇ ਵੀ ਚੰਗੀ ਸੇਧ ਨਹੀਂ ਦੇ ਸਕਦੀ। ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ, ਲੋਕਾਂ ਵਿੱਚ ਵਿਭਾਜਨ ਪੈਦਾ ਹੁੰਦਾ ਹੈ ਅਤੇ ਲੋਕਤੰਤਰ ਦੀ ਜੜ੍ਹ ਹਿੱਲਦੀ ਹੈ। ਪ੍ਰੈੱਸ ਆਜ਼ਾਦੀ ਦਿਵਸ ਮਨਾਉਣ ਦਾ ਅਸਲ ਮਕਸਦ ਇਹ ਸੀ ਕਿ ਪੱਤਰਕਾਰਤਾ ਨੂੰ ਇੱਕ ਅਜਿਹੀ ਆਜ਼ਾਦੀ ਮਿਲੇ, ਜੋ ਕਿਸੇ ਵੀ ਰੂਪ ਵਿੱਚ ਰਾਜਨੀਤਕ ਜਾਂ ਆਰਥਿਕ ਦਬਾਅ ਤੋਂ ਆਜ਼ਾਦ ਹੋਵੇ। ਜਿੱਥੇ ਪੱਤਰਕਾਰ ਦਲੇਰ ਹੋ ਕੇ ਸੱਚ ਲਿਖਣ ਅਤੇ ਦੱਸਣ ਦਾ ਜਜ਼ਬਾ ਰੱਖਦੇ ਹੋਣ, ਪਰ ਅੱਜ ਦੀ ਹਕੀਕਤ ਵੱਖਰੀ ਹੈ। ਪੱਤਰਕਾਰਾਂ ਨੂੰ ਆਪਣੇ ਕੰਮ ਲਈ ਸਿਰਫ ਆਲੋਚਨਾ ਹੀ ਨਹੀਂ, ਕਈ ਵਾਰ ਜਾਨ ਦੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਕਈ ਪੱਤਰਕਾਰ ਜੋ ਦਲੇਰ ਹੋ ਕੇ ਮਾਫੀਆ ਜਾਂ ਭ੍ਰਿਸ਼ਟਾਚਾਰ ਖਿਲਾਫ ਆਵਾਜ਼ ਉਠਾਉਂਦੇ ਹਨ, ਉਹ ਜਾਂ ਤਾਂ ਗੁੰਮ ਹੋ ਜਾਂਦੇ ਹਨ ਜਾਂ ਉਹਨਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ। ਅਜਿਹੀਆਂ ਘਟਨਾਵਾਂ ਨੇ ਸਾਬਤ ਕੀਤਾ ਹੈ ਕਿ ਪੱਤਰਕਾਰਤਾ ਇਕ ਜੰਗ ਵਰਗੀ ਬਣ ਗਈ ਹੈ, ਜੋ ਸਿਰਫ ਦਲੇਰੀ ਨਾਲ ਹੀ ਲੜੀ ਜਾ ਸਕਦੀ ਹੈ।

ਪਰ ਇੱਥੇ ਇੱਕ ਹੋਰ ਪਾਸਾ ਵੀ ਦੇਖਣਯੋਗ ਹੈ। ਪੱਤਰਕਾਰਤਾ ਦੇ ਖੇਤਰ 'ਚ ਸਿਰਫ ਸਰਕਾਰਾਂ ਨੂੰ ਇਲਜ਼ਾਮ ਦੇ ਕੇ ਵੀ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦੇ। ਪੱਤਰਕਾਰਤਾ ਨਾਲ ਜੁੜੇ ਹਰੇਕ ਵਿਅਕਤੀ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪੇਸ਼ੇਵਰ ਇਮਾਨਦਾਰੀ ਨੂੰ ਬਰਕਰਾਰ ਰੱਖੇ। ਉਹ ਆਪਣੀ ਲਿਖਤ ਜਾਂ ਬੋਲਦਿਆਂ ਸਮੇਂ ਨਿਰਪੱਖਤਾ ਅਤੇ ਸੱਚ ਨੂੰ ਅੱਗੇ ਰੱਖੇ। ਕਿਉਂਕਿ ਇੱਕ ਇਮਾਨਦਾਰ ਤੇ ਦਲੇਰ ਪੱਤਰਕਾਰ ਸਮਾਜ ਦੀ ਆਵਾਜ਼ ਬਣ ਸਕਦਾ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਿ ਮੀਡੀਆ ਵਿੱਚ ਮੌਜੂਦਾ ਸਮੇਂ 'ਚ ਕਈ ਅਜਿਹੇ ਲੋਕ ਵੀ ਮੌਜੂਦ ਹਨ, ਜੋ ਅਜੇ ਵੀ ਆਪਣੀ ਪੇਸ਼ੇਵਰ ਨੈਤਿਕਤਾ 'ਤੇ ਡਟੇ ਹੋਏ ਹਨ, ਪਰ ਇਨ੍ਹਾਂ ਦੀ ਗਿਣਤੀ ਘੱਟ ਹੋ ਰਹੀ ਹੈ। ਅਜਿਹੀ ਸਥਿਤੀ ਵਿੱਚ ਜਦ ਤੱਕ ਪੱਤਰਕਾਰਤਾ ਨਾਲ ਜੁੜੇ ਵਿਅਕਤੀ ਆਪਣੇ ਅੰਦਰ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਇੱਛਾ ਨਹੀਂ ਰੱਖਣਗੇ, ਤਦ ਤੱਕ ਸਹੀ ਮਾਅਨਿਆਂ ਵਿੱਚ ਪ੍ਰੈੱਸ ਦੀ ਆਜ਼ਾਦੀ ਇੱਕ ਧੁੰਦਲੇ ਸੁਪਨੇ ਵਰਗੀ ਰਹੇਗੀ। ਸੱਚੀ ਤੇ ਨਿਰਪੱਖ ਪੱਤਰਕਾਰਤਾ ਹੀ ਲੋਕਤੰਤਰ ਨੂੰ ਮਜ਼ਬੂਤ ਕਰ ਸਕਦੀ ਹੈ, ਪਰ ਇਸ ਰਾਹ 'ਤੇ ਚਲਣਾ ਅਸਾਨ ਨਹੀਂ ਹੈ। ਆਮਦਨ ਦੀ ਕਮੀ, ਜਾਨ ਦਾ ਖਤਰਾ, ਦਬਾਅ ਅਤੇ ਧਮਕੀਆਂ ਆਮ ਗੱਲ ਹੋ ਚੁੱਕੀਆਂ ਹਨ, ਪਰ ਜੋ ਲੋਕ ਆਪਣੇ ਅੰਦਰ ਸੱਚ ਦੀ ਚਿੰਗਾਰੀ ਬਾਲ ਨੇ ਰੱਖਦੇ ਹਨ, ਉਹ ਕਿਸੇ ਵੀ ਹਾਲਤ ਵਿੱਚ ਆਪਣੇ ਫਰਜ਼ ਤੋਂ ਪਿੱਛੇ ਨਹੀਂ ਹਟਦੇ। ਅੱਜ ਦੇ ਸਮਾਜ ਨੂੰ ਅਜਿਹੇ ਹੀ ਲੋਕਾਂ ਦੀ ਲੋੜ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਮੀਡੀਆ ਦੀ ਆਜ਼ਾਦੀ ਦੀ ਰੱਖਿਆ ਸਿਰਫ ਕਾਨੂੰਨਾਂ ਨਾਲ ਨਹੀਂ ਹੋ ਸਕਦੀ ਹੈ। ਇਹ ਤਦ ਹੀ ਸੰਭਵ ਹੈ, ਜਦੋਂ ਪੱਤਰਕਾਰ ਆਪਣੇ ਕੰਮ ਨੂੰ ਇੱਕ ਸੇਵਾ ਸਮਝਣ ਲੱਗਣ, ਜਦੋਂ ਉਹ ਸੱਚ ਦੀ ਪੱਖਦਾਰੀ ਕਰਨ, ਜਦੋਂ ਉਹ ਕਿਸੇ ਵੀ ਹਿੱਤ ਤੋਂ ਪਰੇ ਹੋ ਕੇ ਸਮਾਜਿਕ ਸਰੋਕਾਰਾਂ ਨੂੰ ਪਹਿਲ ਦੇਣ। ਇਸ ਲਈ 3 ਮਈ ਦਾ ਦਿਨ ਸਿਰਫ ਪ੍ਰੈੱਸ ਦੀ ਅਜ਼ਾਦੀ ਨੂੰ ਮਨਾਉਣ ਦਾ ਦਿਨ ਹੀ ਨਹੀਂ, ਸਗੋਂ ਇਹ ਇੱਕ ਆਤਮ-ਮੰਥਨ ਦਾ ਦਿਨ ਵੀ ਹੈ। ਜਿੱਥੇ ਪੱਤਰਕਾਰਤਾ ਨਾਲ ਜੁੜੇ ਹਰੇਕ ਵਿਅਕਤੀ ਨੂੰ ਸੋਚਣ ਦੀ ਲੋੜ ਹੈ ਕਿ ਕੀ ਉਹ ਆਪਣੇ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾਅ ਰਿਹਾ ਹੈ ਜਾਂ ਨਹੀਂ। ਅੰਤ ਵਿੱਚ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਮਾਜ ਦਲੇਰ, ਨਿਰਪੱਖ ਅਤੇ ਚੇਤਨ ਬਣੇ, ਤਾਂ ਮੀਡੀਆ ਦੀ ਆਜ਼ਾਦੀ ਨੂੰ ਨਾ ਸਿਰਫ ਕਾਨੂੰਨੀ ਤੌਰ 'ਤੇ ਸੁਰੱਖਿਅਤ ਕਰਨਾ ਹੋਵੇਗਾ, ਸਗੋਂ ਮਾਨਸਿਕ ਅਤੇ ਆਤਮਿਕ ਤੌਰ 'ਤੇ ਵੀ ਸਾਫ ਅਤੇ ਇਮਾਨਦਾਰ ਰਸਤੇ 'ਤੇ ਲੈ ਕੇ ਜਾਣਾ ਪਏਗਾ, ਕਿਉਂਕਿ ਜਦ ਤੱਕ ਚੌਥਾ ਥੰਮ੍ਹ ਮਜ਼ਬੂਤ ਨਹੀਂ, ਤਦ ਤੱਕ ਲੋਕਤੰਤਰ ਦੀ ਇਮਾਰਤ ਵੀ ਕੱਚੀ ਰਹੇਗੀ।

**# ਸੰਪਰਕ : 70098-07121**

3-MAY-PAGE-5.qxd 5/2/2025 9:20 PM Page 1



# ਨਸ਼ਾ ਮੁਕਤੀ ਯਾਤਰਾ ਨੂੰ ਲੋਕ ਲਹਿਰ ਬਣਾਇਆ ਜਾ ਰਿਹੈ : ਹਰਦੀਪ ਮੁੰਡੀਆਂ

## ਪਾਣੀਆਂ ਦੇ ਮੁੱਦੇ 'ਤੇ 5 ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੀ ਸ਼ੁਰੂਆਤ ਕਰਕੇ ਪੰਜਾਬ ਦੀ ਨੌਜਵਾਨੀ ਨੂੰ ਨਸ਼ਾ ਰਹਿਤ ਜ਼ਿੰਦਗੀ ਜਿਉਣ ਤੇ ਲੋਕ ਭਲਾਈ ਦੇ ਇਸ ਕਾਰਜ ਵਿੱਚ ਹਿੱਸਾ ਲੈ ਕੇ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਨਸ਼ਾ ਤਸਕਰਾਂ ਨੂੰ ਅਣਗੌਲਿਆ ਕਰਨ ਦੇ ਨਾਲ ਤਸਕਰਾਂ ਨੂੰ ਸਿਆਸੀ ਸੁਰੱਖਿਆ ਪ੍ਰਦਾਨ ਕੀਤੀ, ਜਿਸ ਨੂੰ ਸੂਬੇ ਦੇ ਲੋਕ ਭਲੀ ਭਾਂਤ ਜਾਣਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ੍ਰ. ਹਰਦੀਪ ਸਿੰਘ ਮੁੰਡੀਆਂ ਨੇ ਮੈਜਿਸਟਿਕ ਰਿਜੋਰਟ ਮੋਗਾ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਰੱਖੇ ਗਏ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਰਾਜ ਵਿੱਚ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਪਿੰਡਾਂ ਦੇ ਪਹਿਰੇਦਾਰ ਦੇ ਰੂਪ ਵਿੱਚ ਵਿਲੱਖਣ ਸ਼ੁਰੂਆਤ ਕੀਤੀ ਗਈ ਹੈ, ਜੋ ਸਹੀ ਮਾਇਨਿਆਂ ਵਿੱਚ ਯੋਧਿਆਂ ਦੀ ਫੌਜ ਹੋਵੇਗੀ। ਪੰਜਾਬ ਵਿੱਚ ਨਸ਼ਿਆਂ ਦੀ ਅਲਾਮਤ ਖਿਲਾਫ ਇਹ ਫੈਸਲਾਕੁੰਨ ਜੰਗ ਸਾਬਿਤ ਹੋਵੇਗੀ। ਨਸ਼ਿਆਂ ਦੇ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਨਸ਼ਾ ਮੁਕਤੀ ਯਾਤਰਾ ਨੂੰ ਹਰੇਕ ਪਿੰਡ ਵਾਰਡ ਤੱਕ ਲਿਜਾ ਕੇ ਲੋਕ ਲਹਿਰ ਬਣਾਇਆ ਜਾਵੇਗਾ, ਤਾਂ ਜੋ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਤੇ ਤਸਕਰਾਂ ਵਿਚਾਲੇ ਗੱਠਜੋੜ ਕਰਕੇ ਪੰਜਾਬ ਦੀ ਜਵਾਨੀ ਨੂੰ ਕੁਰਾਹੇ ਪਾਇਆ ਗਿਆ ਸੀ ਤੇ ਸਾਡੀ ਸਰਕਾਰ ਪੁਰਾਣੀਆਂ ਸਰਕਾਰਾਂ ਦੀ ਗੰਦਗੀ ਨੂੰ ਸਾਫ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਪੁਲਸ 'ਤੇ ਕੋਈ ਸਿਆਸੀ ਦਬਾਅ ਨਹੀਂ ਹੈ, ਬਲਕਿ ਨਸ਼ੇ ਦੇ ਸੌਦਾਗਰਾਂ 'ਤੇ ਕਾਰਵਾਈ ਕਰਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਨਸ਼ਾ ਤਸਕਰਾਂ ਨੂੰ ਸਪੱਸ਼ਟ ਸੁਨੇਹਾ ਹੈ ਕਿ ਜਾਂ ਤਾਂ ਨਸ਼ੇ ਵੇਚਣੇ ਬੰਦ ਕਰ ਦੇਣ ਜਾਂ ਫਿਰ ਪੰਜਾਬ ਛੱਡ ਦੇਣ। ਉਨ੍ਹਾਂ ਕਿਹਾ ਕਿ ਪਿੰਡਾਂ ਤੇ ਵਾਰਡ ਪੱਧਰ 'ਤੇ ਬਣੀਆਂ ਡਿਫੈਂਸ ਕਮੇਟੀਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਪੰਜਾਬ ਤੇ ਪੰਜਾਬੀਆਂ ਦੇ ਹਿੱਤਾਂ ਲਈ ਭਾਵੇਂ ਨਸ਼ਿਆਂ ਦੀ ਗੱਲ ਹੋਵੇ, ਭਾਵੇਂ ਪਾਣੀਆਂ ਦੀ, ਡੱਟ ਕੇ ਪਹਿਰਾ ਦੇ ਰਹੇ ਹਨ। ਸਰਕਾਰ ਇਸ ਮਾਮਲੇ ਵਿੱਚ ਹਰ ਤਰ੍ਹਾਂ ਦੀ ਲੜਾਈ ਲੜਨ ਲਈ ਤਿਆਰ ਹੈ ਤੇ 5 ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਸੱਦਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ 'ਤੇ ਕੇਂਦਰ ਸਰਕਾਰ ਨੇ ਗੁਆਂਢੀ ਸੂਬੇ ਹਰਿਆਣਾ ਨੇ ਪਹਿਲਾਂ ਪਾਣੀਆਂ ਨੂੰ ਲੈ ਕੇ ਚਾਲਾਂ ਚੱਲੀਆਂ। ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਦੇ ਉਦਯੋਗਾਂ ਦਾ ਨੁਕਸਾਨ ਕੀਤਾ। ਹੁਣ ਰਿਪੇਰੀਅਨ ਸੂਬੇ ਦੇ ਹੱਕਾਂ ਉੱਤੇ ਡਾਕਾ ਮਾਰਨ ਦੀ ਚਾਲ ਚੱਲਣਾ ਬਹੁਤ ਹੀ ਮੰਦਭਾਗੀ ਸੋਚ ਹੈ, ਜੋ ਨਾ ਬਰਦਾਸ਼ਯੋਗ ਹੈ। ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਸਮਾਗਮ ਦੌਰਾਨ ਪਿੰਡਾਂ ਦੇ ਪੰਚ, ਸਰਪੰਚ, ਡਿਫੈਂਸ ਕਮੇਟੀਆਂ ਸਮੇਤ ਪਹੁੰਚੀਆਂ ਸ਼ਖਸੀਅਤਾਂ ਨੂੰ ਪਿੰਡਾਂ ਦਾ ਪਹਿਰੇਦਾਰ ਬਣ ਕੇ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਖਤਮ ਕਰਨ ਦਾ ਪ੍ਰਣ ਦਿਵਾਇਆ। ਪੰਡਾਲ ਵਿੱਚ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਨੇ ਨਸ਼ਾ ਮੁਕਤੀ ਯਾਤਰਾ ਦੀਆਂ ਝੰਡੀਆਂ ਹੱਥਾਂ ਵਿੱਚ ਚੁੱਕ ਕੇ ਪੰਜਾਬ ਸਰਕਾਰ ਦੇ ਮੋਢੇ ਨਾਲ ਮੋਢਾ ਲਗਾ ਕੇ ਨਸ਼ਿਆਂ ਖਿਲਾਫ ਆਵਾਜ਼ ਬੁਲੰਦ ਕੀਤੀ। ਇਸ ਤੋਂ ਪਹਿਲਾਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦਾ ਹੋਇਆ ਨੁੱਕੜ ਨਾਟਕ ਇਪਟਾ ਟੀਮ ਵੱਲੋਂ ਪੇਸ਼ ਕੀਤਾ ਗਿਆ। ਇਸ ਮੌਕੇ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ, ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ, ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਂਸ ਤੇ ਬਾਘਾ ਪੁਰਾਣਾ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ, ਐੱਸ ਐੱਸ ਪੀ ਮੋਗਾ ਅਜੇ ਗਾਂਧੀ, ਡਿਪਟੀ ਕਮਿਸ਼ਨਰ (ਜਨਰਲ) ਚਾਰੂਮਿਤਾ ਸਮੇਤ ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਹਾਜ਼ਰ ਸਨ।

# ਲੱਖ ਰੁਪਏ ਰਿਸ਼ਵਤ ਲੈਂਦਾ ਪਨਸਪ ਦਾ ਜਨਰਲ ਮੈਨੇਜਰ ਰੰਗੇ ਹੱਥੀਂ ਕਾਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪਨਸਪ ਦੇ ਜਨਰਲ ਮੈਨੇਜਰ ਅਜੀਤ ਪਾਲ ਸਿੰਘ ਸੈਣੀ, ਜਿਸ ਕੋਲ ਖਰੀਦ, ਸਟੋਰੇਜ, ਵਪਾਰਕ, ਨਿਰਮਾਣ ਤੇ ਮੁੱਖ ਵਿਜੀਲੈਂਸ ਅਧਿਕਾਰੀ (ਸੀ ਵੀ ਓ) ਦਾ ਵੀ ਚਾਰਜ ਹੈ, ਨੂੰ ਇੱਕ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਫਿਰੋਜ਼ਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਪਨਸਪ ਦੇ ਉਕਤ ਜਨਰਲ ਮੈਨੇਜਰ ਨੇ ਕੁੱਲ 1.25 ਕਰੋੜ ਰੁਪਏ ਦੀ ਗਬਨ ਰਾਸ਼ੀ, ਜੋ ਕਿ ਕਥਿਤ ਤੌਰ 'ਤੇ ਜਾਅਲੀ ਖਰੀਦ ਦੇ ਤਹਿਤ ਦਿਖਾਈ ਗਈ 14090 ਝੋਨੇ ਦੀਆਂ ਬੋਰੀਆਂ ਦੀ ਕੀਮਤ ਹੈ, ਦੀ 10 ਫੀਸਦ ਰਿਸ਼ਵਤ ਮੰਗ ਰਿਹਾ ਹੈ ਅਤੇ ਪਹਿਲੀ ਕਿਸ਼ਤ ਵਜੋਂ ਉਸ ਨੇ 2 ਲੱਖ ਰੁਪਏ ਦੀ ਮੰਗ ਕੀਤੀ ਹੈ। ਹਾਲਾਂਕਿ, ਗੱਲਬਾਤ ਤੋਂ ਬਾਅਦ ਸੌਦਾ ਇੱਕ ਲੱਖ ਰੁਪਏ ਵਿੱਚ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਦੋਸ਼ੀ ਦੀ ਗੱਲਬਾਤ ਆਡੀਓ ਰਿਕਾਰਡ ਕਰ ਲਈ, ਜਿਸ ਵਿੱਚ ਮੁਲਜ਼ਮ ਨੇ ਪਹਿਲੀ ਕਿਸ਼ਤ ਵਜੋਂ 2,00,000 ਰੁਪਏ ਦੀ ਮੰਗ ਕੀਤੀ ਹੈ। ਬੁਲਾਰੇ ਨੇ ਕਿਹਾ ਕਿ ਦੋਸ਼ਾਂ ਦੀ ਦੀ ਡੂੰਘੀ ਨਾਲ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਤੇ ਉਕਤ ਜਨਰਲ ਮੈਨੇਜਰ ਨੂੰ ਮੈਕਸ ਹਸਪਤਾਲ, ਫੇਜ਼ 6, ਮੋਹਾਲੀ ਦੀ ਪਾਰਕਿੰਗ ਵਿੱਚ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 1 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ ਗਿਆ। ਇਸ ਸਬੰਧੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ, ਫਲਾਇੰਗ ਸਕੁਐਡ-1, ਪੰਜਾਬ ਮੋਹਾਲੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੀ ਟੀਮ ਨੇ ਉਸ ਦੇ ਕਬਜ਼ੇ ਵਿੱਚੋਂ 1,00,000 ਰੁਪਏ ਦੀ ਰਿਸ਼ਵਤ ਬਰਾਮਦ ਕੀਤੀ ਹੈ ਤੇ ਮੁਲਜ਼ਮ ਦੀ ਸਰਕਾਰੀ ਕਾਰ, ਜਿਸ ਵਿੱਚ ਉਹ ਪੈਸੇ ਲੈਣ ਲਈ ਮੌਕੇ 'ਤੇ ਆਇਆ ਸੀ, ਨੂੰ ਵੀ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਬੁਲਾਰੇ ਨੇ ਕਿਹਾ ਕਿ ਉਸ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਹੋਰ ਜਾਂਚ ਜਾਰੀ ਹੈ।

# ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਇਕਨਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਮਜ਼ਦੂਰ ਦਿਵਸ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਵੱਖ ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਬੀ ਡੀ ਪੀ ਓ ਕੰਪਲੈਕਸ ਮਹਿਲ ਕਲਾਂ ਵਿਖੇ ਕੌਮਾਂਤਰੀ ਮਜ਼ਦੂਰ ਦਿਹਾੜਾ ਇਨਕਲਾਬੀ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਵਿਸ਼ਾਲ ਸਮਾਗਮ ਦੀ ਸ਼ੁਰੂਆਤ ਸ਼ਿਕਾਗੋ ਦੇ ਅਮਰ ਸ਼ਹੀਦਾਂ ਨੂੰ ਲਾਲ ਸਲਾਮ ਭੇਟ ਕਰਨ ਉਪਰੰਤ ਹੋਈ। ਇਸ ਮੌਕੇ ਸਮਾਜ ਸੇਵੀ ਭਾਨ ਸਿੰਘ ਜੱਸੀ, ਮਜ਼ਦੂਰ ਆਗੂਆਂ ਕਾਮਰੇਡ ਖੁਸ਼ੀਆ ਸਿੰਘ, ਜਗਰਾਜ ਸਿੰਘ ਰਾਮਾ, ਭੋਲਾ ਸਿੰਘ ਕਲਾਲ ਮਾਜਰਾ, ਡਾ: ਅਮਰਜੀਤ ਕੁੱਕੂ, ਮੰਗਤ ਸਿੰਘ ਸਿੱਧੂ, ਡਾ: ਜਗਰਾਜ ਸਿੰਘ ਮੂੰਮ, ਬਲਵੰਤ ਸਿੰਘ ਭੀਖੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਲੰਬਾ ਸਮਾਂ ਬੀਤ ਜਾਣ 'ਤੇ ਵੀ ਦੇਸ਼ ਦੀ ਵੱਡੀ ਗਿਣਤੀ ਲੋਕ ਬੇਰੁਜ਼ਗਾਰੀ, ਮਹਿੰਗਾਈ ਤੇ ਭੁੱਖਮਰੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ। ਹੁਣ ਕੇਂਦਰ ਸਰਕਾਰ ਵੱਲੋਂ ਨਰੇਗਾ ਰੁਜ਼ਗਾਰ ਯੋਜਨਾ ਦੇ ਫੰਡਾਂ ਵਿੱਚ ਵਾਧਾ ਕਰਨ ਦੀ ਥਾਂ ਘਟਾਏ ਜਾ ਰਹੇ ਹਨ। ਆਗੂਆਂ ਨੇ ਮੰਗ ਕੀਤੀ ਕਿ ਮਨਰੇਗਾ ਤਹਿਤ ਮਜ਼ਦੂਰ ਪਰਵਾਰਾਂ ਲਈ ਪੂਰਾ ਸਾਲ ਰੁਜ਼ਗਾਰ ਤੇ 700 ਰੁਪਏ ਦੀ ਦਿਹਾੜੀ, 55 ਸਾਲ ਉਪਰ ਮਜ਼ਦੂਰਾਂ ਨੂੰ 10 ਹਜ਼ਾਰ ਰੁਪਏ ਪੈਨਸ਼ਨ ਨਿਸ਼ਚਤ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ 35 ਕਿੱਲੋ ਪ੍ਰਤੀ ਪਰਵਾਰ ਮਿਲਣ ਵਾਲੀ ਕਣਕ ਨੂੰ ਘਟਾ ਕੇ ਪੰਜ ਕਿੱਲੋ ਪ੍ਰਤੀ ਜੀਅ ਕੀਤਾ ਗਿਆ ਹੈ, ਜੋ ਗਰੀਬ ਵਿਰੋਧੀ ਕਦਮ ਹੈ। ਉਨ੍ਹਾਂ ਮੰਗ ਕੀਤੀ ਕਿ ਰਾਸ਼ਨ ਕਾਰਡ ਧਾਰਕਾਂ ਨੂੰ 35 ਕਿੱਲੋ ਕਣਕ, 5 ਕਿਲੋ ਚੌਲ, 2 ਕਿਲੋ ਦਾਲ, ਖੰਡ, ਚਾਹ ਪੱਤੀ ਤੇ ਰਸੋਈ ਗੈਸ ਵਜੋਂ ਸਬਸਿਡੀ ਰਾਹੀਂ ਮੁਹੱਈਆ ਕਰਵਾਈ ਜਾਵੇ। ਮਜ਼ਦੂਰ ਆਗੂਆਂ ਨੇ ਕਿਹਾ ਕਿ ਸਰਕਾਰਾਂ ਨੇ ਸਿੱਖਿਆ, ਸਿਹਤ ਤੇ ਰੁਜ਼ਗਾਰ ਮੁਹੱਈਆ ਕਰਵਾਉਣ ਤੋਂ ਪਾਸਾ ਵਟ ਲਿਆ ਹੈ। ਪੜ੍ਹੇ ਲਿਖੇ ਨੌਜਵਾਨ ਕੰਮ ਨਾ ਮਿਲਣ ਕਾਰਨ ਨਸ਼ਿਆਂ ਵਿੱਚ ਫਸੇ ਹੋਏ ਹਨ। ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸੁਪਨਿਆਂ ਦਾ ਰਾਜ ਲਿਆਉਣ ਲਈ ਤਿੱਖੇ ਸੰਘਰਸ਼ ਸਮੇਂ ਦੀ ਮੁੱਖ ਲੋੜ ਹੈ। ਅਖੀਰ ਵਿੱਚ ਮਜ਼ਦੂਰ ਜਥੇਬੰਦੀਆਂ ਵੱਲੋਂ ਇੱਕ ਕਾਫਲੇ ਦੇ ਰੂਪ ਵਿੱਚ ਕੇਂਦਰ ਤੇ ਰਾਜ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਕੇ ਅਨਾਜ ਮੰਡੀ ਮਹਿਲ ਕਲਾਂ ਦੇ ਗੇਟ ਅੱਗੇ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਲਾਲ ਝੰਡਾ ਲਹਿਰਾਇਆ। ਇਸ ਮੌਕੇ ਬਾਬਾ ਸ਼ੇਰ ਸਿੰਘ ਖ਼ਾਲਸਾ, ਕੌਰ ਸਿੰਘ ਕਲਾਲ ਮਾਜਰਾ, ਪ੍ਰਕਾਸ਼ ਸਿੰਘ ਸੱਦੋਵਾਲ, ਪਰਮਜੀਤ ਸਿੰਘ ਗਾਂਧੀ, ਮਹਿੰਦਰ ਸਿੰਘ ਧਨੇਰ, ਹੈਪੀ ਸਿੰਘ ਛੀਨੀਵਾਲ, ਡਾ: ਬਲਦੇਵ ਸਿੰਘ ਧਨੇਰ, ਨਿਰਮਲ ਸਿੰਘ ਸਹੌਰ, ਦਰਸ਼ਨ ਸਿੰਘ ਬਾਹਮਣੀਆਂ, ਸਾਧੂ ਸਿੰਘ ਛੀਨੀਵਾਲ, ਡਾ: ਲਾਭ ਸਿੰਘ ਮੰਡੇਰ, ਸੁਰਿੰਦਰ ਸ਼ਰਮਾ, ਇਕਬਾਲ ਸਿੰਘ ਲੋਹਗੜ੍ਹ, ਗੁਰਬਚਨ ਸਿੰਘ ਕੈਰੇ ਆਦਿ ਹਾਜ਼ਰ ਸਨ।

## ਕਾਤਰਾਂ

### ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਬੱਧਨੀ ਕਲਾਂ (ਲਵਲੀ ਮਾਛੀਕੇ)**-ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਸਥਾਨਕ ਪੁਲਸ ਨੇ ਇੱਕ ਵਿਅਕਤੀ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਥਾਣਾ ਬੱਧਨੀ ਕਲਾਂ ਦੇ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਜਦ ਪੁਲਸ ਚੌਕੀ ਲੋਪੋ ਦੇ ਇੰਚਾਰਜ ਸਹਾਇਕ ਥਾਣੇਦਾਰ ਜਸਵੰਤ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ ਵਿੱਚ ਗਸ਼ਤ ਕਰਦੇ ਹੋਏ ਲੋਪੋ ਰਸੂਲਪੁਰ ਡਰੇਨ ਕੋਲ ਜਾ ਰਹੇ ਸਨ ਤਾਂ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਸੁਰਜੀਤ ਸਿੰਘ ਨਿਵਾਸੀ ਪਿੰਡ ਰਸੂਲਪੁਰ ਨੂੰ ਕਾਬੂ ਕਰਕੇ ਨਸ਼ੇ ਦੇ ਤੌਰ 'ਤੇ ਵਰਤੀਆਂ ਜਾਣ ਵਾਲੀਆਂ 310 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ, ਜਿਸ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ।

### ਝੱਖੜ ਤੇ ਗੜੇਮਾਰੀ ਨਾਲ ਬਾਗ਼ਬਾਨੀ ਦੀ ਫ਼ਸਲ ਨੂੰ ਨੁਕਸਾਨ, ਬਿਜਲੀ ਸਪਲਾਈ ਠੱਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਵਿਚ ਅੱਜ ਰਾਤੀਂ ਸਵਾ ਨੌਂ ਵਜੇ ਦੇ ਕਰੀਬ ਆਏ ਜ਼ੋਰਦਾਰ ਝੱਖੜ ਅਤੇ ਮਗਰੋਂ ਗੜੇਮਾਰੀ ਕਾਰਨ ਪਟਿਆਲਾ ਵਿੱਚ ਪੂਰੀ ਤਰ੍ਹਾਂ ਹਨੇਰਾ ਛਾ ਗਿਆ। ਇਸ ਦੌਰਾਨ ਦਰੱਖਤ ਡਿੱਗਣ ਦੀਆਂ ਵੀ ਰਿਪੋਰਟਾਂ ਹਨ, ਜਿਸ ਕਾਰਨ ਕੁਝ ਥਾਵਾਂ 'ਤੇ ਸੰਪਤੀ ਤੇ ਵਾਹਨਾਂ ਨੂੰ ਵੀ ਨੁਕਸਾਨ ਪੁੱਜਾ ਹੈ। ਕੁਝ ਥਾਵਾਂ 'ਤੇ ਛੱਤਾਂ 'ਤੇ ਲੱਗੇ ਸੋਲਰ ਪੈਨਲਾਂ ਨੂੰ ਵੀ ਨੁਕਸਾਨ ਪਹੁੰਚਿਆ। ਤੇਜ਼ ਰਫ਼ਤਾਰ ਹਵਾਵਾਂ ਨੇ ਬਾਗਬਾਨੀ ਦੀ ਫ਼ਸਲ, ਖਾਸ ਕਰਕੇ ਅੰਬ, ਨਿੰਬੂ ਅਤੇ ਅਮਰੂਦ ਨੂੰ ਨੁਕਸਾਨ ਪਹੁੰਚਾਇਆ ਹੈ। ਅਨਾਜ ਮੰਡੀ ਵਿੱਚ ਕਿਸਾਨ ਬੇਵੱਸ ਹੋ ਕੇ ਕਣਕ ਦੀ ਫ਼ਸਲ ਦਾ ਬਚਾਅ ਕਰਦੇ ਦੇਖੇ ਗਏ। ਝੱਖੜ ਕਰਕੇ ਕਈ ਥਾਵਾਂ 'ਤੇ ਬਿਜਲੀ ਸਪਲਾਈ ਠੱਪ ਹੋ ਗਈ ਅਤੇ ਬਹੁਤ ਸਾਰੇ ਯਾਤਰੀ ਸੜਕ 'ਤੇ ਫਸ ਗਏ।

### ਲੋਕ ਅਦਾਲਤ 10 ਨੂੰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੈਂਬਰ ਸਕੱਤਰ, ਪੰਜਾਬ ਰਾਜ ਕਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ, ਸ੍ਰੀ ਕਰੁਨੇਸ਼ ਕੁਮਾਰ ਅਤੇ ਸੀ ਜੇ ਐੱਮ ਕਮ-ਸਕੱਤਰ ਸ੍ਰੀਮਤੀ ਬਲਜਿੰਦਰ ਕੌਰ ਮਾਨ ਜ਼ਿਲ੍ਹਾ ਕਨੂੰਨੀ ਸੇਵਾਵਾ ਅਥਾਰਟੀ ਬਠਿੰਡਾ ਦੀ ਰਹਿਨਮਾਈ ਹੇਠ ਕੌਮੀ ਲੋਕ ਅਦਾਲਤ 10 ਮਈ 2025 ਨੂੰ ਲੱਗ ਰਹੀ ਹੈ। ਇਸ ਮੌਕੇ ਉਨ੍ਹਾਂ ਨੂੰ ਪੁਲਸ ਤੇ ਵੱਖ-ਵੱਖ ਵਿਭਾਗਾਂ ਅਤੇ ਟ੍ਰੈਫਿਕ ਪੁਲਸ ਨੂੰ ਲੋਕ ਅਦਾਲਤ ਦੇ ਸਬੰਧੀ ਜਾਣਕਾਰੀ ਮੁਹਈਆ ਕਰਵਾਈ ਗਈ। ਉਨ੍ਹਾਂ ਕਿਹਾ ਕਿ ਲੋਕ ਹਿਤ ਸਬੰਧੀ ਵੱਧ ਤੋਂ ਵੱਧ ਕੇਸ ਲਗਾਏ ਜਾਣ ਤਾਂ ਜੋ ਆਮ ਲੋਕਾਂ ਨੂੰ ਬਣਦਾ ਹੱਕ ਮਿਲ ਸਕੇ। ਇਸ ਮੌਕੇ ਉਨ੍ਹਾਂ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਲੱਗ ਰਹੀ ਇਸ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ।

### ਅਦਿੱਤਿਆ ਠੱਕਰ ਜ਼ਿਲ੍ਹੇ 'ਚੋਂ ਦੂਜੇ ਸਥਾਨ 'ਤੇ ਰਿਹਾ



**ਜਲਾਲਾਬਾਦ (ਜੀਤ ਕੁਮਾਰ)**-ਆਈ ਸੀ ਐੱਸ ਈ ਬੋਰਡ ਦੀ 10ਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ ਦੇ ਘੋਸ਼ਿਤ ਨਤੀਜੇ ਦੇ ਦੌਰਾਨ ਸੈਕਰਡ ਹਾਰਟ ਕਾਨਵੈਂਟ ਸਕੂਲ ਜਲਾਲਾਬਾਦ ਦੇ ਵਿਦਿਆਰਥੀ ਅਦਿੱਤਿਆ ਠੱਕਰ ਪੁੱਤਰ ਰਿਸ਼ੀ ਠੱਕਰ ਤੇ ਮਾਤਾ ਮਲਿਕਾ ਠੱਕਰ ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੇ ਪਰਿਵਾਰ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਬੀਤੇ ਦਿਨ ਜਾਰੀ ਹੋਏ ਨਤੀਜਿਆ ਵਿੱਚ ਅਦਿੱਤਿਆ ਠੱਕਰ ਨੇ 97.8 ਪ੍ਰਤੀਸ਼ਤ ਅੰਕ ਹਾਸਲ ਕੀਤੇ ਤੇ ਹਿਸਟਰੀ ਜਿਉਗ੍ਰਾਫੀ ਵਿੱਚੋਂ 100 ਪ੍ਰਤੀਸ਼ਤ ਅੰਕ ਹਾਸਲ ਕੀਤੇ। ਅਦਿੱਤਿਆ ਠੱਕਰ ਨੇ ਆਪਣੀ ਸਫਲਦਾ ਦਾ ਸਿਹਰਾ ਆਪਣੇ ਮਾਤਾ-ਪਿਤਾ, ਸਕੂਲ ਪ੍ਰਿੰਸੀਪਲਅਤੇ ਅਧਿਆਪਕਾਂ ਨੂੰ ਦਿੱਤਾ।

### ਬਿਜਲੀ ਬੰਦ ਰਹੇਗੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਾਵਰਕੌਮ ਮਹਿਕਮੇ ਦੇ ਉੱਚ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ 3 ਮਈ ਦਿਨ ਸ਼ਨੀਵਾਰ ਨੂੰ 132 ਕੇ ਵੀ ਸਬ ਸਟੇਸ਼ਨ ਸ੍ਰੀ ਮੁਕਤਸਰ ਸਾਹਿਬ ਦੁਪਹਿਰ 12 ਵਜੇ ਤੋਂ ਸ਼ਾਮ 7 ਵਜੇ ਤੱਕ ਰਹੇਗਾ ਬੰਦ ਰਹੇਗਾ। ਇਸ ਸਬ ਸਟੇਸ਼ਨ ਅਧੀਨ ਆਉਂਦੇ 66 ਕੇ ਵੀ ਸ/ਸ, ਭੁੱਟੀਵਾਲਾ, ਕਾਉਣੀ, ਰੁਪਾਣਾ, ਮਲੋਟ ਰੋਡ ਸ੍ਰੀ ਮੁਕਤਸਰ ਸਾਹਿਬ, ਫੂਲੇਵਾਲ, ਲੁਬਾਨਿਆਂ ਵਾਲੀ, ਮੁਕਦੇ ਵਾਲਾ ਅਤੇ ਟਿੱਬੀ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਬਿਜਲੀ ਦੀ ਸਪਲਾਈ ਬੰਦ ਰਹੇਗੀ।

# ਵਿਅਕਤੀ ਦੇ ਸਿਰ 'ਚ ਮਾਰੀ ਇੱਟ, ਹੋਈ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਅਧੀਨ ਆਉਂਦੇ ਪਿੰਡ ਸੋਢੇ ਵਾਲਾ ਵਿਖੇ ਇਕ ਵਿਅਕਤੀ ਦੇ ਘਰ ਅੱਗੇ ਗੇੜੇ ਮਾਰਨ ਤੋਂ ਰੋਕਣ 'ਤੇ ਵਿਅਕਤੀ ਦੇ ਸਿਰ ਵਿੱਚ ਇੱਟ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ 4 ਵਿਅਕਤੀਆਂ ਖਿਲਾਫ 103, 115 (2), 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵੀਨਾ ਪਤਨੀ ਸੁੱਖਾ ਵਾਸੀ ਪਿੰਡ ਸੋਢੇ ਵਾਲਾ ਨੇ ਦੱਸਿਆ ਕਿ ਉਸ ਦੇ ਘਰ ਦੇ ਬਾਹਰ ਕ੍ਰਿਸ਼ਨ ਪੁੱਤਰ ਤਰਸੇਮ ਗੇੜੇ ਮਾਰ ਕੇ ਮਾੜੀ ਨੀਅਤ ਨਾਲ ਤੱਕਦਾ ਸੀ ਤੇ 1 ਮਈ 2025 ਨੂੰ ਰਾਤ ਕਰੀਬ 10 ਵਜੇ ਕ੍ਰਿਸ਼ਨ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਨ੍ਹਾਂ ਦੇ ਘਰ ਅੱਗੇ ਆ ਕੇ ਮੋਟਰਸਾਈਕਲ ਦਾ ਹਾਰਨ ਮਾਰਨ ਲੱਗ ਪਿਆ ਤਾਂ ਉਸ ਦੇ ਲੜਕੇ ਗੋਰੇ ਨੇ ਉਸ ਨੂੰ ਰੋਕਿਆ ਤਾਂ ਕ੍ਰਿਸ਼ਨ ਨੇ ਅੱਗੋਂ ਕਿਹਾ ਕਿ ਮੈਂ ਤੁਹਾਡੇ ਘਰਾਂ ਦੀਆਂ ਔਰਤਾਂ ਨੂੰ ਚੁੱਕ ਕੇ ਲੈ ਜਾਵਾਂਗਾ। ਇਸੇ ਦੌਰਾਨ ਕ੍ਰਿਸ਼ਨ ਵਗੈਰਾ ਵੱਲੋਂ ਉਸ ਦੇ ਪਰਿਵਾਰ ਨਾਲ ਲੜਾਈ ਝਗੜਾ ਕੀਤਾ ਗਿਆ। ਵੀਨਾ ਨੇ ਦੱਸਿਆ ਕਿ ਉਸ ਦੇ ਪਰਿਵਾਰ ਦੇ ਸੱਟਾਂ ਮਾਰੀਆਂ ਤੇ ਕ੍ਰਿਸ਼ਨ ਨੇ ਇਕ ਪੱਕੀ ਇੱਟ ਚੁੱਕ ਕੇ ਉਸ ਦੇ ਪਤੀ ਸੁੱਖਾ ਦੇ ਸਿਰ ਵਿੱਚ ਮਾਰੀ, ਜਿਸ ਨਾਲ ਸੁੱਖਾ ਜ਼ਮੀਨ 'ਤੇ ਡਿੱਗ ਪਿਆ, ਜਿਸ ਨੂੰ ਉਹ ਇਲਾਜ ਲਈ ਸਿਵਲ ਹਸਪਤਾਲ ਫਿਰੋਜ਼ਪੁਰ ਲੈ ਕੇ ਗਏ, ਜਿੱਥੇ ਡਾਕਟਰ ਨੇ ਸੁੱਖਾ ਨੂੰ ਮ੍ਰਿਤਕ ਕਰਾਰ ਦਿੱਤਾ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋਸ਼ੀ ਕ੍ਰਿਸ਼ਨ ਪੁੱਤਰ ਤਰਸੇਮ, ਸੁੱਚਾ ਪੁੱਤਰ ਤਰਸੇਮ, ਤਰਸੇਮ ਤੇ ਵਿੱਕੀ ਪੁੱਤਰ ਤਰਸੇਮ ਵਾਸੀਆਨ ਸੋਢੇਵਾਲਾ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੜਕ ਮੁਰੰਮਤ ਕਰਨ ਦੀ ਮੰਗ

**ਲੌਂਗੋਵਾਲ (ਪ੍ਰਦੀਪ ਸਿੰਘ ਸੱਗੂ)**-ਕਸਬਾ ਲੌਂਗੋਵਾਲ ਤੋਂ ਪਿੰਡ ਮੰਡੇਰ ਕਲਾਂ, ਤਕੀਪੁਰ ਨੂੰ ਜਾਣ ਵਾਲੀ ਸੜਕ ਦਾ ਬਹੁਤ ਮਾੜਾ ਹਾਲ ਹੋਣ ਕਰਕੇ ਰੋਜ਼ਾਨਾ ਹੀ ਸੜਕ ਹਾਦਸੇ ਹੁੰਦੇ ਹਨ, ਇਹ ਸੜਕ ਟੁੱਟੀ ਹੋਣ ਕਰਕੇ ਪਿਛਲੇ ਦਿਨੀਂ ਗੁਰਕੀਰਤ ਸਿੰਘ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਨੂੰ ਇੱਕ ਤੇਜ਼ ਰਫਤਾਰ ਟਰੱਕ ਨੇ ਕੁਚਲ ਦਿੱਤਾ। ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ ਤੇ ਹੋਰ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਟੁੱਟੀ ਹੋਈ ਸੜਕ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ, ਨਹੀਂ ਤਾਂ ਹੋਰ ਲੋਕਾਂ ਨੂੰ ਵੀ ਹਾਦਸਿਆਂ ਦਾ ਸ਼ਿਕਾਰ ਹੋਣਾ ਪਵੇਗਾ।

# ਅੱਗ ਨਾਲ ਝੁਲਸੇ ਦੂਸਰੇ ਵਿਅਕਤੀ ਦੀ ਵੀ ਮੌਤ



**ਭੀਖੀ (ਧਰਮਵੀਰ ਸ਼ਰਮਾ)**-ਬੀਤੇ ਦਿਨੀਂ ਨੇੜਲੇ ਪਿੰਡ ਹਮੀਰਗੜ੍ਹ ਢੈਪਈ ਦੇ ਖੇਤਾਂ ਵਿੱਚ ਨਾੜ ਨੂੰ ਲੱਗੀ ਭਿਆਨਕ ਅੱਗ ਵਿੱਚ ਪਿੰਡ ਦੇ ਝੁਲਸੇ ਗਏ 2 ਵਿਅਕਤੀਆਂ ਵਿੱਚੋਂ ਇੱਕ ਦੀ ਪਹਿਲਾਂ ਹੀ ਮੌਤ ਹੋ ਗਈ ਸੀ ਅਤੇ ਬੀਤੀ ਕੱਲ੍ਹ ਦੂਸਰੇ ਵਿਅਕਤੀ ਦੀ ਵੀ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਜਗਸੀਰ ਸਿੰਘ (55) ਪੁੱਤਰ ਬਸੰਤ ਸਿੰਘ ਜੋ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਬੁਰੀ ਤਰ੍ਹਾਂ ਝੁਲਸਿਆ ਗਿਆ ਸੀ, ਦਾ ਪੀ.ਜੀ.ਆਈ. ਚੰਡੀਗੜ੍ਹ ਵਿਖੇ ਇਲਾਜ ਚੱਲ ਰਿਹਾ ਸੀ, ਜ਼ੇਰੇ ਇਲਾਜ ਬੀਤੀ ਕੱਲ੍ਹ ਉਸ ਦੀ ਮੌਤ ਹੋ ਗਈ। ਪਿੰਡ ਦੀ ਸਰਪੰਚ ਰਣਜੀਤ ਕੌਰ, ਸਮਾਜ ਸੇਵੀ ਅਮਰਿੰਦਰ ਸਿੰਘ ਜੱਸੜ, ਕਿਸਾਨ ਆਗੂ ਧਨਜੀਤ ਸਿੰਘ, ਰਾਜਪਾਲ ਬਾਂਸਲ ਅਤੇ ਸਾਬਕਾ ਸਰਪੰਚ ਪਿਰਥੀ ਸਿੰਘ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਕਿਸਾਨ ਦੇ ਜਾਣ ਨਾਲ ਪਰਵਾਰ ਜਿਥੇ ਆਪਣੇ ਵਡੇਰੇ ਤੋਂ ਵਾਂਝਾ ਹੋ ਗਿਆ ਹੈ, ਉਥੇ ਇਸ ਨਾਲ ਉਨ੍ਹਾਂ ਨੂੰ ਆਰਥਿਕ ਨੁਕਸਾਨ ਦਾ ਵੀ ਸਾਹਮਣਾ ਕਰਨਾ ਪਵੇਗਾ। ਪਰਵਾਰ ਨੂੰ ਬਣਦੀ ਵਿੱਤੀ ਮਦਦ ਤੁਰੰਤ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਮਾਰਕਿਟ ਕਮੇਟੀ ਭੀਖੀ ਤੋਂ ਮੰਗ ਕੀਤੀ ਹੈ ਕਿ ਖੇਤੀ ਹਾਦਸਿਆਂ ਤਹਿਤ ਦਿੱਤੀ ਜਾਣ ਵਾਲੀ ਮਦਦ ਲਈ ਲੋੜੀਂਦੀ ਕਾਰਵਾਈ ਵੀ ਜਲਦੀ ਨੇਪਰੇ ਚਾੜ੍ਹੀ ਜਾਵੇ।

# ਮਜ਼ਦੂਰ ਦਿਵਸ ਮੌਕੇ ਟਰੇਡ ਯੂਨੀਅਨ ਕੌਂਸਲ ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ



**ਜ਼ੀਰਾ (ਨਰਿੰਦਰ ਅਨੇਜਾ)**-ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਪ੍ਰਧਾਨ ਤਰਸੇਮ ਸਿੰਘ ਹਰਾਜ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਜ਼ੀਰਾ ਵਿਖੇ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਦੌਰਾਨ ਸੰਬੋਧਨ ਕਰਦਿਆਂ ਪ੍ਰਧਾਨ ਤਰਸੇਮ ਸਿੰਘ ਹਰਾਜ, ਰਿਟਾਇਰਡ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਬਚਿੱਤਰ ਸਿੰਘ ਗਿੱਲ ਆਦਿ ਨੇ ਕਿਹਾ ਕਿ ਭਾਰਤੀ ਸੱਤਾ ਤੇ ਅੱਜ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ ਤੇ ਉਨ੍ਹਾਂ ਦੀ ਸਰਕਾਰ ਵਿੱਚ ਫਿਰਕੂ ਫਾਸ਼ੀਵਾਦੀ ਤਾਕਤਾਂ ਕਰ ਰਹੀਆਂ ਹਨ, ਜਿਹੜੀਆਂ ਮਜ਼ਦੂਰਾਂ ਉੱਤੇ ਹਰ ਕਿਸਮ ਦਾ ਭਾਰ ਪਾ ਕੇ ਉਨ੍ਹਾਂ ਦੀ ਕਿਰਤ ਸ਼ਕਤੀ ਦੀ ਲੁੱਟ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਵਿਰੋਧੀ ਹਨ। ਉਨ੍ਹਾਂ ਕੇਂਦਰ ਸਰਕਾਰ 'ਤੇ ਵਰ੍ਹਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਬਦਲ ਕੇ ਸਰਮਾਏਦਾਰਾਂ ਦੇ ਪੱਖ 'ਚ ਬਣਾਇਆ ਜਾ ਰਿਹਾ ਹੈ। ਹੋਰ ਤਾਂ ਹੋਰ ਸਰਕਾਰ ਨੇ ਇਹੋ ਜਿਹੀਆਂ ਨੀਤੀਆਂ ਅਪਣਾ ਲਈਆਂ ਹਨ, ਜਿਸ ਨਾਲ ਪੱਕੇਦਾਰਾਂ, ਮਜ਼ਦੂਰਾਂ ਤੇ ਮਨਰੇਗਾ ਵਰਕਰਾਂ ਦੀ ਲੁੱਟ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ, ਸਰਮਾਏਦਾਰਾਂ ਦੇ ਪੱਖੀ ਤੇ ਮਿਹਨਤਕਸ਼ ਲੋਕਾਂ ਦੇ ਖ਼ਿਲਾਫ ਹਨ। ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਵੱਡੇ ਘਰਾਣਿਆਂ ਦੀ ਬਜਾਏ ਸਰਕਾਰ ਮਿਹਨਤਕਸ਼ ਲੋਕਾਂ ਲਈ ਨਵੀਆਂ ਨੀਤੀਆਂ ਲਾਗੂ ਕਰੇ। ਇਸ ਮੌਕੇ ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਕੋਰੀਓਗ੍ਰਾਫੀਆਂ ਤੇ ਇਨਕਲਾਬੀ ਨਾਟਕ ਪੇਸ਼ ਕੀਤੇ ਗਏ। ਸਟੇਜ ਸੈਕਟਰੀ ਦੀ ਭੂਮਿਕਾ ਬਲਦੇਵ ਰਾਜ ਗਾਦੜੀਵਾਲਾ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਰਿਟਾਇਰਡ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ, ਖਜ਼ਾਨਚੀ ਹਰਨੇਕ ਸਿੰਘ, ਨਛੱਤਰ ਸਿੰਘ, ਕਾਮਰੇਡ ਕਸ਼ਮੀਰ ਸਿੰਘ, ਅਮਰਜੀਤ ਸਿੰਘ ਮਨੋਵਲੀ, ਕਾਮਰੇਡ ਕੁਲਵੰਤ ਸਿੰਘ, ਮਲਕੀਤ ਸਿੰਘ ਗਾਦੜੀਵਾਲਾ, ਅੰਗਰੇਜ ਸਿੰਘ ਅਟਵਾਲ, ਸਮਾਜ ਸੇਵਿਕਾ ਕਿਰਨ ਗੋੜ, ਪ੍ਰਿੰਸੀਪਲ ਚਮਕੌਰ ਸਿੰਘ ਸਰਾਂ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਬਲਵਿੰਦਰ ਕੌਰ ਲਖੂਕਾ, ਪਿਆਰ ਕੌਰ, ਪ੍ਰਿੰਸੀਪਲ ਕਲੱਬ ਦੇ ਪ੍ਰਧਾਨ ਜਰਨੈਲ ਸਿੰਘ ਭੁੱਲਰ, ਰਿਟਾ: ਲੈਕਚਰਾਰ ਨਰਿੰਦਰ ਸਿੰਘ, ਹਿੰਮਤ ਸਿੰਘ, ਅਸ਼ੋਕ ਕੁਮਾਰ ਪਲਤਾ, ਹਰਮਨਪਾਲ ਨੀਲੋਵਾਲਾ, ਪ੍ਰਤਾਪ ਸਿੰਘ ਹੀਰਾ, ਨਰਿੰਦਰ ਨੀਲੋਵਾਲਾ, ਇੰਸਪੈਕਟਰ ਸੁਰਿੰਦਰ ਸਿੰਘ, ਹਰਪ੍ਰੀਤ ਸਿੰਘ, ਹਰੀਚਰਨ ਚੌਹਾਨ, ਮਾਸਟਰ ਬਚਿੱਤਰ ਸਿੰਘ ਗਿੱਲ ਗਾਦੜੀਵਾਲਾ, ਭਜਨ ਪੇਂਟਰ ਮਖੂ, ਹਰਬੰਸ ਸਿੰਘ ਸੇਖਾ, ਪ੍ਰਧਾਨ ਆਸ਼ਾ ਵਰਕਰ ਭੋਲਾ ਰਾਣੀ, ਮਾਸਟਰ ਨਛੱਤਰ ਸਿੰਘ, ਹਰਮਨਦੀਪ ਸਿੰਘ ਸਿਹਤ ਵਿਭਾਗ, ਰਮੇਸ਼ ਚੰਦਰ ਰਮਨਦੀਪ ਸਿੰਘ, ਰਣਜੀਤ ਸਿੰਘ, ਜਗਸੀਰ ਸਿੰਘ, ਹਰਮਨ ਦੀਪ, ਹਰਪ੍ਰੀਤ ਸਿੰਘ ਭਾਟੀਆ ਆਦਿ ਹਾਜ਼ਰ ਸਨ।

# ਕੇਂਦਰੀ ਜੇਲ੍ਹ 'ਚੋਂ 11 ਮੋਬਾਇਲ ਤੇ ਨਸ਼ੀਲੇ ਪਦਾਰਥ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਤਲਾਸ਼ੀ ਦੌਰਾਨ 11 ਮੋਬਾਇਲ ਫੋਨ, 3 ਸਿਮ ਕਾਰਡ, 1 ਡਾਟਾ ਕੇਬਲ, 70 ਪੁੜੀਆਂ ਜਰਦਾ, 4 ਡੱਬੀਆਂ ਸਿਗਰਟ ਤੇ 12 ਪੁੜੀਆਂ ਤੰਬਾਕੂ ਬਰਾਮਦ ਹੋਈਆਂ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 13 ਹਵਾਲਾਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ 42, 42-ਏ ਪਰੀਜ਼ਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਮਨ ਨੇ ਦੱਸਿਆ ਕਿ ਇਕ ਪੱਤਰ ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਦੌਰਾਨ ਰੂਪਾ ਪੁੱਤਰ ਘੁੱਲਾ ਸਿੰਘ, ਸ਼ੇਰਾ ਸਿੰਘ ਪੁੱਤਰ ਸੁੱਖਾ ਸਿੰਘ, ਸਤਨਾਮ ਸਿੰਘ ਪੁੱਤਰ ਸੁਰਜੀਤ ਸਿੰਘ, ਸੁਮੀਤ ਪੁੱਤਰ ਚੇਤਨ ਲਾਲ, ਸਤਨਾਮ ਪੁੱਤਰ ਅਜੀਤ ਸਿੰਘ, ਸਤਪਾਲ ਸਿੰਘ ਪੁੱਤਰ ਪਰਮਜੀਤ ਸਿੰਘ, ਸਗੁਨ ਲਾਲ ਪੁੱਤਰ ਸੁਖਮੰਦਰ ਸਿੰਘ, ਪਰਮਜੀਤ ਸਿੰਘ ਪੁੱਤਰ ਨੇਕ ਸਿੰਘ, ਸ਼ੇਰੀ, ਸੰਦੀਪ ਪੁੱਤਰ ਗੁਰਚਰਨ ਸਿੰਘ, ਗਗਨਦੀਪ ਸਿੰਘ ਪੁੱਤਰ ਰਾਮ ਪ੍ਰਕਾਸ਼, ਰਮਨ ਕੁਮਾਰ ਪੁੱਤਰ ਰਾਜ ਕੁਮਾਰ ਅਤੇ ਗੁਰਲਾਲ ਸਿੰਘ ਪੁੱਤਰ ਸ਼ਿੰਦਾ ਸਿੰਘ ਵਾਸੀਆਨ ਕੇਂਦਰੀ ਜੇਲ੍ਹ ਫਿਰੋਜ਼ਪੁਰ ਕੋਲੋਂ 11 ਮੋਬਾਇਲ ਫੋਨ, 3 ਸਿਮ ਕਾਰਡ, 1 ਡਾਟਾ ਕੇਬਲ, 70 ਪੂੜੀਆਂ ਜਰਦਾ, 4 ਡੱਬੀਆਂ ਸਿਗਰਟ ਤੇ 12 ਪੂੜੀਆਂ ਤੰਬਾਕੂ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਗਊਸ਼ਾਲਾ 'ਚ ਤੂੜੀ ਦੇ ਗੁਦਾਮ ਨੂੰ ਲੱਗੀ ਅੱਗ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਦੁਗਾਲ ਕਲਾਂ ਦੀ ਸ੍ਰੀ ਰਾਮ ਗਊਸ਼ਾਲਾ ਵਿਖੇ ਤੂੜੀ ਦੇ ਵੱਡੇ ਗੁਦਾਮ ਵਿੱਚ ਪਈ ਤੂੜੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਦੀ ਜਾਣਕਾਰੀ ਮਿਲਦਿਆਂ ਹੀ ਬਲਾਕ ਪਾਤੜਾਂ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਵੈੱਲਫੇਅਰ ਕਮੇਟੀ ਦੇ ਸੈਕੜੇ ਸੇਵਾਦਾਰਾਂ ਨੇ ਮੌਕੇ 'ਤੇ ਪੁੱਜ ਕੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅੱਗ 'ਤੇ ਕਾਬੂ ਪਾਇਆ ਤੇ ਵੱਡਾ ਨੁਕਸਾਨ ਹੋਣੋਂ ਬਚਾ ਲਿਆ। ਗਊਸ਼ਾਲਾ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸਵੇਰੇ ਤੜਕੇ ਗਊਸ਼ਾਲਾ ਦੇ ਤੂੜੀ ਦੇ ਗੁਦਾਮ ਚ ਅਚਾਨਕ ਧੂੰਆਂ ਨਿਕਲਦਾ ਦਿਖਾਈ ਦਿੱਤਾ, ਜਿਸ ਦੀ ਸੂਚਨਾ ਪਿੰਡ ਵਾਸੀਆਂ ਤੇ ਹਰ ਮੁਸੀਬਤ ਦੀ ਘੜੀ 'ਚ ਲੋਕਾਂ ਦਾ ਸਾਥ ਦੇਣ ਵਾਲੀ ਡੇਰਾ ਸੱਚਾ ਸੌਦਾ ਦੀ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰਾਂ ਨੂੰ ਦਿੱਤੀ, ਜਿਸ 'ਤੇ ਸੇਵਾਦਾਰਾਂ ਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ 'ਚ ਗਊਸ਼ਾਲਾ ਪੁੱਜ ਕੇ ਬਹੁਤ ਜਲਦੀ ਅੱਗ 'ਤੇ ਕਾਬੂ ਪਾ ਕੇ ਵੱਡਾ ਨੁਕਸਾਨ ਹੋਣ ਤੋਂ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਸੇਵਾਦਾਰ ਸਮੇਂ ਸਿਰ ਪੁੱਜ ਕੇ ਇਸ ਅੱਗ 'ਤੇ ਕਾਬੂ ਨਾ ਪਾਉਂਦੇ ਤਾਂ ਗਊਆਂ ਲਈ ਇਕੱਠੀ ਕੀਤੀ ਹਜ਼ਾਰਾਂ ਟਨ ਤੂੜੀ ਸੜ ਕੇ ਸੁਆਹ ਹੋ ਜਾਣੀ ਸੀ। ਇਸ ਮੌਕੇ ਗਊਸ਼ਾਲਾ ਕਮੇਟੀ ਵੱਲੋਂ ਅੱਗ ਬੁਝਾਉਣ ਪੁੱਜੇ ਸ਼ਾਹ ਸਤਿਨਾਮ ਜੀ ਗ੍ਰੀਨ ਐੱਸ ਵੈੱਲਫੇਅਰ ਕਮੇਟੀ ਦੇ ਸੇਵਾਦਾਰਾਂ ਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਗਿਆ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਵਿਧਾਇਕ ਦੀ ਰਿਹਾਇਸ਼ ਅੱਗੇ ਧਰਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੁਰਾਣੀ ਪੈਨਸ਼ਨ ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ ਹਿੱਤ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਮਜ਼ਦੂਰ ਦਿਵਸ 'ਤੇ ਆਪ ਸਰਕਾਰ ਦੇ ਵਿਧਾਇਕਾਂ ਖਿਲਾਫ ਜ਼ਿਲ੍ਹਾ ਪੱਧਰੀ ਧਰਨੇ ਦੇਣ ਦੇ ਸੂਬਾਈ ਸੱਦੇ ਤਹਿਤ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਰਿਹਾਇਸ਼ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਗਿਆ। ਧਰਨੇ ਵਿੱਚ ਜ਼ਿਲ੍ਹੇ ਭਰ 'ਚੋਂ ਮੁਲਾਜ਼ਮਾਂ ਵੱਲੋਂ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਆਪ ਸਰਕਾਰ ਦੀ ਨਕਾਮੀ ਦੇ ਰੋਸ ਵਿੱਚ ਮੁਜ਼ਾਹਰੇ ਉਪਰੰਤ ਵਿਧਾਇਕ ਦੇ ਨੁਮਾਇੰਦੇ ਨੂੰ ਰੋਸ ਪੱਤਰ ਵੀ ਦਿੱਤਾ ਗਿਆ। ਗੌਰਤਲਬ ਹੈ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਜਾਰੀ ਕੀਤੇ 'ਕਾਗਜ਼ੀ ਨੋਟੀਫਿਕੇਸ਼ਨ' ਦੇ ਤਿੰਨ ਸਾਲ ਬੀਤਣ ਮਗਰੋਂ ਵੀ ਸੂਬੇ ਵਿੱਚ ਪੁਰਾਣੀ ਪੈਨਸ਼ਨ ਦਾ ਮੁੱਦਾ ਜਿਉਂ ਦਾ ਤਿਉਂ ਲਟਕਿਆ ਹੋਇਆ ਹੈ। ਐੱਨ. ਪੀ. ਐੱਸ. ਮੁਲਾਜ਼ਮਾਂ ਦੇ ਵੱਡੀ ਗਿਣਤੀ ਇਕੱਠ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਆਗੂਆਂ ਮਨਦੀਪ ਸਿੰਘ, ਪ੍ਰਮਾਤਮਾ ਸਿੰਘ, ਕੁਲਵਿੰਦਰ ਸਿੰਘ, ਮਨਿੰਦਰ ਸਿੰਘ, ਕੁਲਵੰਤ ਸਿੰਘ ਤੇ ਸੁਰਿੰਦਰ ਕੁਮਾਰ ਨੇ ਆਖਿਆ ਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲੁਟੇਰੇ ਸਾਮਰਾਜੀ ਪ੍ਰਬੰਧ ਖਿਲਾਫ ਸੰਘਰਸ਼ਾਂ ਦਾ ਪ੍ਰਤੀਕ ਹੈ, ਜੋ ਮਿਹਨਤਕਸ਼ ਜਮਾਤ ਨੂੰ ਲੁੱਟ ਤੇ ਜਬਰ ਖਿਲਾਫ ਜੂਝਣ ਲਈ ਪ੍ਰੇਰਦਾ ਹੈ। ਉਨ੍ਹਾਂ ਕਿਹਾ ਕਿ 1.1.2004 ਤੋਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਲਿਆਂਦੀ ਗਈ ਐੱਨ.ਪੀ.ਐੱਸ. ਸਕੀਮ ਵੀ ਸਾਮਰਾਜੀ ਨਿੱਜੀਕਰਨ ਤੇ ਕਾਰਪੋਰੇਟ ਮੁਨਾਫੇ ਨੂੰ ਵਧਾਉਣ ਵਾਲੀਆਂ ਨੀਤੀਆਂ ਦਾ ਹੀ ਅੰਗ ਹੈ, ਜਿਸ ਖਿਲਾਫ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਮੁਲਾਜ਼ਮ ਸੰਘਰਸ਼ਾਂ ਦੇ ਰਾਹ 'ਤੇ ਹਨ। ਪੰਜਾਬ ਦੀ ਆਪ ਸਰਕਾਰ ਨੇ ਆਪਣੇ ਚੋਣ ਵਾਅਦੇ ਦੇ ਉਲਟ ਪੁਰਾਣੀ ਪੈਨਸ਼ਨ ਦੇ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੀ ਬਜਾਏ ਹੁਣ ਕੇਂਦਰ ਸਰਕਾਰ ਵੱਲੋਂ ਲਿਆਂਦੀ ਯੂਪੀਐੱਸ ਸਕੀਮ ਨੂੰ ਘੋਖਣਾ ਸ਼ੁਰੂ ਕੀਤਾ ਹੋਇਆ ਹੈ। ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਤੇ ਕੈਬਨਿਟ ਸਬਕਮੇਟੀ ਦੇ ਚੇਅਰਮੈਨ ਹਰਪਾਲ ਚੀਮਾ ਪੁਰਾਣੀ ਪੈਨਸ਼ਨ ਦੀ ਬਜਾਏ ਕੇਂਦਰੀ ਯੂਪੀਐੱਸ ਸਕੀਮ ਨੂੰ ਸਰਕਾਰ ਦੇ ਵਿਚਾਰਧੀਨ ਹੋਣ ਬਾਰੇ ਲਗਾਤਾਰ ਬਿਆਨ ਦੇ ਰਹੇ ਹਨ, ਜਿਸ ਖਿਲਾਫ ਮੁਲਾਜ਼ਮਾਂ ਵਿੱਚ ਸਖਤ ਰੋਸ ਹੈ। ਇਸ ਮੌਕੇ ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨ ਪਵਨ ਕੁਮਾਰ, ਜਸਵੰਤ ਅਹੂਜਾ, ਕੰਵਲਜੀਤ ਪਾਲ, ਰਵਿੰਦਰ ਸਿੰਘ ਗਿੱਦੜਬਾਹਾ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸਰਬਜੀਤ ਸਿੰਘ, ਜਗਦੇਵ ਸਿੰਘ, ਰਾਕੇਸ਼ ਚਲਾਨਾ, ਵਿਸ਼ੂ ਛਾਬੜਾ ਤੇ ਮੁਕੇਸ਼ ਗੋਇਲ ਨੇ ਕਿਹਾ ਕਿ ਪਿਛਲੇ ਤਿੰਨ ਸਾਲ ਤੋਂ ਪੁਰਾਣੀ ਪੈਨਸਨ ਦਾ ਨੋਟੀਫਿਕੇਸਨ ਲਟਕ ਰਿਹਾ ਹੈ, ਇੱਕ ਵੀ ਐੱਨ.ਪੀ.ਐੱਸ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲ੍ਹਿਆ ਗਿਆ, ਪਰ ਸੂਬੇ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਝੂਠੀ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਖਰਚ ਕਰ ਦਿੱਤੇ ਗਏ ਹਨ। ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਇਨਕਾਰੀ ਆਪ ਸਰਕਾਰ ਖਿਲਾਫ ਲੁਧਿਆਣਾ ਜ਼ਿਮਨੀ ਚੋਣ ਦੌਰਾਨ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਰੋਸ ਮਾਰਚ ਮੌਕੇ ਹੋਰਨਾਂ ਤੋਂ ਇਲਾਵਾ ਦਿਲਬਾਗ ਸਿੰਘ, ਰੋਸ਼ਨ ਲਾਲ, ਬਲਵੰਤ ਸਿੰਘ, ਰਾਜਵਿੰਦਰ ਸਿੰਘ, ਰਣਜੀਤ ਸਿੰਘ, ਵਨੀਤ ਕੁਮਾਰ, ਖੁਸ਼ਪ੍ਰੀਤ ਸਿੰਘ, ਮਨੋਜ ਕੁਮਾਰ, ਰਵੀ ਕੁਮਾਰ, ਜਗਤਾਰ ਸਿੰਘ, ਪਰਮਿੰਦਰ ਸਿੰਘ, ਸਤਵਿੰਦਰ ਸਿੰਘ ਮੌਜੂਦ ਸਨ।

# ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਦੇਣਾ ਪੰਜਾਬ ਦੇ ਹੱਕਾਂ 'ਤੇ ਡਾਕਾ : ਚੇਅਰਮੈਨ ਢਿੱਲੋਂ

**ਸੰਗਰੂਰ (ਪ੍ਰਵੀਨ ਸਿੰਘ)**-ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਨਾਲ ਇੱਕ ਹੋਰ ਧੱਕਾ ਕਰਦਿਆਂ ਭਾਖੜਾ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡ ਦਿੱਤਾ ਗਿਆ ਹੈ, ਜੋ ਕਿ ਸਰਾਸਰ ਪੰਜਾਬ ਦੇ ਹੱਕਾਂ 'ਤੇ ਡਾਕਾ ਹੈ, ਜਿਸ ਨੂੰ ਬਿਲਕੁੱਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਸੰਗਰੂਰ ਵਿਖੇ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਅੱਗੇ ਇਸ ਬੇਇਨਸਾਫ਼ੀ ਵਿਰੁੱਧ ਦਿੱਤੇ ਗਏ ਧਰਨੇ ਤੇ ਰੋਸ ਪ੍ਰਦਰਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਇਸ ਤੋਂ ਪਹਿਲਾਂ ਸਪੱਸ਼ਟ ਸ਼ਬਦਾਂ ਵਿੱਚ ਭਾਖੜਾ ਡੈਮ ਪ੍ਰਬੰਧਕਾਂ ਤੇ ਕੇਂਦਰ ਸਰਕਾਰ ਨੂੰ ਇਸ ਬਾਬਤ ਕਹਿ ਚੁੱਕੇ ਹਨ ਕਿ ਪੰਜਾਬ ਕੋਲ ਦੇਣ ਲਈ ਇੱਕ ਬੂੰਦ ਵੀ ਪਾਣੀ ਵਾਧੂ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਇਹ ਮੰਗ ਕਰ ਰਹੇ ਸਨ ਕਿ ਪਹਿਲਾਂ ਪੰਜਾਬ ਦੇ ਹਿੱਸੇ ਦਾ ਪਾਣੀ ਪੂਰਾ ਕੀਤਾ ਜਾਵੇ, ਪ੍ਰੰਤੂ ਭਾਜਪਾ ਸਰਾਰ ਨੇ ਪੰਜਾਬ ਦੇ ਲੋਕਾਂ ਨਾਲ ਧੱਕਾ ਕਰਦਿਆਂ ਇਸ ਵਿੱਚੋਂ ਵੀ 8500 ਕਿਊਸਿਕ ਪਾਣੀ ਹਰਿਆਣੇ ਨੂੰ ਛੱਡ ਦਿੱਤਾ। ਸ੍ਰੀ ਢਿੱਲੋਂ ਨੇ ਕਿਹਾ ਕਿ ਪੰਜਾਬ ਜੋ ਕਿ ਖੇਤੀ ਪ੍ਰਧਾਨ ਸੂਬਾ ਹੈ, ਪਹਿਲਾਂ ਹੀ ਜਲ ਸੰਕਟ ਦੀ ਮਾਰ ਹੇਠ ਹੈ। ਉਨ੍ਹਾਂ ਕਿਹਾ ਕਿ ਹੁਣ ਧਰਤੀ ਹੇਠਲਾਂ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਤੇ ਉਨ੍ਹਾਂ ਦੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਮੁੜ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾ ਕੇ ਧਰਤੀ ਹੇਠਲੇ ਪਾਣੀ ਤੋਂ ਥੋੜਾ ਪ੍ਰੈਸ਼ਰ ਘਟਾਇਆ ਹੈ, ਪਰ ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀ ਉਤੇ ਡਾਕਾ ਮਾਰ ਕੇ ਪੰਜਾਬੀਆਂ ਨਾਲ ਸਿੱਧਾ ਧੱਕਾ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਮੌਕੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਲੋਕ ਤੇ ਪਾਰਟੀ ਦੇ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।



# ਮੰਡੀਆਂ 'ਚੋਂ ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਆਂ 'ਚ ਘਬਰਾਹਟ

## ਤੂੜੀ ਦੇ ਭਾਅ 'ਚ ਆਈ ਵੱਡੀ ਗਿਰਾਵਟ ਨੂੰ ਦੇਖਦਿਆਂ ਕਿਸਾਨ ਨਿਰਾਸ਼



**ਜ਼ੀਰਾ (ਰੂਪ ਸਿੰਘ ਸੰਧੂ)**-ਪੰਜਾਬ ਵਿੱਚ ਕਣਕ ਦੀ ਫਸਲ ਦਾ ਸੀਜ਼ਨ ਲਗਭਗ ਖਤਮ ਹੋ ਚੱਲਿਆ ਹੈ ਤੇ ਪੰਜਾਬ ਦੇ ਕਿਸਾਨਾਂ ਵੱਲੋਂ ਤੂੜੀ ਬਣਾਉਣ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ, ਕਣਕ ਦੀ ਫਸਲ ਦੀ ਹੱਥੀਂ ਵਾਢੀ ਕਰਨ ਦੀ ਬਜਾਏ ਕੰਬਾਈਨਾਂ ਦੁਆਰਾ ਕਣਕ ਦੀ ਵਾਢੀ ਕਰਨ ਦਾ ਸੀਜ਼ਨ ਜ਼ੋਰ ਸ਼ੋਰ ਨਾਲ ਚੱਲਿਆ, ਕਿਸਾਨਾਂ ਪਾਸ ਵੱਡੀ ਤਾਦਾਦ ਵਿੱਚ ਕੰਬਾਈਨਾਂ ਹੋਣ ਕਰਕੇ ਕਰੀਬ ਡੇਢ ਹਫਤੇ ਦੇ ਅੰਦਰ ਹੀ ਕਣਕ ਦਾ ਸੀਜ਼ਨ ਖਤਮ ਹੋ ਗਿਆ, ਕਬਾਇਨਾਂ ਦੀ ਵੱਧ ਤਦਾਦ ਹੋਣ ਕਰਕੇ ਕੰਬਾਇਨ ਮਾਲਕ ਵੀ ਕੋਈ ਜ਼ਿਆਦਾ ਕਮਾਈ ਨਹੀਂ ਕਰ ਸਕੇ, ਕਣਕ ਦੀ ਵਢਾਈ ਦਾ ਰੇਟ ਕਰੀਬ 12 ਸੌ ਰੁਪਏ ਤੋਂ ਲੈ ਕੇ 1500 ਰੁਪਏ ਤੱਕ ਚਲਦਾ ਰਿਹਾ। ਡੀਜ਼ਲ ਦੇ ਰੇਟ ਲੇਬਰ ਤੇ ਟੁੱਟ ਭੱਜ ਮਹਿੰਗੀ ਹੋਣ ਕਰਕੇ ਕੰਬਾਇਨ ਮਾਲਕ ਵੀ ਜ਼ਿਆਦਾ ਖੁਸ਼ ਨਜ਼ਰ ਨਹੀਂ ਆ ਰਹੇ, ਉਨ੍ਹਾਂ ਦਾ ਕਹਿਣਾ ਹੈ ਕਿ ਬੈਂਕਾਂ ਤੋਂ ਕਰਜ਼ਾ ਲੈ ਕੇ ਮਹਿੰਗੇ ਮੁੱਲ 'ਤੇ ਖਰੀਦੀਆਂ ਕੰਬਾਈਨਾਂ ਲਾਗਤ ਖਰਚੇ ਨੂੰ ਦੇਖਦਿਆਂ ਕਣਕ ਦੀ ਵਾਢੀ ਦਾ ਰੇਟ ਬਹੁਤ ਘੱਟ ਹੈ ਤੇ ਟੱਕਰਾਂ ਤੋਂ ਇਲਾਵਾ ਉਨ੍ਹਾਂ ਦੇ ਪੱਲੇ ਕੁਝ ਨਹੀਂ ਪੈਂਦਾ, ਆਪਣੀਆਂ ਕਣਕ ਝੋਨੇ ਤੇ ਬਾਸਪਤੀ ਦੀਆ ਫਸਲਾਂ ਦੀ ਖਾਤਰ ਉਨ੍ਹਾਂ ਨੂੰ ਮਜਬੂਰੀ ਵੱਸ ਕੰਬਾਈਨਾਂ ਰੱਖਣੀਆਂ ਪੈਂਦੀਆਂ ਹਨ, ਇਸ ਬਾਰ ਕਣਕ ਦੇ ਚੰਗੇ ਝਾੜ ਨੂੰ ਦੇਖਦਿਆਂ ਆੜ੍ਹਤੀ ਤੇ ਕਿਸਾਨ ਕਾਫੀ ਖੁਸ਼ ਨਜ਼ਰ ਆ ਰਹੇ ਹਨ, ਕਿਉਂਕਿ ਚੰਗੇ ਮੌਸਮ ਕਾਰਨ ਕਣਕ ਦਾ ਝਾੜ ਲਗਭਗ 25 ਕੁਇੰਟਲ ਦੇ ਅੰਦਰ ਬਾਹਰ ਰਿਹਾ ਹੈ, ਕਣਕ ਦੀ ਕਟਾਈ ਦਾ ਸੀਜ਼ਨ ਬਹੁਤ ਛੋਟਾ ਹੋਣ ਕਰਕੇ ਮੰਡੀਆਂ ਵਿੱਚ ਇਕਦਮ ਕਣਕ ਦੀ ਫਸਲ ਦੇ ਅੰਬਾਰ ਲੱਗ ਗਏ, ਆੜ੍ਹਤੀਆਂ ਨੂੰ ਇਕਦਮ ਮੰਡੀਆਂ ਵਿੱਚ ਆਈ ਫਸਲ, ਲੇਬਰ ਦੀ ਘਾਟ ਬਾਰਦਾਨੇ ਦੀ ਕਮੀ ਅਤੇ ਲਿਫਟਿੰਗ ਦੇ ਉਚਿਚੇ ਪ੍ਰਬੰਧ ਨਾ ਹੋਣ ਕਰਕੇ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਬਹੁਤੇ ਜ਼ਿਮੀਦਾਰਾਂ ਨੂੰ ਵੀ ਇੱਕ ਦੋ ਰਾਤਾਂ ਆਪਣੀਆਂ ਕਣਕ ਦੀਆਂ ਢੇਰੀਆਂ ਸਰਾਣੇ ਬੀਤਾਉਣੀਆ ਪਈਆਂ, ਮੰਡੀਆਂ ਵਿੱਚ ਜਗ੍ਹਾ ਦੀ ਕਮੀ ਹੋਣ ਕਰਕੇ ਬਹੁਤ ਸਾਰੇ ਆੜ੍ਹਤੀਆਂ ਨੇ ਆਪਣੀ ਜ਼ਮੀਨ ਖਰੀਦ ਤੇ ਚਾਰ ਦੁਆਰੀ ਕਰਕੇ ਆਪਣੇ ਪੱਕੇ ਫੜ ਬਣਾਏ ਹੋਏ ਹਨ, ਜਿਸ ਕਾਰਨ ਕਿਸਾਨਾਂ ਤੇ ਆੜ੍ਹਤੀਆਂ ਨੇ ਕੁਝ ਰਾਹਤ ਮਹਿਸੂਸ ਕੀਤੀ, ਪਰ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚੋਂ ਕਣਕ ਦੀ ਚੁਕਾਈ ਨਾ ਹੋਣ ਕਾਰਨ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ, ਜਿਸ ਕਾਰਨ ਮਾੜੇ ਠੇਕੇਦਾਰਾਂ ਨੂੰ ਠੇਕਾ ਦੇਣਾ ਮੰਨਿਆ ਜਾ ਰਿਹਾ ਹੈ। ਮੰਡੀਆਂ ਵਿੱਚੋਂ ਕਣਕ ਦੀ ਚੁਕਾਈ ਦਾ ਕੰਮ ਕਈ ਜਗ੍ਹਾ 'ਤੇ ਕਈ ਕਈ ਠੇਕੇਦਾਰ ਮਿਲ ਕੇ ਕਰ ਰਹੇ ਹਨ ਕਿਉਂਕਿ ਟਰੱਕ ਯੂਨੀਅਨਾ ਪਾਸ ਮੰਡੀਆਂ ਵਿੱਚੋਂ ਕਣਕ ਚੁੱਕਣ ਦਾ ਸਿੱਧਾ ਅਧਿਕਾਰ ਨਹੀਂ ਹੈ, ਖੁੱਲ੍ਹੇ ਅਸਮਾਨ ਵਿੱਚ ਕਣਕ ਦੀਆਂ ਬੋਰੀਆਂ ਦੇ ਲੱਗੇ ਅੰਬਾਰ ਕੁਦਰਤੀ ਰਹਿਮੋ ਕਰਮ 'ਤੇ ਟਿਕੇ ਹੋਏ ਹਨ, ਕਣਕ ਦੀ ਚੁਕਾਈ ਨਾ ਹੋਣ ਕਾਰਨ ਆੜ੍ਹਤੀਆਂ ਵਿੱਚ ਭਾਰੀ ਬੇਚੈਨੀ ਤੇ ਘਬਰਾਹਟ ਪਾਈ ਜਾ ਰਹੀ ਹੈ। ਗੱਲ ਕਰੀਏ ਪਸ਼ੂਆਂ ਦੇ ਚਾਰੇ ਲਈ ਤੂੜੀ ਦਾ ਬਹੁਤ ਹੀ ਮੰਦਾ ਹਾਲ ਹੈ। ਜੋ 2022/2023 ਦੌਰਾਨ ਸੱਤ ਸੌ ਰੁਪਏ ਪ੍ਰਤੀ ਕੁਇੰਟਲ ਤੂੜੀ ਦਾ ਰੇਟ ਚੱਲ ਰਿਹਾ ਸੀ, ਸੰਨ 2024 ਦੌਰਾਨ ਘੱਟ ਕੇ ਤਿੰਨ ਤੋਂ ਚਾਰ ਰੁਪਏ ਪ੍ਰਤੀ ਕੁਇੰਟਲ ਰਹਿ ਗਿਆ ਤੇ ਹੁਣ ਇਸ ਤੂੜੀ ਦਾ ਰੇਟ 150 ਤੋਂ 200 ਰੁਪਏ ਪ੍ਰਤੀ ਕੁਇੰਟਲ ਚੱਲ ਰਿਹਾ ਹੈ, ਜ਼ਿਆਦਾਤਰ ਕਿਸਾਨ ਆਪਣੇ ਖੇਤ ਖਾਲੀ ਕਰਨ ਲਈ ਕਣਕ ਦੇ ਨਾੜ ਤੋਂ ਤੂੜੀ ਬਣਵਾ ਕੇ ਵੇਚ ਰਹੇ ਹਨ ਤਾਂ ਕਿ ਖੇਤ ਦੀ ਵਹਾਈ ਆਸਾਨੀ ਨਾਲ ਹੋ ਸਕੇ ਤੇ ਕੁਝ ਕਿਸਾਨ ਤੂੜੀ ਦੇ ਰੇਟ ਵਧਣ ਦੀ ਆਸ ਲਾ ਕੇ ਤੂੜੀ ਸੰਭਾਲ ਰਹੇ ਹਨ। ਕਿਸਾਨਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਝੋਨੇ ਦੇ ਸੀਜ਼ਨ ਦੌਰਾਨ ਝੋਨੇ ਦਾ ਝਾੜ ਲੱਗਪੱਗ 15 ਗੱਟੇ ਪ੍ਰਤੀ ਏਕੜ ਘੱਟ ਗਿਆ ਸੀ, ਪਰ ਇਸ ਵਾਰ ਠੇਕੇ ਦੀਆਂ ਜ਼ਮੀਨਾਂ ਦੇ ਰੇਟ ਪੰਜ ਤੋਂ ਲੈ ਕੇ 8 ਹਜ਼ਾਰ ਰੁਪਏ ਤੱਕ ਉੱਪਰ ਚਲੇ ਗਏ ਹਨ, ਠੇਕੇ 'ਤੇ ਵਧੇ ਹੋਏ ਰੇਟ ਦਾ ਕਾਰਨ ਕਿਸਾਨਾਂ ਵੱਲੋਂ ਵੱਡੀ ਮਸ਼ੀਨਰੀ ਟਰੈਕਟਰ ਵਗੈਰਾ ਖ੍ਰੀਦਣਾ ਵੀ ਮੰਨਿਆ ਜਾ ਰਿਹਾ ਹੈ।

# ਧਮੋਟ ਕਲਾਂ ਵਿਖੇ ਨਸ਼ਾ ਤਸਕਰਾਂ ਦੇ ਘਰਾਂ 'ਤੇ ਚੱਲਿਆ ਪੀਲਾ ਪੰਜਾ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਸ਼ੁਰੂ ਹੈ। ਇਸ ਕਾਰਵਾਈ ਤਹਿਤ ਐੱਸ ਐੱਸ ਪੀ ਖੰਨਾ ਦੇ ਮੁਖੀ ਡਾ. ਜੋਤੀ ਯਾਦਵ ਬੈਂਸ ਦੀ ਅਗਵਾਈ ਹੇਠ ਪਾਇਲ ਦੇ ਪਿੰਡ ਧਮੋਟ ਕਲਾਂ ਵਿਖੇ ਤਿੰਨ ਨਸ਼ਾ ਤਸਕਰਾਂ ਦੇ ਘਰਾਂ ਨੂੰ ਢਾਹਿਆ ਗਿਆ। ਇਹ ਮਕਾਨ ਗਲਾਡਾ ਤੋਂ ਬਿਨਾਂ ਮਨਜ਼ੂਰੀ ਲਏ ਗੈਰ-ਕਾਨੂੰਨੀ ਢੰਗ ਨਾਲ ਬਣਾਏ ਹੋਏ ਸਨ। ਇਸ ਮੌਕੇ ਗਲਾਡਾ ਤੋਂ ਸਬ ਡਵੀਜ਼ਨਲ ਇੰਜਨੀਅਰ ਲੁਧਿਆਣਾ ਸ੍ਰੀ ਕਰਨ ਅਗਰਵਾਲ, ਗਲਾਡਾ ਤੋਂ ਜ਼ਿਲ੍ਹਾ ਨਗਰ ਯੋਜਨਾਕਾਰ ਰੈਗੂਲੇਟਰ ਲੁਧਿਆਣਾ ਸ੍ਰੀ ਹਰਪ੍ਰੀਤ ਸਿੰਘ ਬਾਜਵਾ ਤੇ ਨਾਇਬ ਤਹਿਸੀਲਦਾਰ (ਡਿਊਟੀ ਮੈਜਿਸਟਰੇਟ) ਗੁਰਪ੍ਰੀਤ ਸਿੰਘ ਹਾਜ਼ਰ ਸਨ। ਜ਼ਿਲ੍ਹਾ ਪੁਲਸ ਮੁਖੀ ਖੰਨਾ ਡਾ. ਜੋਤੀ ਯਾਦਵ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਤੇ ਨਸ਼ਾ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡ ਧਮੋਟ ਕਲਾਂ ਦੇ ਇਨ੍ਹਾਂ 3 ਪਰਵਾਰਾਂ ਉੱਪਰ ਆਈ. ਪੀ. ਸੀ, ਐਨ.ਡੀ.ਪੀ.ਐਸ.ਐਕਟ ਅਧੀਨ ਵੱਖ ਵੱਖ ਮੁਕੱਦਮੇ ਦਰਜ ਹਨ। ਉਨ੍ਹਾਂ ਵਿੱਚ ਸਤਵਿੰਦਰ ਸਿੰਘ ਉਰਫ ਬੌਬੀ ਪੁੱਤਰ ਅਜਮੇਰ ਸਿੰਘ ਵਾਸੀ ਧਮੋਟ ਕਲਾਂ 'ਤੇ 6 ਐੱਫ.ਆਈ.ਆਰ, ਪਲਵਿੰਦਰ ਸਿੰਘ ਉਰਫ ਪੱਪੂ ਪੁੱਤਰ ਪ੍ਰੀਤਮ ਸਿੰਘ ਵਾਸੀ ਧਮੋਟ ਕਲਾਂ 'ਤੇ 6 ਐੱਫ.ਆਈ.ਆਰ, ਸਰਬਜੀਤ ਕੌਰ ਪੁੱਤਰੀ ਕੁਲਵੰਤ ਸਿੰਘ ਵਾਸੀ ਧਮੋਟ ਕਲਾਂ 'ਤੇ 3 ਐੱਫ.ਆਈ.ਆਰ ਦਰਜ ਅਤੇ ਸਰਬਜੀਤ ਕੌਰ ਦੀ ਮਾਤਾ ਕਰਮਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਧਮੋਟ ਕਲਾਂ, ਪਾਇਲ 'ਤੇ 3 ਐੱਫ.ਆਈ.ਆਰ. ਦਰਜ ਹਨ।

ਡਾ. ਜੋਤੀ ਯਾਦਵ ਬੈਂਸ ਨੇ ਕਿਹਾ ਕਿ ਹੁਣ ਪੰਜਾਬ ਅੰਦਰ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ, ਇਸ ਲਈ ਉਹ ਇਹ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਦੇ ਘਰਾਂ 'ਤੇ ਵੀ ਪੀਲਾ ਪੰਜਾ ਚਲਾਇਆ ਜਾਵੇਗਾ। ਇਸ ਮੁਹਿੰਮ ਦੀ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਅਧੀਨ ਪੈਂਦੇ ਪਿੰਡ ਧਮੋਟ ਕਲਾਂ ਦੇ ਸਰਪੰਚ ਕਮਲਜੀਤ ਕੌਰ, ਪੰਚਾਇਤ ਮੈਂਬਰ ਅਮਨਦੀਪ ਸਿੰਘ, ਪੰਚਾਇਤ ਮੈਂਬਰ ਜਗਜੀਵਨ ਸਿੰਘ, ਪੰਚਾਇਤ ਮੈਂਬਰ ਗੁਰਦੀਪ ਸਿੰਘ, ਪੰਚਾਇਤ ਮੈਂਬਰ ਮਨਵੀਰ ਸਿੰਘ, ਪੰਚਾਇਤ ਮੈਂਬਰ ਹਰਪ੍ਰੀਤ ਸਿੰਘ, ਯਾਦਵਿੰਦਰ ਸਿੰਘ ਤੇ ਹੋਰ ਪਿੰਡ ਨਿਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਐਸ.ਪੀ (ਐਚ) ਖੰਨਾ ਤੇਜਵੀਰ ਸਿੰਘ, ਡੀ.ਐਸ.ਪੀ (ਡੀ) ਮੋਹਿਤ ਸਿੰਗਲਾ, ਡੀ.ਐਸ. ਪਾਇਲ ਹੇਮੰਤ ਮਲਹੋਤਰਾ, ਐਸ.ਐਚ.ਓ ਪਾਇਲ ਸੰਦੀਪ ਕੁਮਾਰ, ਐਸ.ਐਚ.ਓ ਮਲੌਦ ਸਤਨਾਮ ਸਿੰਘ ਹਾਜ਼ਰ ਸਨ।

00- May - Page - 6.qxd 5/2/2025 10:50 PM Page 1



## ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਪਾਬੰਦੀ

**ਜਲੰਧਰ, : ( ਸ਼ੈਲੀ ਐਲਬਰਟ)**-ਜ਼ਿਲ੍ਹਾ ਮੈਜਿਸਟ੍ਰੇਟ ਡਾ.ਹਿਮਾਂਸ਼ੂ ਅਗਰਵਾਲ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਿ ਨੈਸ਼ਨਲ ਇਲੀਜੀਬਿਲਟੀ ਕਮ ਐਂਟਰੈਂਸ ਟੈਸਟ (ਯੂ.ਜੀ)-2025 ਦੀ 4 ਮਈ ਨੂੰ ਕਰਵਾਈ ਜਾ ਰਹੀ ਪ੍ਰੀਖਿਆ ਦੇ ਮੱਦੇਨਜ਼ਰ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਪੀ.ਐਮ.ਸ੍ਰੀ ਕੇਂਦਰੀ ਵਿਦਿਆਲਾ ਨੰ. 2-ਜਲੰਧਰ ਕੈਂਟ, ਪੀ.ਐਮ. ਸ੍ਰੀ ਕੇਂਦਰੀ ਵਿਦਿਆਲਾ ਨੰ.1, ਜਲੰਧਰ ਕੈਂਟ, ਪੀ.ਐਮ.ਸ੍ਰੀ ਕੇਂਦਰੀ ਵਿਦਿਆਲਾ ਨੰ.3, ਜਲੰਧਰ ਕੈਂਟ, ਕੇਂਦਰੀ ਵਿਦਿਆਲਾ ਨੰ. 4, ਜਲੰਧਰ ਕੈਂਟ, ਬੀ.ਐਸ.ਐਫ.ਸੀਨੀਅਰ ਸੈਕੰਡਰੀ ਜਲੰਧਰ ਸਕੂਲ, ਪੀ.ਐਮ.ਸ੍ਰੀ ਕੇਂਦਰੀ ਵਿਦਿਆਲਾ ਨੰ. 2 ਏ.ਐਫ.ਐਸ.ਆਦਮਪੁਰ ਅਤੇ ਪੀ.ਐਮ.ਕੇਂਦਰੀ ਵਿਦਿਆਲਾ ਨੰ.1 ਏ.ਐਫ.ਐਸ. ਆਦਮਪੁਰ ਵਿਖੇ ਸਥਾਪਤ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਆਮ ਪਬਲਿਕ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਇਹ ਹੁਕਮ 4 ਮਈ ਲਈ ਲਾਗੂ ਰਹੇਗਾ।

### COURT NOTICE

(U/o 5 Rule 20 CPC)
(Succession Case)
In The Court of
Ms. Manni Arora
Civil Judge (Senior Division), Patiala
CNR No. PBPT02-004365-2024
Next Date:- 04-07-2025
Jasmeet Kaur
Vs.
General Public
Notice To:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-07-2025 at 10:00 a.m.
For details logon to https://highcourtchd.gov.in/?mod=district_notice&district=Patiala

Civil Judge (Senior Division), Patiala
Dated, this day of 02-05-2025

### COURT NOTICE

(U/o 5 Rule 20 CPC)
In The Court of
Ms. Harmandeep Kaur
Civil Judge Junior Division-3, Ferozepur
CNR No. PBFZ02-002264-2024
Next Date:- 26-05-2025
Punjab National Bank
Vs.
Lachhman Singh
Publication Issued To:
Lachhman Singh
: Bakkar Singh, Through Legal Representative, (IV) Palo Bai D/o Lachhman Singh Village Tendi Wala , Post Office Hussani Wala, Tehsil and Distt. Ferozepur since deceased now represented by his legal representatives.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-05-2025 at 10:00 a.m.
For details logon to https://highcourtchd.gov.in/?mod=district_notice&district=mogacourt

Civil Judge Junior Division-3, Ferozepur
Dated, this day of 04-04-2025

### COURT NOTICE

(U/o 5 Rule 20 CPC)
In The Court of
Ms. Anubha Jindal
Civil Judge Junior Division-3, Rajpura
CNR No. PBPTA0-000057-2024
CS/44/2024
Next Date:- 16-07-2025
State Bank of India
Vs.
Sukhwinder Kaur
Suit for Recovery
Publication Issued To:
Sukhwinder Kaur
Spouse : Balwinder Singh Village Ward No. 6 Manakpur , Tehsil Rajpura, Distt. Patiala.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 16-07-2025 at 10:00 a.m.
For details logon to https://highcourtchd.gov.in/?mod=district_notice&district=Patiala

Civil Judge Junior Division-3, Rajpura
Dated, this day of 24-04-2025

### COURT NOTICE

(U/o 5 Rule 20 CPC)
In The Court of Sh. Sanjiv Joshi
Additional District and Sessions Judge-II Kapurthala
CNR No PBKP01-006539-2019
Next Date:- 27-05-2025
Indra Devi
Vs.
Darshana @ Chanchal
Publication Issued To :
Ashok Kumar :- Late Gian Chand through LR's :
1. Renu (daughter), 2. Bhawna (daughter), 3. Deepak (son) of Ashok Kumar, all residents of village Mustafabad, P.O. Subhanpur, Tehsil and District Kapurthala.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 27-05-2025 at 10:00 a.m.
For details logon to https://highcourtchd.gov.in/?mod=district_notice&district=Kapurthala

Additional District and Sessions Judge-II, Kapurthala
Dated, this day of 28-04-2025

### PUBLIC NOTICE

I, Gurjit Kaur W/o Late Harjit Singh R/o ND 333, Mohalla Purani Kachahari Jalandhar hereby affiring that i have lost my Tabdil Malkiat No. 11132 deted 2/2/2016 on 7/3/2025 in favour of Harjit Singh S/o late Mahinder Singh of property situated at 333, Mohalla Purani Kachahari, Jalandhar. I have lodged the complaint with Police Comissionrate G.D. No. 017 dated 10/03/25 at 11.26 hrs at Police Station division No. 3, Jalandhar. Through if any Person find this same kindly return me on above stated address & contact me, Gurjit Kaur, Mob. No. 84271-10284. All please note.

### Lost and Found

I,Neeraj Kumar S/O Surinder Kumar R/O Guru Nanak Nagar,Batala inform that one property Booth No.112, Measuring 1 Marla situated at New Sabji Mandi Batala One old sale deed dated 18.09.2003 bearing document No.2819,favouring Balwinder Singh has been lost on 03.03.25. Its DDR is submitted on 28.04.25 at PSOC Civil Line Batala. Its LR No. is 593172/2025.

### Lost and Found

It Is notified for the information that my Plot Registry Manjit Singh Dala S/o Harbans Singh S/o Puran Singh. R/o Vill. Dala, Tehsil and District Gurdaspur from Bajria Mukhtiaream Gurmeet Singh S/o Harbans Singh S/o Puran Singh R/o Vill. Dala, Tehsil Gurdaspur, Dastavej No. 167 Dated 03/12/2013 Office Sub Registrar Gurdaspur Vakya Rakba Kotli Nangal Dala Enclave Sector 7 Hadbast No. 334, Kheawat No. 162, 271, 319, Khatoni 370, 272, 661, Khasra No. 350 [8-14] 949/ 351 [7-10] 951/352 [15-5] 952/353-354 [10-18] 356[5-3] 953/357 [11-9] Total Rakba 58-19, Vasika No 866, Jilad No. 5322 Actually Lost at Library Road Gurdaspur Lost Date 13-02-2025, Report Date 02-05-2025 PSOC City Gurdaspur, LR No. 594075/2025. If Anybody Found below Address Anjali Saini W/o Suresh Saini R/O H.No. 6, W.No. Library Road Gurdaspur, Gurdaspur, Gurdaspur. Mobile 98146-74250

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ।
(Publication Notice Under Order 5 Rule 20 CPC)
ਮਿਸਲ ਨੰ:-15/ਪੀ ਰਜੂਆ:-14/07/2023
ਤਾਰੀਖ ਪੇਸ਼ੀ:-16/05/2025
ਅਜੈਬ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। .....ਸਾਇਲ
ਬਨਾਮ
ਬਾਵਾ ਸਿੰਘ ਪੁੱਤਰ ਕੌਰ ਸਿੰਘ ਪੁੱਤਰ ਮਹਾਂ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। ....ਮੁਸੂਲਾਨ
ਦਰਖਾਸਤ ਤਕਸੀਮ ਜ਼ੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਕੇਸ ਤਕਸੀਮ ਅਰਾਜੀ ਖੇਵਟ ਨੰਬਰ 166/160 ਖਤੌਨੀ ਨੰ. 202 ਤੈਦਾਦੀ 9 ਬਿਘੇ 0 ਬਿਸਵੇ ਵਾਕਾ ਰਕਬਾ-ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਨੋਟਿਸ ਬਨਾਮ
ਮਸੂਲਇਲਮ ਨੰ:(ਸਰਵ ਸ੍ਰੀ)
1) ਬਾਵਾ ਸਿੰਘ, 2) ਰੇਸ਼ਮ ਸਿੰਘ ਪੁੱਤਰਾਨ ਕੌਰ ਸਿੰਘ ਪੁੱਤਰ ਮਹਾਂ ਸਿੰਘ 3) ਲਖਵੀਰ ਸਿੰਘ ਪੁੱਤਰ ਕੇਵਲ ਸਿੰਘ ਪੁੱਤਰ ਤਾਰਾ ਸਿੰਘ 4) ਸੁਖਵੀਰ ਸਿੰਘ ਪੁੱਤਰ ਜਸਵੰਤ ਸਿੰਘ ਪੁੱਤਰ ਤਾਰਾ ਸਿੰਘ 5) ਮਨਜੀਤ ਕੌਰ ਪਤਨੀ ਸੋਹਣ ਸਿੰਘ ਪੁੱਤਰ ਪਾਲਾ ਸਿੰਘ, 6) ਹਰਦੀਪ ਕੌਰ ਵਿਧਵਾ ਵਾ, 7) ਰਾਜਵਿੰਦਰ ਸਿੰਘ ਪੁੱਤਰ ਵਾ, 8) ਰਮਨਦੀਪ ਕੌਰ ਪੁੱਤਰੀ ਸਵ. ਹਰਦਿਆਲ ਸਿੰਘ ਪੁੱਤਰ ਕੌਰ ਸਿੰਘ ਵਾਸੀਆਨ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਸਾਇਲ ਧਿਰ ਵੱਲੋਂ ਵਿਸ਼ੇ ਵਿੱਚ ਦਰਜ ਅਰਾਜੀ ਦੀ ਤਕਸੀਮ ਲਈ ਕੇਸ ਇਸ ਅਦਾਲਤ ਵਿੱਚ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਾਨ ਨੂੰ ਮਾਮੂਲੀ ਤਰੀਕੇ ਨਾਲ ਸੰਮਨ ਰਾਹੀਂ ਇਤਲਾਹ/ਤਾਮੀਲ ਹੋਈ ਮੁਸ਼ਕਿਲ ਹੈ, ਇਸ ਲਈ ਇਸ ਇਸ਼ਤਿਹਾਰ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੀ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਅਸਲਾਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀ ਤਾਂ ਆਪ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰਾਤ ਕਾਬਲੇ ਸੁਮਾਇਤ ਨਹੀਂ ਹੋਵੇਗਾ। ਇਹ ਨੋਟਿਸ ਪਬਲੀਕੇਸ਼ਨ ਅੱਜ ਮਿਤੀ 25/04/2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ: 55/ਰੀਡਰ-2 ਮਿਤੀ: 25/04/2025

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ।
(Publication Notice Under Order 5 Rule 20 CPC)
ਮਿਸਲ ਨੰ: 15/ਪੀ ਰਜੂਆ 14/07/2023
ਤਾਰੀਖ ਪੇਸ਼ੀ:-16/05/2025
ਅਜੈਬ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। .......ਸਾਇਲ
ਬਨਾਮ
ਬਾਵਾ ਸਿੰਘ ਪੁੱਤਰ ਕੌਰ ਸਿੰਘ ਪੁੱਤਰ ਮਹਾਂ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। ...........ਮੁਸੂਲਾਨ
ਦਰਖਾਸਤ ਤਕਸੀਮ ਜ਼ੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਕੇਸ ਤਕਸੀਮ ਅਰਾਜੀ ਖੇਵਟ ਨੰਬਰ 416/407 ਖਤੌਨੀ ਨੰ: 578 ਤੈਦਾਦੀ 8 ਬਿਘੇ 5 ਬਿਸਵੇ ਵਾਕਾ ਰਕਬਾ-ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਨੋਟਿਸ ਬਨਾਮ
ਮਸੂਲਇਲਮ ਨੰ:(ਸਰਵ ਸ੍ਰੀ)
1) ਸੋਹਨ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ, 2) ਮਨਜੀਤ ਕੌਰ ਪਤਨੀ ਸੋਹਣ ਸਿੰਘ ਪੁੱਤਰ ਪਾਲਾ ਸਿੰਘ, 3) ਸਤਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਬਲਭਦਰ ਸਿੰਘ, 4) ਹਰਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਬਲਭਦਰ ਸਿੰਘ ਵਾਸੀਆਨ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਸਾਇਲ ਧਿਰ ਵੱਲੋਂ ਵਿਸ਼ੇ ਵਿੱਚ ਦਰਜ ਅਰਾਜੀ ਦੀ ਤਕਸੀਮ ਲਈ ਕੇਸ ਇਸ ਅਦਾਲਤ ਵਿੱਚ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਾਨ ਨੂੰ ਮਾਮੂਲੀ ਤਰੀਕੇ ਨਾਲ ਸੰਮਨ ਰਾਹੀਂ ਇਤਲਾਹ/ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਇਸ ਇਸ਼ਤਿਹਾਰ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੀ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਅਸਲਾਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀ ਤਾਂ ਆਪ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰਾਤ ਕਾਬਲੇ ਸੁਮਾਇਤ ਨਹੀਂ ਹੋਵੇਗਾ। ਇਹ ਨੋਟਿਸ ਪਬਲੀਕੇਸ਼ਨ ਅੱਜ ਮਿਤੀ 25/04/2025ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ: 54/ਰੀਡਰ-2 ਮਿਤੀ: 25/04/2025

### PUBLIC NOTICE

I, Herpreet Singh Cheema S/o Gurmit Singh Cheema R/o 272/273, Mithapur, Jalandhar (British Passport No.575044760) Affirming that I have lost Original Sale Deed Bearing No.6586 Dt.30.12.2014 in favour of Pallavi Vasal W/o Anil Vasal of the property situated at House no. 272 & 273 for portion of 4 marla 262 sq.ft in Village Mithapur, Tehsil & Distt. Jalandhar comprised in Khasra No.19//9/2, 12, 19/1, 31, 13 min, 14/2, 18/2, 8/2, 13 Min, 52/18, 217/3. I have lodged the complaint No.1522 Dated 15-1-2025 at Police Station Div. No.3, Jalandhar. Though if any person find the same kindly return me on above noted address & contact me Mob.No.86990-20203. All please note.

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ।
(Publication Notice Under Order 5 Rule 20 CPC)
ਮਿਸਲ ਨੰ: 12/ਪੀ ਰਜੂਆ :-14/7/2023
ਤਾਰੀਖ ਪੇਸ਼ੀ:-16/05/2025
ਅਜੈਬ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। .....ਸਾਇਲ
ਬਨਾਮ
ਸੋਹਨ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। .......ਮੁਸੂਲਾਨ
ਦਰਖਾਸਤ ਤਕਸੀਮ ਜ਼ੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਕੇਸ ਤਕਸੀਮ ਅਰਾਜੀ ਖੇਵਟ ਨੰਬਰ 165/159 ਖਤੌਨੀ ਨੰ: 201 ਤੈਦਾਦੀ 34 ਬਿਘੇ 3 ਬਿਸਵੇ ਵਾਕਾ ਰਕਬਾ-ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਨੋਟਿਸ ਬਨਾਮ
ਮਸੂਲਇਲਮ ਨੰ:(ਸਰਵ ਸ੍ਰੀ)
1) ਸੋਹਨ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ, 2) ਗੁਰਸੇਵਕ ਸਿੰਘ ਮੁਤਬੰਨਾ ਪੁੱਤਰ ਮੂਰਤੀ ਸਿੰਘ ਪੁੱਤਰ ਪਾਲਾ ਸਿੰਘ, 3) ਮਨਜੀਤ ਕੌਰ ਪਤਨੀ ਸੋਹਣ ਸਿੰਘ ਪੁੱਤਰ ਪਾਲਾ ਸਿੰਘ, 4) ਐਸਵੀਰ ਸਿੰਘ ਨਾਬਾਲਗ ਪੁੱਤਰ ਗੁਰਸੇਵਕ ਸਿੰਘ ਮੁਤਬੰਨਾ ਪੁੱਤਰ ਮੂਰਤੀ ਸਿੰਘ, ਜੇਰ ਸਰਪ੍ਰਸਤੀ ਗੁਰਸੇਵਕ ਸਿੰਘ ਪਿਤਾ ਖੁਦ ਵਾਸੀਆਨ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਸਾਇਲ ਧਿਰ ਵੱਲੋਂ ਵਿਸ਼ੇ ਵਿੱਚ ਦਰਜ ਅਰਾਜੀ ਦੀ ਤਕਸੀਮ ਲਈ ਕੇਸ ਇਸ ਅਦਾਲਤ ਵਿੱਚ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਾਨ ਨੂੰ ਮਾਮੂਲੀ ਤਰੀਕੇ ਨਾਲ ਸੰਮਨ ਰਾਹੀਂ ਇਤਲਾਹ/ਤਾਮੀਲ ਹੋਈ ਮੁਸ਼ਕਿਲ ਹੈ, ਇਸ ਲਈ ਇਸ ਇਸ਼ਤਿਹਾਰ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੀ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਅਸਲਾਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀ ਤਾਂ ਆਪ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰਾਤ ਕਾਬਲੇ ਸੁਮਾਇਤ ਨਹੀਂ ਹੋਵੇਗਾ। ਇਹ ਨੋਟਿਸ ਪਬਲੀਕੇਸ਼ਨ ਅੱਜ ਮਿਤੀ 25/04/2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ: 56/ਰੀਡਰ-2 ਮਿਤੀ: 25/04/2025

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ।
(Publication Notice Under Order 5 Rule 20 CPC)
ਮਿਸਲ ਨੰ:-13/ਪੀ ਰਜੂਆ:-14/07/2023
ਤਾਰੀਖ ਪੇਸ਼ੀ:-16/05/2025
ਅਜੈਬ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ...........ਸਾਇਲ
ਬਨਾਮ
ਹਰਨੇਕ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਮੱਲਣ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ .......... ਮਸੂਲਾਨ
ਦਰਖਾਸਤ ਤਕਸੀਮ ਜ਼ੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਕੇਸ ਤਕਸੀਮ ਅਰਾਜੀ ਖੇਵਟ ਨੰਬਰ 415/406 ਖਤੌਨੀ ਨੰ: 574 ਤੋਂ 577 ਤੈਦਾਦੀ 43 ਬਿਘੇ 1 ਬਿਸਵੇ ਵਾਕਾ ਰਕਬਾ-ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਨੋਟਿਸ ਬਨਾਮ
ਮਸੂਲਇਲਮ ਨੰ:(ਸਰਵ ਸ੍ਰੀ)
1) ਹਰਨੇਕ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਮੱਲਣ ਸਿੰਘ (ਮੁਤਵਫੀ ਦਾ ਵਾਰਸ), 2) ਹਰਨੇਕ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਮੱਲਣ ਸਿੰਘ, 3) ਪਰਮਜੀਤ ਸਿੰਘ ਪੁੱਤਰ ਉਜਾਗਰ ਸਿੰਘ ਉਰਫ ਕਾਕਾ ਸਿੰਘ ਪੁੱਤਰ ਅਮਰ ਸਿੰਘ, 4) ਮਹਿੰਦਰ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਜਿਊਣ ਸਿੰਘ (ਮੁਤਵਫੀ ਦਾ ਵਾਰਸ), 5) ਮਨਮੋਹਨ ਸਿੰਘ ਪੁੱਤਰ ਮਿੱਤ ਸਿੰਘ ਪੁੱਤਰ ਕਰਮ ਸਿੰਘ, 6) ਸਵਰਨਜੀਤ ਕੌਰ ਵਿਧਵਾ ਟਹਿਲ ਸਿੰਘ ਪੁੱਤਰ ਭਾਗ ਸਿੰਘ, 7) ਹਰਮਿੰਦਰ ਕੌਰ ਵਿਧਵਾ ਜਗਦੀਸ਼ ਸਿੰਘ ਪੁੱਤਰ ਗੁਰਦੇਵ ਸਿੰਘ, 8) ਮਲਕੀਤ ਸਿੰਘ ਪੁੱਤਰ ਜਗਦੀਸ਼ ਸਿੰਘ ਪੁੱਤਰ ਗੁਰਦੇਵ ਸਿੰਘ, 9) ਸੋਹਨ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ, 10) ਮਨਜੀਤ ਕੌਰ ਪਤਨੀ ਸੋਹਣ ਸਿੰਘ ਪੁੱਤਰ ਪਾਲਾ ਸਿੰਘ, 11) ਐਸ਼ਵੀਰ ਸਿੰਘ ਨਾਬਾਲਗ ਪੁੱਤਰ ਗੁਰਸੇਵਕ ਸਿੰਘ ਮੁਤਬੰਨਾ ਪੁੱਤਰ ਮੂਰਤੀ ਸਿੰਘ, ਜ਼ੇਰ ਸਰਪ੍ਰਸਤੀ ਗੁਰਸੇਵਕ ਸਿੰਘ ਪਿਤਾ ਖੁਦ, 12) ਰਣਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਬੰਤ ਸਿੰਘ, 13) ਰਮਨਦੀਪ ਕੌਰ ਪਤਨੀ ਮਨਦੀਪ ਸਿੰਘ ਪੁੱਤਰ ਗੁਰਮੇਲ ਸਿੰਘ, 14) ਰਾਜਵਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਬੰਤ ਸਿੰਘ ਵਾਸੀਆਨ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਸਾਇਲ ਧਿਰ ਵੱਲੋਂ ਵਿਸ਼ੇ ਵਿੱਚ ਦਰਜ ਅਰਾਜੀ ਦੀ ਤਕਸੀਮ ਲਈ ਕੇਸ ਇਸ ਅਦਾਲਤ ਵਿੱਚ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਾਨ ( ਜੇਕਰ ਕੋਈ ਮੁਤਵਫੀ ਮਸੂਲ ਨੰ.1 ਅਤੇ 4 ਦਾ ਵਾਰਸ ) ਨੂੰ ਮਾਮੂਲੀ ਤਰੀਕੇ ਨਾਲ ਸੰਮਨ ਰਾਹੀਂ ਇਤਲਾਹ/ਤਾਮੀਲ ਹੋਈ ਮੁਸ਼ਕਿਲ ਹੈ, ਇਸ ਲਈ ਇਸ ਇਸ਼ਤਿਹਾਰ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੀ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਅਸਲਾਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀ ਤਾਂ ਆਪ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰਾਤ ਕਾਬਲੇ ਸੁਮਾਇਤ ਨਹੀਂ ਹੋਵੇਗਾ। ਇਹ ਨੋਟਿਸ ਪਬਲੀਕੇਸ਼ਨ ਅੱਜ ਮਿਤੀ 25/04/2025ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ: 53/ਰੀਡਰ-2 ਮਿਤੀ: 25/04/2025

### ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ।
(Publication Notice Under Order 5 Rule 20 CPC)
ਮਿਸਲ ਨੰ:-06/ਪੀ ਰਜੂਆ :- 22/01/2025 ਤਾਰੀਖ ਪੇਸ਼ੀ:-16/05/2025
ਅਜੈਬ ਸਿੰਘ ਪੁੱਤਰ ਪਾਲਾ ਸਿੰਘ ਪੁੱਤਰ ਚੰਨਣ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ। .......ਸਾਇਲ
ਬਨਾਮ
ਨਿਰਮਲ ਸਿੰਘ ਪੁੱਤਰ ਮੇਵਾ ਸਿੰਘ ਪੁੱਤਰ ਬੀਰਾ ਸਿੰਘ ਵਗੈਰਾ ਵਾਸੀ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ............ ਮਸੂਲਾਨ
ਦਰਖਾਸਤ ਤਕਸੀਮ ਜ਼ੇਰ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ 1887 ਕੇਸ ਤਕਸੀਮ ਅਰਾਜੀ ਖੇਵਟ ਨੰਬਰ 221/214 ਖਤੌਨੀ ਨੰ : 278-283 ਤੈਦਾਦੀ 53 ਬਿਘੇ 8 ਬਿਸਵੇ ਵਾਕਾ ਰਕਬਾ-ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਨੋਟਿਸ ਬਨਾਮ
ਮਸੂਲਇਲਮ ਨੰ: (ਸਰਵ ਸ੍ਰੀ)
15) ਸੁਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ, 16) ਲਖਵਿੰਦਰ ਕੌਰ ਪਤਨੀ ਨਿਰਮਲ ਸਿੰਘ ਪੁੱਤਰ ਮੇਵਾ ਸਿੰਘ, 21) ਸਤਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਬਲਭਦਰ ਦਾਸ, 22) ਹਰਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ ਪੁੱਤਰ ਬਲਭਦਰ ਦਾਸ, 23) ਮਨਜੀਤ ਕੌਰ ਪਤਨੀ ਸੋਹਨ ਸਿੰਘ ਪੁੱਤਰ ਪਾਲਾ ਸਿੰਘ ਵਾਸੀਆਨ ਪੰਡੋਰੀ, ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ।
ਸਾਇਲ ਧਿਰ ਵੱਲੋਂ ਵਿਸ਼ੇ ਵਿੱਚ ਦਰਜ ਅਰਾਜੀ ਦੀ ਤਕਸੀਮ ਲਈ ਕੇਸ ਇਸ ਅਦਾਲਤ ਵਿੱਚ ਦਾਇਰ ਕੀਤਾ ਹੋਇਆ ਹੈ। ਇਸ ਕੇਸ ਵਿੱਚ ਉਪਰੋਕਤ ਮਸੂਲਾਨ ਨੂੰ ਮਾਮੂਲੀ ਤਰੀਕੇ ਨਾਲ ਸੰਮਨ ਰਾਹੀਂ ਇਤਲਾਹ/ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ, ਇਸ ਇਸ਼ਤਿਹਾਰ ਰਾਹੀਂ ਉਪਰੋਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਇਸ਼ਤਿਹਾਰ ਦੀ ਪਬਲੀਕੇਸ਼ਨ ਦੇ ਪੰਦਰਾਂ (15) ਦਿਨਾਂ ਦੇ ਅੰਦਰ-ਅੰਦਰ ਅਸਲਾਤਨ ਜਾਂ ਵਕਾਲਤਨ ਇਸ ਅਦਾਲਤ ਵਿੱਚ ਪੇਸ਼ ਹੋਵੇ, ਨਹੀਂ ਤਾਂ ਆਪ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰਾਤ ਕਾਬਲੇ ਸੁਮਾਇਤ ਨਹੀਂ ਹੋਵੇਗਾ। ਇਹ ਨੋਟਿਸ ਪਬਲੀਕੇਸ਼ਨ ਅੱਜ ਮਿਤੀ 25/04/2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਮਹਿਲ ਕਲਾਂ
ਨੰਬਰ: 52/ਰੀਡਰ-2 ਮਿਤੀ: 25/04/2025

### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23-07-2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ(1) ਰਾਹੁਲ ਕੋਹਲੀ ਪੁੱਤਰ ਭੁਪਿੰਦਰ ਸਿੰਘ ਵਾਸੀ ਖਜੂਰ ਵਾਲੀ ਗਲੀ, ਗਲੀ ਨੰ. 6, ਸ੍ਰੀ ਮੁਕਤਸਰ ਸਾਹਿਬ, ਪੰਜਾਬ-152026 (2) ਅੰਜੂ ਬਾਲਾ ਪਤਨੀ ਭੁਪਿੰਦਰ ਸਿੰਘ ਵਾਸੀ ਖਜੂਰ ਵਾਲੀ ਗਲੀ, ਗਲੀ ਨੰ. 6, ਸ੍ਰੀ ਮੁਕਤਸਰ ਸਾਹਿਬ, ਪੰਜਾਬ-152026 (3) ਭੁਪਿੰਦਰ ਸਿੰਘ ਪੁੱਤਰ ਰਾਜਪਾਲ ਵਾਸੀ ਖਜੂਰ ਵਾਲੀ ਗਲੀ, ਗਲੀ ਨੰ. 6, ਸ੍ਰੀ ਮੁਕਤਸਰ ਸਾਹਿਬ ਪੰਜਾਬ-152026 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (4) ਸ੍ਰੀ ਦਰਸ਼ਨ ਕੁਮਾਰ ਪੁੱਤਰ ਦੇਵੀ ਦਿਆਲ ਵਾਸੀ ਗੋਨਿਆਣਾ ਰੋਡ, ਗਲੀ ਨੰ. 11, ਸ੍ਰੀ ਮੁਕਤਸਰ ਸਾਹਿਬ, ਪੰਜਾਬ-152026 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈ ਐੱਲ ਏ ਪੀ/013602002566 'ਚ ਰਾਸ਼ੀ ਰੁਪਏ 2,70,461.74 ਡਿਮਾਂਡ ਨੋਟਿਸ ਅਨੁਸਾਰ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 01-07-2024 ਤੋਂ ਐੱਲ ਏ ਪੀ/013602002566 'ਚ ਬਕਾਇਆ ਨਿਕਲਦੀ ਰਕਮ ਰੁਪਏ 2,70,461.74 ਭਵਿੱਖੀ ਵਿਆਜ ਸਮੇਤ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਨੂੰ ਅਦਾਇਗੀ ਦਾ ਵਿਸ਼ਾ ਹੋਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1240 ਮਿਤੀ 27.06.2017 ਅਨੁਸਾਰ ਅੰਜੂ ਬਾਲਾ ਪਤਨੀ ਭੁਪਿੰਦਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 225 ਵਰਗ ਗਜ਼, ਐੱਮ ਸੀ ਮੁਕਤਸਰ, ਤਹਿਸੀਲ ਤੇ ਜ਼ਿਲ੍ਹਾ ਮੁਕਤਸਰ ਨਾਲ ਸੰਬੰਧਤ ਸਭ ਕੁਝ।

ਮਿਤੀ :02.05.2025, ਸਥਾਨ : ਮੁਕਤਸਰ/ਪੰਜਾਬ (ਅਧਿਕਾਰਤ ਅਫਸਰ)




### Change of Name

I, Virinder Rathour S/O Thakur Sher Singh R/O House No 49, Deen Dayal Upadhaya Nagar, Jalandhar-144008 (Punjab) have changed my minor daughter's name from Vasundhara to Vasundhara Rathour. All concerned please note.

I Neelam W/O Bhagwan Dass R/O Ward 2 Balachaur Teh Balachaur Distt Sbs Nagar Punjab Have Changed My Name To Neelam Rani. All Please Note.

I, Harsh Kumar S/O Faqir Chand R/O H.No. 191-B, Varindavan Garden, Fatehgarh Churian Road, Amritsar, Punjab have changed my name from Harsh Kumar to Harsh Kumar Chadha.Concerned note.

I, Rajeev Vohra S/O Tilak Raj R/O H.No. 30-E, Rani Ka Bagh, Amritsar, Punjab have changed my name from Rajeev Vohra to Rajiv Vohra. Concerned note.

I, Satnam Singh S/O Sh. Smittar Singh R/O VPO Bodal Teh. Dasuya Distt. Hoshiarpur PB India have corrected the spelling mistake of my Father name SAMITTAR SINGH to SMITTAR SINGH.

I, Satnam Singh S/O Sh. Smittar Singh R/O VPO Bodal Teh. Dasuya Distt. Hoshiarpur PB India have corrected the spelling mistake of my Mother name MALKIAT KOUR to MALKIT KAUR.

I, Rekha W/o Vimal Kumar R/o H. No. 75, Baba Attar Singh Nagar, Near Cantt County, Sofi Pind, Jalandhar, Punjab have changed my name Rekha Bhandula to Rekha. Please note.

I, Kulwinder Kumar S/o Sewa Ram W/N3 Beri Wali Gali P.O. Nurpur Reru Jalandhar Punjab declare that my name is Kulwinder Kumar. Kumar as my Surname and my given name is Kulwinder. Concerned note. (11925)

I, Jamuna D/o Lakhbir Lakha R/o Mohalla Dharamkot , Hoshiarpur Road , Phagwara , Kapurthala - ADDD@A, Punjab , India have changed my name from Jamuna to Jamuna Kaur . All concerned please note.

I, Bhupinderjit Kaur W/O Tarsem Singh R/O Vpo Gill, Tehsil. Nakodar, Distt. Jalandhar, Punjab Have changed my name from Bhupinderjit Kaur to Bhupinder Kaur. All note.

I, Karnjit Singh S/O Sukhwinder Singh R/O VPO Danewal, Tehsil Shahkot, Distt. Jalandhar, Punjab Have changed my name from Karnjit Singh to Karanjeet Singh. All note.

I, Gurpreet Kaur W/o Paramjit Singh Manan R/o H.No. 46, Diamond Estate, Near Water Tank, G.T. Road, Amritsar, Punjab have changed my name from Gurpreet Kaur to Gurpreet Kaur Manan.

I, Neeta D/o Nand Lal W/o Ram Lakhan Singh R/o H.No.125, Kamal Vihar, Jalandhar,Punjab,144001 changed my name from Neeta Singh to Neeta.

I, Sushma W/o Sanjeev Kumar R/o H. No. NA-215-D, Gali No. 7, Kishan Pura, Jalandhar declare that I have changed my name from Sushma Kumari Sharma to Sushma .

I Tarleen Kaur W/o Ramanjeet Singh Sahni R/o 468 R Model Town Jalandhar Declare That I have changed my name from Tarleen Kaur To Tarleen Kaur Sahni .

I Divya W/o Manoj Saluja,R/o NN 511,Near Shyama Prasad Mukherjee Hospital,Gopal Nagar,Jalandhar have changed my name from Divya to Divya Saluja.

I Harpreet Kaur W/O Pavitter Jeet R/O Vill Kadiana Po Adampur, Distt. Jalandhar (Punjab) . I have changed my minor daughter name Anika to Anika Gangar.

I Munita W/o Jatin Pawar,R/o VPO Nagar, Teh Phillaur, Distt Jalandhar have changed my name from Munita to Munita Pawar.

I Gurpreet Singh S/o Baldev Singh Virk R/o Vill Kotli Sakka PO Bagga Kalan Tehsil Ajnala Amritsar have changed my name to Gurpreet Singh Virk

I, Sucheta Kapoor w/o Hitesh Sachdeva R/o H.no. 52, phase-2, Lane no. 13, near Shivala Mandir, Vrindavan Gardens, Amritsar-143001(pb) have changed my name from Sucheta Kapoor to Sucheta Sachdeva, plz note

I, Tajinder Singh S/o Surat Singh R/o Farandipur Tarn Taran Punjab-143303 have declare that Tajinder is my Given name and Singh is my Surname

I, Baljit Singh son of Sewa Singh Khurana resident of Kothi No. 2, New Tehsilpura, Amritsar, Punjab, declared that I have changed my name from Baljit Singh to Baljeet Singh Khurana

I, Varsha Dogra W/o Puneet Arora R/o H.No.52, Avtar Avenue, Amritsar have changed my name from Varsha Dogra to Varsha Arora

I, Gurmeet Sinigh S/o Kulwant Singh R/o Patti Hindu, Bundala, Tehsil & Distt. Amritsar, Punjab-143413, India have changed my name from Gurmeet Sinigh to Gurmeet Singh. Concerned Note.

I, Inderjit Kaur W/o Sarabjeet Singh R/o Village Timmowal, Distt. Amritsar, Punjab, India have changed my name from Inderjit Kaur to Inderjeet Kaur. Concerned Note.

I, Parmjit Kaur W/o Malkit Ram R/o VPO. Chitti, Distt. Jalandhar, Punjab, India have changed my name to Paramjit Kaur.

I, Rukhsaar D/o Suleman Mathew. R/o Village Piranbagh PO. Hayat Nagar, Tehsil Distt. Gurdaspur, Punjab, India Pin-143521. Have Changed my name from Rukhsaar to Rukhsaar Mathew.

I, Francis s/o Yuns Masih r/o Vill.Pholriwala, Garha, Distt. Jalandhar-144022, Punjab have changed my name from Francis to Francis Batra. All Please Note.

I, Parveen w/o Francis r/o Vill.Pholriwala, Garha, Distt. Jalandhar-144022, Punjab have changed my name from Parveen to Parveen Batra. All Please Note.

I, Chandrika s/o Mangru r/o H.No.9/1, Guru Nanak Nagar, Gulab Devi Road, Near Sea Green School, Jalandhar have changed my name to Chandrika Gupta. All Please Note.

### Change of Name

I, Manoj s/o Chandrika Gupta r/o H.No.9/1, Guru Nanak Nagar, Gulab Devi Road, Near Sea Green School, Jalandhar have changed my name to Manoj Gupta. All Please Note.

I, Sita Rani alias Satinder Kaur w/o Jarnail Singh r/o VPO.Rajpur, Distt. Jalandhar, Punjab-1442021 have changed my name to Satinder Kaur. After Marriage. All Please Note.

| (ਕਰਜ਼ਦਾਰਾਂ) :- ਸ੍ਰੀ ਜਸਵੀਰ ਸਿੰਘ ਪੁੱਤਰ ਸ੍ਰੀ ਬਲਜਿੰਦਰ ਸਿੰਘ # ਸੈਨਿਕ ਕਾਲੋਨੀ, ਨਿਊ ਅਬਾਦੀ ਅਕਾਲਗੜ੍ਹ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ/ਰਰਿਣਕਾਰ) : ਸ੍ਰੀਮਤੀ ਸੁਖਵੀਰ ਕੌਰ ਪਤਨੀ ਸ੍ਰੀ ਜਸਵੀਰ ਸਿੰਘ # ਸੈਨਿਕ ਕਾਲੋਨੀ, ਨਿਊ ਅਬਾਦੀ ਅਕਾਲਗੜ੍ਹ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ। | ਵਸੀਕਾ ਨੰ. 372 ਮਿਤੀ 07.05.2018 ਅਨੁਸਾਰ ਸ੍ਰੀਮਤੀ ਸੁਖਵੀਰ ਕੌਰ ਪਤਨੀ ਸ੍ਰੀ ਜਸਵੀਰ ਸਿੰਘ ਦੇ ਨਾਂਅ 'ਤੇ ਅਚੱਲ ਜਾਇਦਾਦ ਰਕਬਾ 10 ਮਰਲੇ 7 ਸਰਸਾਈ, ਕੁਲ ਜ਼ਮੀਨ ਰਕਬਾ 10 ਕਨਾਲ 7 ਮਰਲੇ ਦਾ 97/1863 ਹਿੱਸੇ ਦਾ ਉਚਿਤ ਗਿਰਵੀਨਾਮਾ, ਖੱਤਾ ਨੰ. 18/22, ਖਸਰਾ ਨੰ. 57//11/1(1-4), 20(1-17), 58//6/1/2/2/2(1-14), 15/2/2/2(1-19), 15/2/3/2(0-17), 16/1/1(2-16) ਜਮ੍ਹਾਂਬੰਦੀ ਸਾਲ 2011-12, ਪਿੰਡ ਨਿਊ ਅਬਾਦੀ ਅਕਾਲਗੜ੍ਹ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ। | 31-03.2025 | 02-05.2025 | 30.04.2025 ਨੂੰ ਰੁਪਏ 24,33,872.38/- (ਰੁਪਏ ਚੌਵੀ ਲੱਖ ਤੇਤੀ ਹਜ਼ਾਰ ਅੱਠ ਸੌ ਬਹੱਤਰ ਰੁਪਏ ਅਤੇ ਅਠੱਤੀ ਪੈਸੇ ਕੇਵਲ) ਸਮੇਤ ਮੁਕੰਮਲ ਅਦਾਇਗੀ ਤੱਕ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ। |

ਨੋਟਿਸ ਦੀ ਬਦਲਵੀਂ ਸੇਵਾ ਲਈ ਕਦਮ ਚੁੱਕੇ ਗਏ ਹਨ ਅਤੇ ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂਯੋਗ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਦੀ ਮਿਤੀ 60 ਦਿਨਾਂ ਦੇ ਅੰਦਰ-ਅੰਦਰ ਬਕਾਇਆ ਨਿਕਲਦੀ ਰਾਸ਼ੀ ਦੀ ਅਦਾਇਗੀ ਕਰ ਦੇਣ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ ਦੀ ਸੂਰਤ ਵਿੱਚ ਸਕਿਉਰਟਾਈਜੇਸਨ ਐਂਡ ਰਿਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਦੇ ਅਧੀਨ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਅਗਲੇ ਕਦਮ ਚੁੱਕੇ ਜਾਣਗੇ।

ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੇ ਪ੍ਰਾਪਤ ਹੋਣ 'ਤੇ ਤੁਹਾਨੂੰ ਬੈਂਕ ਦੀ ਸਹਿਮਤੀ ਲਏ ਬਗੈਰ ਬਿਜ਼ਨੈੱਸ ਦੇ ਆਮ ਕੰਮ ਧੰਦੇ ਤੋਂ ਸਿਵਾਏ ਉਪਰ ਵਰਨਣ ਸਕਿਉਰਟੀਜ਼ ਦੀ ਡਿਸਪੋਜ਼ਿੰਗ ਜਾਂ ਕੋਈ ਸੌਦੇਬਾਜ਼ੀ ਕਰਨ ਦੀ ਮਨਾਹੀ ਹੋਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰਨਾ ਹੋਵੇਗਾ।

ਕਰਜ਼ਦਾਰਾਂ/ਗਰੰਟਰਾਂ/ਗਿਰਵੀਕਾਰਾਂ ਨੂੰ ਸੰਬੰਧਤ ਬਰਾਂਚ ਕੋਲੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 02.05.2025 ਸਥਾਨ : ਸੁਧਾਰ ਅਧਿਕਾਰਤ ਅਫਸਰ

# ਪੰਜਾਬ ਦੇ ਪਾਣੀਆਂ 'ਚੋਂ ਹਰਿਆਣਾ ਨੂੰ ਜਬਰੀ ਵਾਧੂ ਹਿੱਸਾ ਦੇਣ 'ਤੇ ਆਪ ਆਗੂਆਂ ਨੇ ਕੀਤਾ ਮੋਹਾਲੀ 'ਚ ਜ਼ੋਰਦਾਰ ਵਿਰੋਧ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਅੱਜ ਇੱਥੇ ਦੇ ਫੇਜ਼ 7 ਦੀਆਂ ਲਾਈਟਾਂ 'ਤੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਸੀਨੀਅਰ ਆਗੂਆਂ ਵੱਲੋਂ ਕੇਂਦਰ ਵੱਲੋਂ ਹਰਿਆਣਾ ਨੂੰ ਧੱਕੇ ਨਾਲ ਭਾਖੜਾ ਡੈਮ ਤੋਂ ਵਾਧੂ ਪਾਣੀ ਛੱਡਣ ਦੇ ਫੈਸਲੇ ਖਿਲਾਫ ਜ਼ੋਰਦਾਰ ਰੋਸ ਪ੍ਰਗਟਾਵਾ ਕੀਤਾ ਗਿਆ। ਜ਼ਿਲ੍ਹਾ ਯੋਜਨਾ ਕਮੇਟੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਚੇਅਰਪਰਸਨ ਅਤੇ ਜ਼ਿਲ੍ਹਾ ਇਕਾਈ ਦੀ ਪ੍ਰਧਾਨ ਪ੍ਰਭਜੋਤ ਕੌਰ ਨੇ ਅੱਜ ਇੱਥੇ ਕਿਹਾ ਕਿ ਕੇਂਦਰ, ਪੰਜਾਬ ਨਾਲ ਮਤਰੇਆ ਵਿਹਾਰ ਕਰ ਰਿਹਾ ਹੈ ਅਤੇ ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਬੂੰਦ ਅਜਾਈਂ ਨਹੀਂ ਜਾਣ ਦੇਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਪੰਜਾਬ ਦੇ ਪਾਣੀਆਂ 'ਤੇ ਡਾਕਾ ਨਹੀਂ ਵੱਜਣ ਦੇਵੇਗੀ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਵੱਲੋਂ ਆਪਣਾ 21 ਮਈ ਤੋਂ 20 ਮਈ ਤੱਕ ਦਾ ਨਿਰਧਾਰਿਤ ਕੋਟਾ 31 ਮਾਰਚ ਤੱਕ ਖ਼ਤਮ ਕਰ ਲਿਆ ਗਿਆ ਹੈ ਤਾਂ ਉਸ ਮੌਕੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਮਾਨਵਤਾ ਦੇ ਆਧਾਰ 'ਤੇ, ਹਰਿਆਣਾ ਦੇ ਮੁੱਖ ਮੰਤਰੀ ਦੀ ਬੇਨਤੀ ਤੇ 4 ਹਜ਼ਾਰ ਕਿਊਸਿਕ ਪ੍ਰਤੀ ਦਿਨ ਦਾ ਵਾਧੂ ਪਾਣੀ 6 ਅਪ੍ਰੈਲ ਤੋਂ ਲਗਾਤਾਰ ਦਿੱਤਾ ਜਾ ਰਿਹਾ ਸੀ। ਪਰ ਹੁਣ ਹਰਿਆਣਾ ਵੱਲੋਂ ਆਪਣੀਆਂ ਸਿੰਚਾਈ ਲੋੜਾਂ ਲਈ ਵੀ ਪਾਣੀ ਦੀ ਮੰਗ ਕੀਤੇ ਜਾਣ ਤੇ ਬੀਬੀਐਮਬੀ ਵੱਲੋਂ 8500 ਕਿਊਸਿਕ ਪ੍ਰਤੀ ਦਿਨ ਪਾਣੀ ਦੀ ਪੂਰਤੀ ਪੰਜਾਬ ਦੇ ਹਿੱਤਾਂ ਨਾਲ ਸਰਾਸਰ ਧੱਕਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਤਿੰਨਾਂ ਡੈਮਾਂ ਚ ਪਾਣੀ ਲੋੜੀਂਦੇ ਪੱਧਰ ਤੋਂ ਥੱਲੇ ਹੈ ਇਸ ਲਈ ਵਾਧੂ ਪਾਣੀ ਨਹੀਂ ਦਿੱਤਾ ਜਾ ਸਕਦਾ। ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਸਨੀ ਸਿੰਘ ਆਹਲੂਵਾਲੀਆ ਨੇ ਇਸ ਮੌਕੇ ਆਖਿਆ ਕਿ ਹਰਿਆਣਾ ਲਈ ਵਾਧੂ ਪਾਣੀ ਦੇਣਾ ਪੰਜਾਬ ਦੇ ਕਿਸਾਨਾਂ ਨਾਲ ਸਰਾਸਰ ਧੱਕਾ ਹੋਵੇਗਾ। ਇਸ ਮੌਕੇ ਮਾਰਕਿਟ ਕਮੇਟੀ ਮੋਹਾਲੀ ਦੇ ਚੇਅਰਮੈਨ ਗੋਬਿੰਦਰ ਮਿੱਤਲ ਅਤੇ ਆਮ ਆਦਮੀ ਪਾਰਟੀ ਦੀ ਸਥਾਨਕ ਲੀਡਰਸ਼ਿਪ ਵੀ ਮੌਜੂਦ ਸੀ।

# ਕੈਬਨਿਟ ਮੰਤਰੀ ਡਾ. ਰਵਜੋਤ ਦੇ ਦਫ਼ਤਰ ਅੱਗੇ ਦਿੱਤਾ ਧਰਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਨੂੰ ਤੇਜ਼ ਕਰਨ ਹਿੱਤ, ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਮਜ਼ਦੂਰ ਦਿਵਸ 'ਤੇ ਆਪ ਸਰਕਾਰ ਦੇ ਵਿਧਾਇਕਾਂ ਖ਼ਿਲਾਫ਼ ਜ਼ਿਲ੍ਹਾ ਪੱਧਰੀ ਧਰਨੇ ਦੇਣ ਦੇ ਸੂਬਾਈ ਸੱਦੇ ਤਹਿਤ ਜਥੇਬੰਦੀ ਦੇ ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ ਅਤੇ ਡੀ.ਟੀ.ਐੱਫ. ਦੇ ਜ਼ਿਲ੍ਹਾ ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ ਅਤੇ ਪ੍ਰਚਾਰ ਸਕੱਤਰ ਮਨਜੀਤ ਸਿੰਘ ਸੈਣੀ ਆਦਿ ਆਗੂਆਂ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੇ ਦਫ਼ਤਰ ਅੱਗੇ ਰੋਹ ਭਰਪੂਰ ਧਰਨਾ ਦਿੱਤਾ ਅਤੇ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦੇ ਕੇ ਰੋਸ ਪ੍ਰਦਰਸ਼ਨ ਕੀਤਾ। ਧਰਨੇ ਵਿੱਚ ਭਰਾਤਰੀ ਜਥੇਬੰਦੀਆਂ ਦੇ ਨਾਲ ਨਾਲ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਆਪ ਸਰਕਾਰ ਦੀ ਨਾਕਾਮੀ ਦੇ ਰੋਸ ਵਿੱਚ ਮੁਜ਼ਾਹਰੇ ਉਪਰੰਤ ਮੁੱਖ ਮੰਤਰੀ ਦੇ ਨਾਂ ਰੋਸ ਪੱਤਰ ਵੀ ਦਿੱਤਾ ਗਿਆ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦੇ ਜਾਰੀ ਕੀਤੇ ਕਾਗਜ਼ੀ ਨੋਟੀਫਿਕੇਸ਼ਨ ਦੇ ਤਿੰਨ ਸਾਲ ਬੀਤਣ ਮਗਰੋਂ ਵੀ ਸੂਬੇ ਵਿੱਚ ਪੁਰਾਣੀ ਪੈਨਸ਼ਨ ਦਾ ਮੁੱਦਾ ਉਥੇ ਦਾ ਉਥੇ ਲਟਕਿਆ ਹੋਇਆ ਹੈ। ਐਨ.ਪੀ.ਐੱਸ. ਮੁਲਾਜ਼ਮਾਂ ਦੇ ਵੱਡੀ ਗਿਣਤੀ ਇਕੱਠ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਮੁਕੇਸ਼ ਕੁਮਾਰ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਮੇਸ਼ ਢੇਸੀ, ਰਜਿੰਦਰ ਸਿੰਘ,



ਪੈਨਸ਼ਨਰ ਆਗੂ ਬਲਬੀਰ ਸਿੰਘ ਕਾਨਪੁਰੀ, ਹੰਸ ਰਾਜ, ਅਮਨਦੀਪ ਸਿੰਘ ਚੌਹਾਨ ਭੁੱਚੀ ਪਿੰਡ, ਅਸ਼ਨੀ ਕੁਮਾਰ, ਪ੍ਰਦੀਪ ਕੁਮਾਰ ਅਤੇ ਜਰਨੈਲ ਡਘਾਮ ਆਦਿ ਆਗੂਆਂ ਨੇ ਆਖਿਆ ਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲੁਟੇਰੇ ਸਾਮਰਾਜੀ ਪ੍ਰਬੰਧ ਖ਼ਿਲਾਫ਼ ਸੰਘਰਸ਼ਾਂ ਦਾ ਪ੍ਰਤੀਕ ਹੈ ਜੋ ਮਿਹਨਤਕਸ਼ ਜਮਾਤ ਨੂੰ ਲੁੱਟ ਅਤੇ ਜਬਰ ਖ਼ਿਲਾਫ਼ ਜੂਝਣ ਲਈ ਪ੍ਰੇਰਦਾ ਹੈ। ਉਹਨਾਂ ਕਿਹਾ ਕਿ 1 ਜਨਵਰੀ 2004 ਤੋਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਲਿਆਂਦੀ ਗਈ ਐਨ.ਪੀ.ਐੱਸ ਸਕੀਮ ਵੀ ਸਾਮਰਾਜੀ ਨਿੱਜੀਕਰਨ ਅਤੇ ਕਾਰਪੋਰੇਟ ਮੁਨਾਫੇ ਨੂੰ ਲਾਗੂ ਕਰਨ ਦੀ ਬਜਾਏ ਹੁਣ ਕੇਂਦਰ ਸਰਕਾਰ ਵੱਲੋਂ ਲਿਆਂਦੀ ਯੂ.ਪੀ.ਐੱਸ. ਸਕੀਮ ਨੂੰ ਘੋਖਣਾ ਸ਼ੁਰੂ ਕੀਤਾ ਹੋਇਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਜਸਵਿੰਦਰ ਬਿਰਗ, ਰਜਿੰਦਰ ਹੇਮਾਣੀ, ਬਲਜਿੰਦਰ ਸਰੋਤਾ, ਰੇਸ਼ਮ ਸਿੰਘ ਧੁੱਗਾ, ਬਲਬੀਰ ਸਿੰਘ ਧਾਮੀ, ਸੰਜੀਵ ਕਲਸੀ, ਬਲਕਾਰ ਸਿੰਘ ਪੁਰੀਕਾ, ਜੀਵਨ ਕੁਮਾਰ ਸੰਧੂ, ਹਰਿੰਦਰ ਸੁਮਨ ਅਤੇ ਵਰਿੰਦਰ ਸੈਣੀ ਨੇ ਕਿਹਾ ਕਿ ਕੀਮੀ ਖੋਜੀ ਮੰਡੀ ਨੀਤੀ ਦੇ ਖਰੜੇ ਨੂੰ ਰੱਦ ਕੀਤੇ ਜਾਣ ਦੀ ਤਰਜ਼ ਤੇ ਪੰਜਾਬ ਸਰਕਾਰ ਵੱਲੋਂ ਐਨ.ਪੀ.ਐੱਸ. ਅਤੇ ਯੂ.ਪੀ.ਐੱਸ. ਸਕੀਮ ਨੂੰ ਰੱਦ ਕਰਨ ਵਧਾਉਣ ਵਾਲੀਆਂ ਨੀਤੀਆਂ ਦਾ ਹੀ ਅੰਗ ਹੈ ਜਿਸ ਦੇ ਖ਼ਿਲਾਫ਼ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਮੁਲਾਜ਼ਮ ਸੰਘਰਸ਼ਾਂ ਦੇ ਰਾਹ ਤੇ ਹਨ। ਪੰਜਾਬ ਦੀ ਆਪ ਸਰਕਾਰ ਨੇ ਆਪਣੇ ਚੋਣ ਵਾਅਦੇ ਦੇ ਉਲਟ ਪੁਰਾਣੀ ਪੈਨਸ਼ਨ ਦੇ ਕੀਤੇ ਨੋਟੀਫਿਕੇਸ਼ਨ ਦਾ ਸਪੱਸ਼ਟ ਫੈਸਲਾ ਲਿਆ ਜਾਵੇ। ਉਹਨਾਂ ਕਿਹਾ ਕਿ ਪਿਛਲੇ ਤਿੰਨ ਸਾਲ ਤੋਂ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਲਟਕ ਰਿਹਾ ਹੈ, ਇੱਕ ਵੀ ਐਨ.ਪੀ.ਐੱਸ. ਮੁਲਾਜ਼ਮ ਦਾ ਜੀ.ਪੀ.ਐੱਫ. ਖਾਤਾ ਨਹੀਂ ਖੁੱਲ੍ਹਿਆ ਗਿਆ ਪਰ ਸੂਬੇ ਵਿੱਚ ਪੁਰਾਣੀ ਪੈਨਸ਼ਨ ਲਾਗੂ ਕਰਨ ਦੀ ਝੂਠੀ ਇਸ਼ਤਿਹਾਰਬਾਜ਼ੀ ਤੇ ਕਰੋੜਾਂ ਰੁਪਏ ਖ਼ਰਚ ਕਰ ਦਿੱਤੇ ਗਏ ਹਨ। ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਇਨਕਾਰੀ ਆਪ ਸਰਕਾਰ ਖ਼ਿਲਾਫ਼ ਲੁਧਿਆਣਾ ਜ਼ਿਮਨੀ ਚੋਣ ਦੌਰਾਨ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਸ ਰੋਸ ਧਰਨੇ ਵਿੱਚ ਮੈਡਮ ਮਨਦੀਪ ਸੈਣੀ, ਅਰਸ਼ਪ੍ਰੀਤ ਕੌਰ, ਰਜਨਾ ਦੇਵੀ, ਜਸਵੀਰ ਕੌਰ, ਸ਼ਰਨਜੀਤ ਕੌਰ, ਜਸਵਿੰਦਰ ਕੌਰ, ਨੀਲਮ ਰਾਣੀ, ਵੰਦਨਾ ਰਾਣੀ, ਸੀਮਾ ਦੇਵੀ, ਨਿਰਮਲ ਸਿੰਘ ਨਿਹਾਲਪੁਰ, ਬਲਰਾਜ ਸਿੰਘ, ਰਾਕੇਸ਼ ਕੁਮਾਰ, ਜਸਮੀਤ ਸਿੰਘ, ਰਾਜੇਸ਼ ਚੌਹਾਨ, ਸੰਦੀਪ ਸਿੰਘ, ਰਜਿੰਦਰ ਬਨਵੈਤ, ਵਿਕਰਮ ਡਡਵਾਲ, ਵਿਸ਼ਾਲ ਕੁਮਾਰ, ਪਰਮਜੀਤ ਸਿੰਘ, ਮੁਕੇਸ਼ ਸ਼ਰਮਾ, ਸੁਸ਼ੀਲ ਡਡਵਾਲ, ਨਰੇਸ਼ ਕੁਮਾਰ, ਰਮੇਸ਼ ਬੱਗਾ, ਗੁਰਦੀਪ ਆਜ਼ਾਦ, ਬੂਟਾ ਸਿੰਘ, ਕੁਲਵਿੰਦਰ ਸਿੰਘ, ਦਲਜੀਤ ਸਿੰਘ ਮੁਨਕ, ਗਗਨ ਕੰਧਾਲਾ, ਜਸਵੀਰ ਸਿੰਘ, ਹਰਦੀਪ ਸਿੰਘ, ਅਨਿਲ ਕੁਮਾਰ, ਹਰਵਿੰਦਰ ਕਲਸੀ, ਹੀਰਾ ਲਾਲ ਅਤੇ ਸੁਖਦੇਵ ਸਿੰਘ ਬਾਬਾ ਆਦਿ ਵੀ ਹਾਜ਼ਰ ਸਨ। ਇਸ ਮੌਕੇ ਥਾਣਾ ਮਾਡਲ ਟਾਊਨ ਦੇ ਥਾਣਾ ਮੁਖੀ ਗੁਰਸਾਹਿਬ ਸਿੰਘ ਪੁਲਿਸ ਫੋਰਸ ਸਮੇਤ ਮੌਜੂਦ ਰਹੇ।

## ਕਰਮਚਾਰੀ ਯੂਨੀਅਨ ਦੇ ਨਿਰਮਲਜੀਤ ਬਲਾਕ ਪ੍ਰਧਾਨ ਬਣੇ

**ਸੁਲਤਾਨਪੁਰ ਲੋਧੀ (ਹਨੀ)**- ਦੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਕਰਮਚਾਰੀ ਯੂਨੀਅਨ ਬਲਾਕ ਸੁਲਤਾਨਪੁਰ ਲੋਧੀ ਦੀ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਭਾ ਦੇ ਕਰਮਚਾਰੀ ਸ਼ਾਮਿਲ ਹੋਏ। ਇਸ ਮੌਕੇ ਸਭਾ ਦੇ ਕਾਰਜਾਂ ਅਤੇ ਸਮੱਸਿਆਵਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਖੇਤੀਬਾੜੀ ਸਭਾਵਾਂ



ਕਰਮਚਾਰੀ ਯੂਨੀਅਨ ਬਲਾਕ ਸੁਲਤਾਨਪੁਰ ਲੋਧੀ ਦੀ ਚੋਣ ਕਰਵਾਈ ਗਈ, ਜਿਸ ਵਿਚ ਸਰਬਸੰਮਤੀ ਨਾਲ ਨਿਰਮਲਜੀਤ ਸਿੰਘ ਤਲਵੰਡੀ ਚੌਧਰੀਆਂ ਨੂੰ ਪ੍ਰਧਾਨ, ਸੁਖਜਿੰਦਰ ਸਿੰਘ ਕਬੀਰਪੁਰ ਮੀਤ ਪ੍ਰਧਾਨ, ਹਰਪ੍ਰੀਤ ਸਿੰਘ ਜਨਰਲ ਸਕੱਤਰ, ਬਲਜਿੰਦਰ ਸਿੰਘ ਕੈਸ਼ੀਅਰ, ਹਰਜੀਵਨ ਸਿੰਘ ਉਗਰੂਪੁਰ ਪ੍ਰੈਸ ਸਕੱਤਰ, ਜਗੀਰ ਸਿੰਘ ਜੱਬੋਵਾਲ ਕਮੇਟੀ ਮੈਂਬਰ, ਬਲਵਿੰਦਰ ਸਿੰਘ ਸ਼ਾਹਵਾਲਾ ਕਮੇਟੀ ਮੈਂਬਰ, ਸੰਦੀਪ ਕੌਰ ਪ੍ਰੈਸ ਸਕੱਤਰ ਚੁਣੇ ਗਏ। ਯੂਨੀਅਨ ਦੇ ਚੁਣੇ ਗਏ ਪ੍ਰਧਾਨ ਨਿਰਮਲਜੀਤ ਸਿੰਘ ਅਤੇ ਹੋਰ ਅਹੁਦੇਦਾਰਾਂ ਨੂੰ ਸਾਰੇ ਕਰਮਚਾਰੀਆਂ ਵੱਲੋਂ ਵਧਾਈ ਦਿੱਤੀ ਗਈ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਨਿਰਮਲਜੀਤ ਸਿੰਘ ਨੇ ਯੂਨੀਅਨ ਦੇ ਸਮੂਹ ਕਰਮਚਾਰੀ ਸਾਥੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਵੱਲੋਂ ਬਤੌਰ ਪ੍ਰਧਾਨ ਨਿਯੁਕਤ ਕਰਕੇ ਮਾਣ ਦਿੱਤਾ। ਇਸ ਮੌਕੇ ਰੇਸ਼ਮ ਸਿੰਘ ਮੋਠਾਂਵਾਲਾ, ਕੁਲਵਿੰਦਰ ਸਿੰਘ ਸ਼ਾਹਵਾਲਾ, ਸਲਵਿੰਦਰ ਸਿੰਘ ਵਾਟਾਂ ਵਾਲੀ, ਰਮਨਦੀਪ ਸਿੰਘ ਬੂਲਪੁਰ, ਮਨਜਿੰਦਰ ਸਿੰਘ ਠੱਟਾ, ਨਵਦੀਪ ਸਿੰਘ ਜੱਬੋਵਾਲ, ਦਵਿੰਦਰ ਕੌਰ ਮੈਰੀਪੁਰ, ਸੁਖਜਿੰਦਰ ਸਿੰਘ ਡੁਮੇਵਾਲ ਆਦਿ ਮੌਜੂਦ ਸਨ।

## ਪਾਣੀ ਦੀ ਇੱਕ ਬੂੰਦ ਵੀ ਸਾਂਝੀ ਨਹੀਂ ਕੀਤੀ ਜਾਵੇਗੀ : ਜਿੰਪਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ 'ਤੇ ਬੀ.ਬੀ.ਐਮ.ਬੀ ਵਲੋਂ ਹਰਿਆਣਾ ਨੂੰ ਜਬਰਨ 8500 ਕਿਊਸਿਕ ਵਾਧੂ ਪਾਣੀ ਛੱਡੇ ਜਾਣ ਦੇ



ਫੈਸਲੇ ਦੇ ਵਿਰੋਧ ਵਿਚ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਅਗਵਾਈ ਵੀ ਲੇਬਰ ਸ਼ੈਡ ਤੋਂ ਭਾਜਪਾ ਦਫ਼ਤਰ ਹੁਸ਼ਿਆਰਪੁਰ ਤੱਕ ਜ਼ੋਰਦਾਰ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਜਿੰਪਾ ਨੇ ਕਿਹਾ ਕਿ ਪੰਜਾਬ ਕੋਲ ਕੇਵਲ ਆਪਣੇ ਹਿੱਸੇ ਦਾ ਹੀ ਪਾਣੀ ਹੈ ਜਿਸ ਨੂੰ ਜ਼ਬਰਦਸਤੀ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਜ਼ਬਰਦਸਤੀ ਅਤੇ ਅੱਤਿਆਚਾਰ ਨੂੰ ਤੁਰੰਤ ਰੋਕਿਆ ਜਾਵੇ। ਆਪ ਪਾਰਟੀ ਦੇ ਵਰਕਰਾਂ ਅਤੇ ਵੱਡੀ ਗਿਣਤੀ ਵਿਚ ਮੌਜੂਦ ਨੇਤਾਵਾਂ ਨੇ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਭਾਜਪਾ ਅਤੇ ਬੀ.ਬੀ.ਐਮ.ਬੀ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਵਿਰੋਧ ਪ੍ਰਗਟ ਕੀਤਾ।ਵਿਧਾਇਕ ਜਿੰਪਾ ਨੇ ਕਿਹਾ ਕਿ ਹਰਿਆਣਾ ਪਹਿਲੇ ਹੀ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ ਅਤੇ ਹੁਣ 8500 ਕਿਊਸਿਕ ਪਾਣੀ ਜ਼ਬਰਦਸਤੀ ਲੈ ਕੇ ਪੰਜਾਬ ਨਾਲ ਬੇਇਨਸਾਫ਼ੀ ਕਰ ਰਿਹਾ ਹੈ ਜਿਸ ਨੂੰ ਪੰਜਾਬ ਸਰਕਾਰ ਵਲੋਂ ਕਦੇ ਵੀ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਦੀ ਕੇਂਦਰ ਸਰਕਾਰ ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੀਆਂ ਸਰਕਾਰਾਂ ਨਾਲ ਮਿਲ ਕੇ ਪੰਜਾਬ ਅਤੇ ਪੰਜਾਬੀਆਂ ਖਿਲਾਫ਼ ਗਹਿਰੀ ਸਾਜਿਸ਼ ਰਚੀ ਜਾ ਰਹੀ ਹੈ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੰਦੀਪ ਚੇਚੀ, ਕੌਂਸਲਰ ਬਲਵਿੰਦਰ, ਲੱਕੀ ਚੰਦਨ, ਸੰਤੋਸ਼ ਸੈਣੀ, ਸੁਮਨ, ਰਾਜਨ ਬਸੀ ਗੁਲਾਮ ਹੁਸੈਨ, ਪ੍ਰਿਤਪਾਲ, ਰਜਿੰਦਰ, ਬਿੰਦਾ, ਵੰਦਨਾ ਵੀ ਮੌਜੂਦ ਸਨ।

## ਮਜ਼ਦੂਰ ਜਮਾਤ ਨੂੰ ਇਕੱਠਿਆਂ ਹੋ ਕੇ ਸੰਘਰਸ਼ ਕਰਨਾ ਚਾਹੀਦਾ : ਗੁਲਜ਼ਾਰ ਸਿੰਘ ਗੋਰੀਆ





**ਬੰਗਾ (ਅਵਤਾਰ ਕਲੇਰ)** ਮਜ਼ਦੂਰ ਜਮਾਤ ਨੂੰ ਇਕੱਠਿਆਂ ਹੋ ਕੇ ਸੰਘਰਸ਼ ਕਰਨਾ ਚਾਹੀਦੀ ਹੈ ਤਾਂ ਹੀ ਲੜਾਈ ਜਿੱਤੀ ਜਾ ਸਕਦੀ ਹੈ।ਮਜ਼ਦੂਰਾਂ ਨੇ ਰੋਜ਼ਾਨਾ ਅੱਠ ਘੰਟੇ ਦੀ ਦਿਹਾੜੀ ਲਈ ਮਈ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਲੰਬੀ ਲੜਾਈ ਲੜੀ, ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਜਿੱਤ ਪ੍ਰਾਪਤ ਕੀਤੀ। ਅੱਜ ਵੀ ਇਸ 'ਤੇ ਪਹਿਰਾ ਦੇਣ ਦੀ ਲੋੜ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਸੀ ਪੀ ਆਈ ਦਫ਼ਤਰ ਨਵਾਂ ਸ਼ਹਿਰ ਵਿਖੇ ਮਈ ਦਿਵਸ ਤੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਸਭ ਤੋਂ ਪਹਿਲਾਂ ਪਾਰਟੀ ਦਫ਼ਤਰ ਵਿਖੇ ਝੰਡਾ ਲਹਿਰਾਇਆ ਗਿਆ। ਸਾਥੀਆਂ ਵਲੋਂ ਜ਼ੋਰਦਾਰ ਨਾਅਰੇ ਲਗਾਏ ਗਏ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਕਾਮਰੇਡ ਗੋਰੀਆ ਨੇ ਕਿਹਾ ਕਿ ਦੇਸ਼ ਅੰਦਰ ਖੇਤ ਮਜ਼ਦੂਰ ਸਭਾ ਦੀ ਸ਼ੁਰੂਆਤ ਖਾਨਖਾਨਾ ਪੰਜਾਬ ਤੋਂ 1954 ਚ ਹੋਈ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਸ਼ੁਰੂਆਤ 1968 ਚ ਹੋਈ। 1954 ਤੋਂ ਲੈ ਕੇ ਹੁਣ ਤੱਕ ਮਜ਼ਦੂਰ ਯੂਨੀਅਨ ਨੇ ਲੰਬੀਆਂ ਲੜਾਈਆਂ ਲੜੀਆਂ, ਕੁਰਬਾਨੀਆਂ ਦਿੱਤੀਆਂ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਕਾਮਰੇਡ ਮਲਕੀਤ ਚੰਦ ਮੇਹਲੀ ਨੇ ਮਜ਼ਦੂਰਾਂ ਅਤੇ ਗਰੀਬਾਂ ਲਈ ਲੜਾਈ ਲੜੀ ਅਤੇ ਸ਼ਹੀਦੀ ਪ੍ਰਾਪਤ ਕੀਤੀ। ਉਹ ਤਾਕਤਾਂ ਦੇਸ਼ ਤੇ ਰਾਜ ਕਰ ਰਹੀਆਂ ਹਨ ਜਿਨ੍ਹਾਂ ਦਾ ਦੇਸ਼ ਆਜ਼ਾਦੀ ਅੰਦੋਲਨ ਵਿੱਚ ਕੋਈ ਵੀ ਯੋਗਦਾਨ ਨਹੀਂ ਰਿਹਾ। ਕੇਂਦਰ ਦੀ ਮੋਦੀ ਸਰਕਾਰ ਅੰਬਾਨੀਆ ਅਤੇ ਅੰਡਾਨੀਆ ਦੇ ਘਰ ਭਰ ਰਹੇ ਹਨ। ਡਾ ਭੀਮ ਰਾਓ ਅੰਬੇਡਕਰ ਜੀ ਦਾ ਲਿਖਿਆ ਹੋਇਆ ਸੰਵਿਧਾਨ ਬਦਲਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਹਨਾਂ ਕਿਹਾ ਕਿ 20 ਮਈ ਨੂੰ ਮਜ਼ਦੂਰਾਂ, ਕਿਸਾਨਾਂ ਵਲੋਂ ਹੜਤਾਲ ਕੀਤੀ ਜਾਵੇਗੀ ਅਤੇ 10 ਜੂਨ ਨੂੰ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਜ਼ਿਲ੍ਹਾ ਹੈਡਕੁਆਰਟਰਾਂ ਤੇ ਧਰਨੇ ਦਿੱਤੇ ਜਾਣਗੇ ਅਤੇ ਰਾਸ਼ਟਰਪਤੀ ਦੇ ਨਾਂਅ ਤੇ ਮੰਗ ਪੱਤਰ ਸੌਂਪਿਆ ਜਾਵੇਗਾ। ਸਾਥੀ ਗੋਰੀਆ ਨੇ ਕਿਹਾ ਕਿ ਮਈ ਦਿਵਸ ਦੇ ਸ਼ਹੀਦਾਂ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਮਜ਼ਦੂਰ ਜਮਾਤਾਂ, ਖੱਬੀਆਂ ਧਿਰਾਂ ਨੂੰ ਇਕੱਠਿਆਂ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ, ਤਾਂ ਜੋ ਸਾਮਰਾਜੀ ਤਾਕਤਾਂ ਨੂੰ ਹਰਾਇਆ ਜਾ ਸਕੇ। ਇਸ ਮੌਕੇ ਆਰ ਐਮ ਪੀ ਆਈ ਆਗੂ ਹਰਪਾਲ ਸਿੰਘ ਜਗਤਪੁਰ ਨੇ ਵੀ ਸੰਬੋਧਨ ਕੀਤਾ। ਅੰਤ 'ਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਨਰੰਜਣ ਦਾਸ ਮੇਹਲੀ ਜ਼ਿਲ੍ਹਾ ਸਕੱਤਰ, ਜਸਵਿੰਦਰ ਸਿੰਘ ਭੰਗਲ ਸਹਾਇਕ ਜ਼ਿਲ੍ਹਾ ਸਕੱਤਰ, ਗੁਰਮੇਲ ਨਵਾਂ ਸ਼ਹਿਰ ਜਨਰਲ ਸਕੱਤਰ ਪੈਨਸ਼ਨਰਜ਼ ਯੂਨੀਅਨ, ਜਗਤਾਰ ਸਿੰਘ ਪੁੰਨੂੰ ਮਜ਼ਾਰਾ, ਜਸਵਿੰਦਰ ਰਾਹੋਂ,ਦਸੌਂਧਾ ਸਿੰਘ, ਜੋਗਿੰਦਰ ਜੋਗੀ, ਰਾਜ ਕੁਮਾਰ ਸੋਢੀ,ਹਰੀ ਬਿਲਾਸ ਹੀਓ, ਰਾਜਵੀਰ ਕੌਰ ਰਾਹੋਂ, ਹਰਦੀਪ ਕੌਰ ਰਾਹੋਂ, ਅਮਰਜੀਤ ਕੌਰ ਤੋਂ ਇਲਾਵਾ ਪਾਰਟੀ ਵਰਕਰ ਹਾਜ਼ਰ ਸਨ।

## ਬੀ ਬੀ ਐੱਮ ਬੀ ਦਾ ਫੈਸਲਾ ਪੰਜਾਬ ਨਾਲ ਧੱਕਾ : ਚੱਬੇਵਾਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਪੰਜਾਬ ਸਰਕਾਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਪੰਜਾਬ ਦੇ ਹਿੱਸੇ 'ਚੋਂ ਗੁਆਂਢੀ ਸੂਬੇ ਹਰਿਆਣਾ ਨੂੰ ਭਾਖੜਾ ਡੈਮ ਤੋਂ ਵੱਧੀ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕਾ ਅਤੇ ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ ਕਰਾਰ ਦਿੱਤਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲੇ ਨੂੰ ਪੰਜਾਬ ਦੇ ਪਾਣੀਆਂ 'ਤੇ ਡਾਕਾ ਦੱਸਦਿਆਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਦੇ ਹਿੱਤਾਂ ਨਾਲ ਜੁੜੇ ਇਸ ਗੰਭੀਰ ਮੁੱਦੇ 'ਤੇ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਨੂੰ ਪੰਜਾਬ ਦੇ ਹਿੱਤ ਲਈ ਖੜ੍ਹਨਾ ਚਾਹੀਦਾ ਹੈ ਤਾਂ ਜੋ ਸੰਘੀ ਢਾਂਚੇ 'ਤੇ ਹਮਲੇ ਦੀ ਇਸ ਕੋਝੀ ਸਾਜ਼ਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੁਆਉਣ ਲਈ ਪੰਜਾਬ ਦੀ ਬਾਂਹ ਮਰੋੜਨੀ ਸੂਬਿਆਂ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ ਜੋ ਕਿ ਨਾ ਸਹਿਣਯੋਗ ਹੈ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੰਜਾਬ ਕੋਲ ਆਪਣੇ ਕਿਸਾਨਾਂ ਜਰੂਰਤਾਂ ਤੋਂ ਵੱਧ ਪਾਣੀ ਹੈ ਹੀ ਨਹੀਂ ਇਸ ਲਈ ਹਰਿਆਣਾ, ਜੋ ਹੁਣ ਤੱਕ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ, ਨੂੰ ਹੋਰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਵਲੋਂ ਬੋਰਡ ਦੀ ਮੀਟਿੰਗ ਸੱਦ ਕੇ ਗੈਰ-ਕਾਨੂੰਨੀ ਢੰਗ ਨਾਲ ਮਤਾ ਪਾਸ ਕਰਕੇ ਪੰਜਾਬ ਦੇ ਹੱਕਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਪੰਜਾਬ ਸਰਕਾਰ ਸੂਬੇ ਦਾ ਹੱਕ ਖੋਹਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਲੋੜੇ ਸਿਆਸੀ ਹਿੱਤਾਂ ਨੂੰ ਲਾਂਭੇ ਕਰਦਿਆਂ ਸਾਰੀਆਂ ਪਾਰਟੀਆਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣਾ ਚਾਹੀਦਾ ਹੈ।

## ਸਿਵਲ ਏਅਰਪੋਰਟ ਵਿਖੇ ਲੇਬਰ ਡੇ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਸਿਵਲ ਏਅਰ ਪੋਰਟ ਆਦਮਪੁਰ ਦੋਆਬਾ ਵਿਖੇ ਲੇਬਰ-ਡੇ ਏਅਰ ਪੋਰਟ ਅਥਾਰਟੀ ਵਲੋਂ ਪੰਜਾਬ ਪੁਲਿਸ ਦੇ ਸਹਿਯੋਗ ਨਾਲ ਮਨਾਇਆ ਗਿਆ। ਜਿਸ ਵਿੱਚ ਏ ਪੀ ਡੀ ਡਾਇਰੈਕਟਰ ਪ੍ਰਵਿੰਦਰ ਕੁਮਾਰ ਨਿਰਾਲਾ ਉਚੇਚੇ ਤੌਰ 'ਤੇ ਪੁੱਜੇ। ਸਿਵਲ ਏਅਰ ਪੋਰਟ ਵਿਖੇ ਕੰਮ ਕਰਦੇ ਲੇਬਰ



ਕਰਿੰਦਿਆਂ ਲਈ ਅਫਸਰ ਸਹਿਬਾਨ ਵੱਲੋਂ ਜਲ ਪਾਣੀ ਦਾ ਪ੍ਰਬੰਧ ਕੀਤਾ ਗਿਆ ਤੇ ਉਨ੍ਹਾਂ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਬੂਟੇ ਵੀ ਲਗਾਏ। ਇਸ ਮੌਕੇ ਸੂਰਜ ਕੁਮਾਰ ਇੰਜੀਨੀਅਰ, ਮੋਹਨ ਪਵਾਰ ਮੈਨੇਜਰ, ਜਤਿੰਦਰ, ਕਮਲਜੀਤ, ਜਗਦੀਪ, ਅਨਮੋਲ ਤੋਂ ਇਲਾਵਾ ਇੰਸਪੈਕਟਰ ਸ਼ਰਨਜੀਤ ਸਿੰਘ ਅਤੇ ਏ ਐਸ ਆਈ ਅਨਿਲ ਕੁਮਾਰ, ਕਮਲਜੀਤ ਸਿੰਘ, ਨਰੇਸ਼ ਕੁਮਾਰ ਹਾਜ਼ਰ ਸਨ।

## ਅੰਬੇਡਕਰ ਫੋਰਸ ਟਾਂਡਾ ਨੇ 'ਫੂਲੇ' ਫਿਲਮ ਦਿਖਾਈ

**ਅੱਡਾ ਸਰਾਂ (ਜਸਵੀਰ ਕਾਜਲ)**- ਅੰਬੇਡਕਰ ਫੋਰਸ ਟਾਂਡਾ ਵੱਲੋਂ ਲੱਖੀ ਸਿਨੇਮਾ ਵਿੱਚ ਫੂਲੇ ਫਿਲਮ ਦਿਖਾਈ ਗਈ। ਟਾਂਡਾ ਉੜਮੁੜ ਨਜ਼ਦੀਕ ਇਲਾਕੇ ਵਿੱਚ ਇਸ ਫਿਲਮ ਲਈ ਭਾਰੀ ਉਤਸ਼ਾਹ ਸੀ,



ਪਹਿਲੇ ਦਿਨ ਹੀ ਹਾਊਸ ਫੁੱਲ ਰਿਹਾ। ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਅਗਲੇ ਸ਼ੋ ਬੁੱਕ ਕਰ ਤਰੀਕ ਸਾਂਝੀ ਕੀਤੀ ਜਾਵੇਗੀ। ਅੰਬੇਡਕਰ ਫੋਰਸ ਪ੍ਰਬੰਧਕਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਹਾਤਮਾ ਜੋਤੀਬਾ ਫੂਲੇ ਅਤੇ ਸਵਿਤਰੀ ਬਾਈ ਫੂਲੇ ਦੇ ਜੀਵਨ 'ਤੇ ਅਧਾਰਤ ਫਿਲਮ ਔਰਤਾਂ ਅਤੇ ਸਮਾਜ ਦੇ ਬੱਚਿਆਂ ਨੂੰ ਜ਼ਰੂਰ ਦੇਖਣੀ ਚਾਹੀਦੀ। ਇਸ ਫਿਲਮ ਤੋਂ ਉਸ ਸਮੇਂ ਦੇ ਹਾਲਾਤ ਨੂੰ ਸੰਘਰਸ਼ਮਈ ਤਰੀਕੇ ਨਾਲ ਕਿਵੇਂ ਆਪਣੀ ਜ਼ਿੰਦਗੀ ਵਿੱਚ ਢਾਲ ਕੇ ਸਿੱਖਿਆ ਪ੍ਰਾਪਤ ਕੀਤੀ ਅਤੇ ਸਮਾਜ ਦੀਆਂ ਬੱਚੀਆਂ ਨੂੰ ਸਿੱਖਿਆ ਮੁਹਈਆ ਕਰਵਾਈ ਬਾਰੇ ਬਹੁਤ ਵਧੀਆ ਜਾਣਕਾਰੀ ਮਿਲਦੀ ਹੈ। ਇਸ ਮੌਕੇ ਅੰਬੇਡਕਰ ਫੋਰਸ ਦੇ ਪ੍ਰਬੰਧਕ ਪ੍ਰੇਮ ਜੌੜਾ, ਕੁਲਦੀਪ ਦੀਪਾ, ਜਗਦੀਸ਼ ਕੁਮਾਰ, ਸੁਮਨਦੀਪ ਸ਼ੰਮੀ, ਲੱਕੀ ਕੰਧਾਲਾ, ਨਰਿੰਦਰ ਨੀਟਾ ਲਾਡੀ ਟਾਂਡਾ, ਪਰਮਿੰਦਰ ਸਹਿਬਾਜ਼ਪੁਰ, ਪਰਮਵੀਰ ਆਗੂ ਭੀਮ ਆਰਮੀ, ਮੋਨੂ ਤੇਜੀ, ਕਛਨੀ ਜਹੂਰਾ, ਲੱਭਾ ਜਹੂਰਾ, ਸਾਬੀ ਗੜ੍ਹਦੀਵਾਲਾ, ਅਮਰਜੀਤ ਹੀਰ, ਚਮਨ ਪ੍ਰੀਤ ਕੰਧਾਲਾ, ਅਮਰੀਕ ਮੀਕਾ, ਹੈਪੀ ਹੀਰ,ਜਸਵੰਤ ਸਿੰਘ ,ਦਸ਼ਮੇਸ਼ ਨਗਰ, ਪਿੰਡ ਕੰਧਾਲਾ ਜੱਟਾਂ, ਪਿੰਡ ਜੌੜਾ, ਪਿੰਡ ਢੱਟਾਂ, ਗੜ੍ਹਦੀਵਾਲਾ, ਰੂਪੋਵਾਲਾ, ਧੂਤਕਲਾਂ, ਆਦਿ ਹੋਰ ਪਿੰਡਾਂ ਦੀਆਂ ਅੰਬੇਡਕਰੀ ਸਮਾਜ ਸੇਵੀ ਅਤੇ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਹਾਜ਼ਰ ਸਨ।

## ਸ਼ਿਕਾਗੋ ਦੇ ਸਹੀਦਾਂ ਤੇ ਪਹਿਲਗਾਮ 'ਚ ਮਾਰੇ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ



**ਖਰੜ (ਹਰਨਾਮ ਸਿੰਘ ਡੱਲਾ)** ਅੱਜ ਸਵੇਰੇ ਲੇਬਰ ਚੌਕ ਖਰੜ ਵਿਖੇ ਮਜਦੂਰ ਦਿਵਸ ਮਨਾਉਣ ਮੌਕੇ ਸਹਿਰ ਸ਼ਿਕਾਗੋ ਤੇ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਮਾਰੇ ਨਿਰਦੋਸ਼ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸਰਧਾਂਜ਼ਲੀ ਦਿੱਤੀ ਗਈ। ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਮੋਹਾਲੀ ,ਗਦਰੀ ਬਾਬੇ ਵਿਚਾਰਧਾਰਕ ਮੰਚ (ਪੰਜਾਬ) ਖਰੜ, ਪੰਜਾਬ ਬਿਜਲੀ ਨਿਗਮ ਮੰਡਲ ਖਰੜ ਅਤੇ ਐੱਮ ਐੱਸ ਯੂ ਮੰਡਲ ਖਰੜ ਵੱਲੋਂ ਮਨਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਸੁਰਿੰਦਰ ਸਿੰਘ ਬਡਾਲਾ,ਰਾਮ ਕਿਸਨ ਧੁਨਕੀਆ ਅਤੇ ਸੁਖਵਿੰਦਰ ਸਿੰਘ ਦੁਮਣਾ ਨੇ ਕੀਤੀ। ਇਸ ਮੌਕੇ 'ਤੇ ਹਰਜਿੰਦਰਪਾਲ ਸਿੰਘ ਡੱਲਾ ਨੇ ਲਾਲ ਝੰਡੇ ਦਾ ਗੀਤ ਸੁਣਾਇਆ ਅਤੇ ਜਗਦੇਵ ਸਿੰਘ ਰਡਿਆਲਾ ਨੇ ਵੀ ਕਵਿਤਾ ਪੇਸ਼ ਕੀਤੀ। ਉਪਰੰਤ ਤਰਲੋਚਨ ਸਿੰਘ,ਮੈਡਮ ਸਵਰਨਜੀਤ ਕੌਰ,ਮੰਗਤ ਖਾਨ,ਰਾਮ ਕਿਸਨ ਧੁਨਕੀਆ, ਕੰਮਲਜੀਤ ਸਿੰਘ,ਬਲਵਿੰਦਰ ਸਿੰਘ ਟੈਕਨੀਕਲ ਸਰਵਿਸਿਜ ਯੂਨੀਅਨ,ਪਰਮਜੀਤ ਸਿੰਘ ਸਕੱਤਰ ਸੀ ਪੀ ਐੱਮ ਤਹਿ:ਖਰੜ ਨੇ ਹਾਜਰੀਨ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਰਤੀਆਂ ਖਿਲਾਫ ਚਾਰ ਕੋਡ ਬਿੱਲ ਪਾਸ ਕਰਕੇ ਆਪਣੇ ਆਪ ਨੂੰ ਮਜ਼ਦੂਰ ਵਿਰੋਧੀ ਸਾਬਿਤ ਕਰ ਚੁੱਕੀ ਹੈ ਅਤੇ ਕਾਰਪੋਰੇਟ ਘਰਾਣਿਆਂ ਦੀ ਚਹੇਤੀ ਵੀ । ਇਹਨਾ ਕਾਲੇ ਕਾਨੂੰਨਾਂ ਵਿਰੁੱਧ ਮਜਦੂਰ ਜਥੇਬੰਦੀਆਂ ਲਗਾਤਾਰ ਸੰਘਰਸ ਕਰ ਰਹੀਆਂ ਹਨ।ਅਤੇ 20 ਮਈ 2025 ਨੂੰ ਦੇਸ ਵਿਆਪੀ ਹੜਤਾਲ ਦਾ ਐਲਾਨ ਕਰ ਚੁੱਕੀਆਂ ਹਨ। ਵੱਖ-ਵੱਖ ਬੁਲਾਰਿਆਂ ਨੇ ਦੇਸ ਭਰ ਕੀਤੀ ਜਾ ਰਹੀ ਹੜਤਾਲ ਦੀ ਹਮਾਇਤ ਕੀਤੀ ਹੈ। ਸ੍ਰੀ ਗੁਰੂ ਰਵਿਦਾਸ ਸਭਾ ਰਜਿ: ਖਰੜ ਦੇ ਪ੍ਰਧਾਨ ਮਦਨ ਲਾਲ ਜਨਾਗਲ ਨੇ ਮਜਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਦੀ ਸਭਾ ਗਰੀਬ ਬੱਚਿਆਂ ਦੀ ਉਚੇਰੀ ਪੜ੍ਹਾਈ ਲਈ ਮਦਦ ਕਰੇਗੀ ਕੋਈ ਵੀ ਮਜਦੂਰ ਆਪਣੇ ਬੱਚੇ ਦੀ ਪੜ੍ਹਾਈ ਲਈ ਮਦਦ ਲਈ ਸਾਨੂੰ ਮਿਲ ਸਕਦਾ ਹੈ। ਸੁਖਵਿੰਦਰ ਸਿੰਘ ਦੁੱਮਣਾ ਨੇ ਇਕੱਤਰ ਹੋਏ ਮੁਲਾਜਮਾਂ ਤੇ ਮਜਦੂਰਾਂ ਨੂੰ ਕਿਹਾ ਕਿ 20 ਮਈ ਦੀ ਦੇਸ ਵਿਆਪੀ ਹੜਤਾਲ ਵਿੱਚ ਵੱਧ ਤੋਂ ਵੱਧ ਸਮੂਲੀਅਤ ਕੀਤੀ ਜਾਵੇ।

## ਲਾਇਨਜ ਕਲੱਬ ਨੇ ਸਿਦਕ ਸਿੰਘ ਨੂੰ ਕੀਤਾ ਸਨਮਾਨਤ



**ਫਗਵਾੜਾ (ਡਾ. ਰਮਨ, ਢੱਡਾ)** ਲਾਇਨਜ ਕਲੱਬ ਫਗਵਾੜਾ ਵਲੋਂ ਇੱਥੋਂ ਦੇ ਹੋਣਹਾਰ ਨੌਜਵਾਨ ਸਿਦਕ ਸਿੰਘ ਨੂੰ ਸਿਵਲ ਸਰਵਿਸਿਸ 2024 (ਯੂ.ਪੀ.ਐਸ.ਈ.) ਦੀ ਪ੍ਰੀਖਿਆ ਪਾਸ ਕਰਨ 'ਤੇ ਸਨਮਾਨਤ ਕੀਤਾ ਗਿਆ। ਕਲੱਬ ਪ੍ਰਧਾਨ ਲਾਇਨ ਸਰਬਜੀਤ ਸਿੰਘ ਅਤੇ ਸਮੂਹ ਕਲੱਬ ਮੈਂਬਰਾਂ ਵਲੋਂ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਆਯੋਜਿਤ ਸਨਮਾਨ ਸਮਾਗਮ ਦੌਰਾਨ ਸਿਦਕ ਸਿੰਘ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਭੇਂਟ ਕੀਤਾ ਗਿਆ। ਕਲੱਬ ਦੇ ਚਾਰਟਰ ਪ੍ਰਧਾਨ ਸੁਖਵਿੰਦਰ ਸਿੰਘ ਟੈਰੀ ਨੇ ਕਿਹਾ ਕਿ ਸਿਦਕ ਸਿੰਘ ਨੇ ਆਪਣਾ ਅਤੇ ਆਪਣੇ ਪਰਵਾਰ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦਾ ਨਾਂਅ ਉੱਚਾ ਕੀਤਾ ਹੈ। ਸਿਦਕ ਸਿੰਘ ਨੇ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੋਸ਼ਿਸ਼ ਕਰਨ 'ਤੇ ਕਾਮਯਾਬੀ ਜ਼ਰੂਰ ਹਾਸਲ ਹੁੰਦੀ ਹੈ।ਇਸ ਮੌਕੇ ਲਾਇਨ ਜਸਵੀਰ ਡੱਬ, ਕਲੱਬ ਸਕੱਤਰ ਲਾਇਨ ਦੇਵ ਕਾਲੀਆ, ਲਾਇਨ ਸਰਬਜੀਤ ਸਿੰਘ, ਲਾਇਨ ਹਰਜਿੰਦਰ ਸਿੰਘ ਵਿਰਕ, ਲਾਇਨ ਗੁਰਦੇਵ ਸਿੰਘ ਬਾਂਸਲ, ਲਾਇਨ ਗੁਲਬਹਾਰ ਬੱਤਾ, ਲਾਇਨ ਬਲੀ ਰਾਮ, ਲਾਇਨ ਸੰਦੀਪ ਕੁਮਾਰ, ਲਾਇਨ ਨਵੀਨ ਕੁਮਾਰ, ਲਾਇਨ ਅਰਵਿੰਦਰ ਵਿੱਕੀ, ਲਾਇਨ ਨਵਜੋਤ ਸਿੰਘ ਆਦਿ ਹਾਜਰ ਸਨ।

## ਮਜ਼ਦੂਰ ਸਾਥੀਆਂ ਦਾ ਮੂੰਹ ਮਿੱਠਾ ਕਰਵਾਇਆ

**ਜਲੰਧਰ ( ਇਕਬਾਲ ਸਿੰਘ ਉਭੀ)** ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਜਿੰਦਰ ਬੇਰੀ ਨੇ ਲਾਡੋਵਾਲੀ ਰੋਡ ਵਿਖੇ ਮਜ਼ਦੂਰ ਸਾਥੀਆਂ ਦਾ ਮੂੰਹ ਮਿੱਠਾ



ਕਰਵਾਇਆ ਅਤੇ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ।ਉਨ੍ਹਾਂ ਕਿਹਾ ਕਿ ਸਾਰਾ ਦਿਨ ਮਿਹਨਤ ਕਰਕੇ ਆਪਣਾ ਘਰ ਚਲਾਉਂਦੇ ਹਨ ਅਤੇ ਸਮਾਜ ਦਾ ਫਰਜ਼ ਬਣਦਾ ਹੈ ਕਿ ਇਹਨਾਂ ਦੀ ਮਜ਼ਦੂਰੀ ਸਮੇਂ ਸਿਰ ਦਿੱਤੀ ਜਾਵੇ ਤਾਂ ਕਿ ਇਹ ਲੋਕ ਵੀ ਖੁਸ਼ਹਾਲ ਜੀਵਨ ਬਤੀਤ ਕਰ ਸਕਣ। ਇਹ ਦੇਸ਼ ਦੇ ਨਿਰਮਾਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ । ਇਸ ਮੌਕੇ 'ਤੇ ਜਗਜੀਤ ਸਿੰਘ ਜੀਤਾ, ਸੁਧੀਰ ਘੁੱਗੀ, ਰਮਨ ਬਹਿਲ ਆਦਿ ਹਾਜਰ ਸਨ।

## ਜਨਤਕ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਮਈ ਦਿਵਸ ਮਨਾਇਆ

**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ ਵਲੋਂ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਵਿਖੇ ਝੰਡਾ ਝੁਲਾਉਣ ਉਪਰੰਤ ਸਾਥੀ ਨਿਰੰਜਨ ਸਿੰਘ ਪਨਾਮ ਦੀ ਪ੍ਰਧਾਨਗੀ ਹੇਠ ਮਈ ਦਿਵਸ ਮਨਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਨਾਲ ਨਾਲ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਨਿਰਦੋਸ਼ ਨਾਗਰਿਕਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਸਕੱਤਰ ਗੁਲਜਾਰ ਗੋਰੀਆ ਨੇ ਸੰਬੋਧਨ ਕਰਦਿਆਂ ਕਿਰਤੀ ਵਰਗ ਲਈ ਮਈ ਦਿਵਸ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਅੱਜ ਦੇ ਦੌਰ ਵਿਖੇ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਕਿਰਤੀਆਂ ਦੇ ਹੱਕਾਂ ਨੂੰ ਕੁਚਲਣ ਲਈ ਕਿਰਤ ਕਾਨੂੰਨਾਂ ਦੀ ਥਾਂ ਤੇ ਚਾਰ ਕੋਡ ਬਣਾਉਣ ਦੀ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨੱਾਂ ਦੇਸ਼ ਦੇ ਕਿਰਤੀਆਂ ਨੂੰ ਧਰਮ, ਜਾਤ ਅਤੇ ਫਿਰਕੇ ਦੇ ਅਧਾਰ ਤੇ ਵੰਡਣ ਦੀਆਂ ਬੀਜੇਪੀ ਦੀਆਂ ਕੋਸ਼ਿਸ਼ਾਂ ਤੋਂ ਸੁਚੇਤ ਰਹਿੰਦਿਆਂ ਆਪਣੀ ਏਕਤਾ ਮਜਬੂਤ ਕਰਨ ਦਾ ਸੱਦਾ ਦਿੱਤਾ। ਮਈ ਦਿਵਸ ਸਮਾਗਮ ਨੂੰ ਹੋਰਨਾਂ ਤੋਂ ਬਿਨਾਂ ਕੁਲਦੀਪ ਸਿੰਘ ਦੌੜਕਾ, ਨਿਰੰਜਣ ਦਾਸ ਮੇਹਲੀ, ਜਗਤਾਰ ਸਿੰਘ ਪੁੰਨੂ ਮੁਜਾਰਾ, ਹਰਪਾਲ ਸਿੰਘ ਜਗਤਪੁਰ, ਜਸਵਿੰਦਰ ਸਿੰਘ ਭੰਗਲ, ਸੁਰਿੰਦਰ ਭੱਟੀ, ਕਰਨੈਲ ਸਿੰਘ ਰਾਹੋਂ, ਜਸਵੀਰ ਸਿੰਘ ਮੋਰੋਂ ਆਦਿ ਨੇ ਵੀ ਸੰਬੋਧਨ ਕੀਤਾ। ਆਗੂਆਂ ਨੇ ਕਿਰਤੀ ਵਰਗ ਨੂੰ ਦੇਸ਼ ਦੇ ਸੰਵਿਧਾਨ, ਜਮਹੂਰੀਅਤ ਅਤੇ ਆਪਸੀ ਭਾਈਚਾਰਕ ਏਕਤਾ ਦੀ ਰਾਖੀ ਕਰਨ ਦੇ ਨਾਲ ਨਾਲ ਆਪਣੇ ਹੱਕਾਂ ਦੀ ਰਾਖੀ ਲਈ ਸਾਂਝੇ ਸੰਘਰਸ਼ ਉਸਾਰਨ ਦਾ ਸੱਦਾ ਦਿੱਤਾ। ਇਸ ਸਮੇਂ ਦਸੌਂਧਾ ਸਿੰਘ, ਗੁਰਮੇਲ ਚੰਦ, ਹਰੀ ਬਿਲਾਸ, ਗੁਰਦਿਆਲ ਸਿੰਘ, ਰਾਮ ਪਾਲ, ਰੇਸ਼ਮ ਲਾਲ, ਰਾਜਵੀਰ ਕੌਰ, ਅਮਰਜੀਤ ਕੌਰ, ਸੋਢੀ ਰਾਮ ਸਰਪੰਚ, ਪਰਮਜੀਤ, ਕਰਨੈਲ ਚੰਦ, ਜਗਿੰਦਰ ਪਾਲ, ਦੇਸ ਰਾਜ ਬੱਜੋਂ, ਕ੍ਰਿਸ਼ਨ ਬਾਲੀ, ਰਾਮ ਸਾਹਿਲ, ਗਰੀਬ ਦਾਸ, ਸੋਹਣ ਸਿੰਘ, ਸੁਖਦੇਵ ਸਿੰਘ ਆਦਿ ਹਾਜ਼ਰ ਸਨ।

## ਕੇਂਦਰ ਅਤੇ ਹਰਿਆਣਾ ਸਰਕਾਰ ਸੱਤਾ ਦੀ ਦੁਰਵਰਤੋਂ ਕਰ ਰਹੀ : ਰੰਧਾਵਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਵਿਧਾਇਕ ਡੇਰਾਬੱਸੀ ਸਰਦਾਰ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਟੀਮ ਨੇ ਕੇਂਦਰ ਦੀ ਤੇ ਹਰਿਆਣਾ ਦੀ ਬੀਜੇਪੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ।ਇਸ ਮੌਕੇ ਵਿਧਾਇਕ ਰੰਧਾਵਾ ਨੇ ਹਰਿਆਣਾ ਅਤੇ ਕੇਂਦਰ ਵਿੱਚ ਆਪਣੀ ਸੱਤਾ ਦੀ ਦੁਰਵਰਤੋਂ ਕਰਕੇ ਪੰਜਾਬ ਨੂੰ ਉਸਦੇ ਪਾਣੀਆਂ ਤੋਂ ਵਾਂਝੇ ਕਰਨ ਦੀ ਸਾਜ਼ਿਸ਼ ਲਈ ਭਾਜਪਾ ਦੀ ਨਿੰਦਾ ਕਰਦੇ ਹੋਏ, ਸਾਡੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਸਪੱਸ਼ਟ ਤੌਰ 'ਤੇ ਕਹਿ ਦਿੱਤਾ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਪਾਣੀ ਦੀ ਇੱਕ ਵੀ ਬੂੰਦ ਨਹੀਂ ਹੈ। ਹਰ ਸਾਲ ਬੀਬੀਐਮਬੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨੂੰ ਪਾਣੀ ਵੰਡਦਾ ਹੈ, ਜੋ ਕਿ ਅਗਲੇ ਸਾਲ 21 ਮਈ ਤੋਂ 20 ਮਈ ਤੱਕ ਲਾਗੂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਬੀ ਬੀ ਐਮ ਬੀ ਨੇ ਰਾਜਸਥਾਨ, ਹਰਿਆਣਾ ਅਤੇ ਪੰਜਾਬ ਨੂੰ ਕ੍ਰਮਵਾਰ 3.318 ਐਮਏਐਫ, 2.987 ਐਮਏਐਫ ਅਤੇ 5.512 ਐਮਏਐਫ ਪਾਣੀ ਵੰਡਿਆ ਹੈ ਤੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਇਸ ਸਾਲ 31 ਮਾਰਚ ਤੱਕ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਲਈ ਸੀ ਜਿਸ ਤੋਂ ਬਾਅਦ ਸੰਕਟ ਪੈਦਾ ਹੋ ਗਿਆ ਸੀ। ਉਨਾਂ ਕਿਹਾ ਕਿ ਪੰਜਾਬ ਦਾ ਪਾਣੀ ਸੂਬੇ ਦਾ ਹੈ ਅਤੇ ਕਿਸੇ ਨੂੰ ਵੀ ਸੂਬੇ ਨੂੰ ਇਸ ਤੋਂ ਵਾਂਝਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਸੇ ਨੂੰ ਵੀ ਪੰਜਾਬ ਨੂੰ ਉਸਦੇ ਜਾਇਜ਼ ਹਿੱਸੇ ਤੋਂ ਵਾਂਝਾ ਨਹੀਂ ਕਰਨ ਦੇਵੇਗੀ। ਉਨ੍ਹਾਂ ਸਪੱਸ਼ਟ ਤੌਰ ਤੇ ਕਿਹਾ ਕਿ ਭਾਜਪਾ ਹਰਿਆਣਾ ਅਤੇ ਕੇਂਦਰ ਵਿੱਚ ਆਪਣੀ ਸਰਕਾਰ ਰਾਹੀਂ ਸੂਬੇ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਮੰਦਭਾਗਾ ਹੈ ਕਿ ਬੀਬੀਐਮਬੀ ਪੰਜਾਬ ਦੇ ਪਾਣੀ ਦੇ ਹਿੱਸੇ ਨੂੰ ਲੁੱਟਣ ਲਈ ਹਰ ਰੋਜ਼ ਨਵੇਂ ਮਤੇ ਪਾਸ ਕਰ ਰਹੀ ਹੈ। ਵਿਧਾਇਕ ਰੰਧਾਵਾ ਨੇ ਦੁਹਰਾਇਆ ਕਿ ਸੂਬਾ ਸਰਕਾਰ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕਿਸੇ ਨੂੰ ਵੀ ਸਾਡੇ ਪਾਣੀਆਂ ਨੂੰ ਸਾਡੇ ਤੋਂ ਲੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਮਜ਼ਦੂਰ ਦਿਵਸ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** 01 ਮਈ ਮਜਦੂਰ ਦਿਵਸ ਤੇ ਪੰਜਾਬ ਗੌਰਮੈਂਟ ਟ੍ਰਾਂਸਪੋਰਟ ਵਰਕਰਜ ਯੂਨੀਅਨ (ਏਟਕ)ਪੰਜਾਬ ਰੋਡਵੇਜ ਦੇ ਵਰਕਸਾਪ ਦੇ ਗੇਟ ਤੇ ਸ਼ਿਕਾਗੋ ਦੇ ਸਹੀਦਾਂ ਦੀ ਯਾਦ ਵਿੱਚ ਲਾਲ ਝੰਡਾ ਲਹਿਰਾਇਆ ਗਿਆ। ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਜਨਰਲ ਸਕੱਤਰ



ਬਿਕਰਮਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਸਰਕਾਰ ਵਲੋ ਨਵੇਂ ਚਾਰ ਕੋਡ ਲਿਆਂਦੇ ਜਾ ਰਹੇ ਹਨ, ਜਦ ਕੇ 1886 ਵਿੱਚ ਮਜਦੂਰ ਜਮਾਤ ਵਲੋ ਸੰਘਰਸ ਕਰਕੇ 8 ਘੰਟੇ ਡਿਊਟੀ ਐਤਵਾਰ ਦੀ ਪੱਕੀ ਛੁੱਟੀ ਕੀਤੀ ਗਈ ਹੈ, ਹੁਣ ਸਰਕਾਰ ਫਿਰ ਤੋਂ 12 ਘੰਟੇ ਦਾ ਕਾਨੂੰਨ ਲਿਆ ਰਹੀ ਹੈ। ਅੱਜ ਦੇ ਸਮੇਂ ਵਿੱਚ 12 ਘੰਟੇ ਦੀ ਬਜਾਏ 6 ਘੰਟੇ ਸਮਾਂ ਕਰਨਾ ਚਾਹੀਦਾ ਹੈ, ਤਾਂ ਜੋ ਬੇਰੋਜ਼ਗਾਰ ਲੋਕਾਂ ਨੂੰ ਵੀ ਰੋਜਗਾਰ ਮਿਲ ਸਕੇ। 1 ਮਈ ਮਜਦੂਰ ਦਿਵਸ ਭਾਰਤ ਵਿੱਚ ਪਹਿਲੀ ਵਾਰ 1923 ਵਿੱਚ ਮਨਾਇਆ ਗਿਆ ਅਤੇ ਸ਼ਿਕਾਗੋ ਦੇ ਸਹੀਦਾਂ ਨੂੰ ਸਰਧਾਂਜਲੀ ਦਿੱਤੀ ਗਈ। ਉਸੇ ਦਿਨ ਤੋਂ ਇਹ ਦਿਵਸ ਭਾਰਤ ਵਿੱਚ ਮਨਾਇਆ ਜਾ ਰਿਹਾ ਹੈ ਅਤੇ ਇਸੇ ਤਰ੍ਹਾਂ ਹੀ ਅਸੀਂ ਅੱਗੇ ਵੀ ਇਹ ਦਿਵਸ ਮਨਾਉਂਦੇ ਰਹਾਂਗੇ ਅਤੇ ਸ਼ਿਕਾਗੋ ਦੇ ਸਹੀਦਾਂ ਨੂੰ ਸਰਧਾਂਜਲੀ ਦਿੰਦੇ ਰਵਾਂਗੇ। ਪੰਜਾਬ ਰੋਡਵੇਜ ਦੀਆਂ ਮੰਗਾਂ ਸਬੰਧੀ ਦੱਸਿਆ ਕਿ ਪਿਛਲੇ ਸਮੇਂ ਪੰਜਾਬ ਰੋਡਵੇਜ ਦੇ ਫਲੀਟ ਵਿੱਚ 2407 ਬੱਸਾਂ ਸੀ ਹੁਣ ਦੇ ਸਮੇਂ ਘੱਟ ਹੁੰਦੀ ਹੁੰਦੀ 1000 ਬੱਸ ਹੀ ਰਹਿ ਗਈ ਹੈ। ਉਹਨਾਂ ਵਿੱਚੋਂ ਵੀ ਕਈ ਬੱਸਾਂ ਸਪੇਅਰ ਪਾਰਟ ਨਾ ਹੋਣ ਕਾਰਨ ਵਰਕਸਾਪ ਵਿੱਚ ਖੜੀਆਂ ਹਨ । ਪੰਜਾਬ ਰੋਡਵੇਜ ਵਿਚ 10000 ਦੇ ਕਰੀਬ ਨਵੀਆ ਬੱਸਾਂ ਪਾਈਆਂ ਜਾਣ। ਭਗਵੰਤ ਮਾਨ ਸਰਕਾਰ ਵਲੋ ਕੱਚੇ ਮੁਲਾਜਮ ਭਾਰਤੀ ਕਰਕੇ 9200 ਰੁਪਏ: ਤਨਖਾਹ ਦੇ ਕੇ 12-12 ਘੰਟੇ ਕੰਮ ਲੇ ਰਹੀ ਹੈ, ਮਜਦੂਰ ਵਰਕਰ ਨਾਲ ਸੋਸਣ ਕੀਤਾ ਜਾ ਰਿਹਾ ਹੈ ਹੁਣ ਦੇ ਸਮੇਂ ਵਿੱਚ 35000 ਰੁਪਏ: ਕਿਰਤ ਆਮਦਨ ਵੀ ਘਟ ਹੈ ਅੱਜ ਦੇ ਸਮੇਂ ਵਿੱਚ 12 ਘੰਟੇ ਦੀ ਬਜਾਏ 6 ਘੰਟੇ ਸਮਾਂ ਕਰਨਾ ਚਾਹੀਦਾ ਹੈ ਤਾਂ ਜੋ ਬੇਰੋਜਗਾਰ ਲੋਕਾਂ ਨੂੰ ਵੀ ਰੋਜਗਾਰ ਮਿਲ ਸਕੇ। ਪੁਰਾਣੀ ਪੈਨਸਨ ਬਹਾਲ ਕੀਤੀ ਜਾਵੇ, ਕੱਚੇ ਮੁਲਾਜਮ ਪੱਕੇ ਕੀਤੇ ਜਾਣ,ਜੋ ਲਮੇ ਸਮੇਂ ਤੋਂ ਪੇਂਡਿੰਗ ਪ੍ਰਮੋਸਨਾਂ ਕੀਤੀਆ ਜਾਣ। ਇਸ ਮੌਕੇ ਪ੍ਰਧਾਨ ਬਲਬੀਰ ਸਿੰਘ ਨੇ ਦੱਸਿਆ ਕਿ 20 ਮਈ ਨੂੰ ਭਾਰਤ ਬੰਦ ਦੇ ਸੱਦੇ 'ਤੇ ਸਾਡੇ ਵਲੋ ਸਮੱਰਥਨ ਦਿੱਤਾ ਜਾਵੇਗਾ। ਕੈਸੀਅਰ ਅੰਮ੍ਰਿਤਪਾਲ ਸਿੰਘ ਅਤੇ ਮੀਤ ਪ੍ਰਧਾਨ ਮਲਕੀਤ ਸਿੰਘ,ਚੇਅਰਮੈਨ ਗੁਰਜੀਤ ਸਿੰਘ ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੀਸ ਕੁਮਾਰ, ਗੁਰਜੀਤ ਸਿੰਘ, ਜਰਨੈਲ ਰਾਮ, ਗੁਰਚਰਨ ਸਿੰਘ, ਲਵਪ੍ਰੀਤ ਸਿੰਘ, ਸੋਮਲਾਲ, ਅਵਤਾਰ ਸਿੰਘ ਆਦਿ ਹਾਜਰ ਸਨ।

# ਪਰਸ਼ੂਰਾਮ ਦਾ ਪ੍ਰਗਟ ਦਿਵਸ ਉਤਸ਼ਾਹ-ਪੂਰਵਕ ਮਨਾਇਆ ਗਿਆ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)**= ਬੀਤੇ ਦਿਨ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਪ੍ਰਗਟ ਦਿਵਸ ਸ਼੍ਰੀ ਬ੍ਰਾਹਮਣ ਸਭਾ ਰਜਿ. ਨੂਰਮਹਿਲ ਵੱਲੋਂ ਮੰਦਿਰ ਸ਼੍ਰੀ ਪਰਸ਼ੂਰਾਮ ਨਜ਼ਦੀਕ ਦੁਸਹਿਰਾ ਗਰਾਉਂਡ ਵਿਖੇ ਪ੍ਰਧਾਨ ਚੇਤਨ ਤਿਵਾੜੀ ਅਤੇ ਚੇਅਰਮੈਨ ਸੁਰਿੰਦਰ ਸ਼ਰਮਾ ਦੀ ਨਿਗਰਾਨੀ ਵਿੱਚ ਉਤਸ਼ਾਹ ਪੂਰਵਕ ਮਨਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਸਰਧਾਲੂਆ ਤੋਂ ਇਲਾਵਾ ਹੋਰ ਧਰਮਾਂ ਦੇ ਲੋਕ ਵੀ ਨਤਮਸਤਕ ਹੋਣ ਲਈ ਆਏ. ਸਵੇਰੇ 6 ਵਜੇ ਭਗਵਾਨ ਸ਼੍ਰੀ



ਪਰਸ਼ੂਰਾਮ ਜੀ ਦੇ ਸਰੂਪ ਦੇ ਇਸ਼ਨਾਨ ਉਪਰੰਤ ਵਿਧੀ ਵਿਧਾਨ ਸਹਿਤ ਹਵਨ ਯੱਗ ਕਰਵਾਇਆ ਗਿਆ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ. 12 ਵਜੇ ਤੋਂ ਨਿਰੋਲ ਧਾਰਮਿਕ ਸਟੇਜ ਪ੍ਰੋਗਰਾਮ ਰਾਹੀਂ ਉੱਘੇ ਗਾਇਕ 'ਦੀਪ' ਨੇ ਪ੍ਰਭੂ ਚਰਣਾ 'ਚ ਹਾਜਰੀ ਲਗਵਾਈ। ਅਤੇ ਆਪਣੀ ਸੁਰੀਲੀ ਆਵਾਜ਼ ਰਾਹੀਂ ਸ਼ਰੋਤਿਆਂ ਦੀ ਵਾਹ ਵਾਹ ਖੱਟੀ । ਇਸ ਮੌਕੇ ਸਿਆਸੀ ਜਗਤ ਤੋਂ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ, ਸੁਸ਼ੀਲ ਰਿੰਕੂ ਸਾਬਕਾ ਮੈਂਬਰ ਪਾਰਲੀਮੈਂਟ, ਸ. ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਸ਼੍ਰੀਮਤੀ ਮਾਨ ਨੇ ਇਸ ਸ਼ੁੱਭ ਦਿਹਾੜੇ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਸ਼ੁੱਭ-ਕਾਮਨਾਵਾਂ ਭੇਂਟ ਕੀਤੀਆਂ ਅਤੇ ਬ੍ਰਾਹਮਣ ਸਮਾਜ ਦੀ ਮੰਗ ਤੇ ਪੁਰਾਣੇ ਬੱਸ ਅੱਡੇ ਵਿਖੇ ਇਕ ਸੁੰਦਰ ਚੌਂਕ ਬਣਾਕੇ ਉਸ ਦਾ ਨਾਮ ਭਗਵਾਨ ਪਰਸ਼ੂਰਾਮ ਚੌਂਕ ਰੱਖਣ ਦਾ ਐਲਾਨ ਵੀ ਕੀਤਾ. ਸ. ਵਡਾਲਾ ਅਤੇ ਸ਼੍ਰੀ ਰਿੰਕੂ ਨੇ ਵੀ ਸ਼ੁੱਭ-ਕਾਮਨਾਵਾਂ ਤੋਂ ਇਲਾਵਾ ਮੰਦਿਰ ਨੂੰ ਹਰ ਸੰਭਵ ਸਹਾਇਤਾ ਦੇ ਦਾ ਵਾਅਦਾ ਕੀਤਾ। ਇਹਨਾਂ ਤੋਂ ਇਲਾਵਾ ਗਾਊ ਰੱਖਿਆ ਪ੍ਰਮੁੱਖ ਪੰਜਾਬ (ਆਰ.ਐੱਸ.ਐੱਸ.) ਚੰਦਰਕਾਂਤ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਜਿੱਥੇ ਇਸ ਸ਼ੁੱਭ ਦਿਹਾੜੇ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਉੱਥੇ ਪਹਿਲਗਾਂਮ ਵਿਖੇ ਨਿਰਦੋਸ਼ ਹਿੰਦੂਆਂ ਦੇ ਕਤਲ ਦੀ ਵੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕੀਤੀ। ਬੁਲਾਰਿਆਂ ਨੇ ਪਹਿਲਗਾਮ ਵਿਖੇ ਸ਼ਹੀਦ ਹੋਏ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਨੂਰਮਹਿਲ ਦੇ ਜੋਸ਼ੀ ਪਰਿਵਾਰ ਨੂੰ ਉਨਾਂ ਵੱਲੋਂ ਮੰਦਰ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਵਾਸਤੇ ਕੀਤੀ ਗਈ ਵੱਡੀ ਵਿੱਤੀ ਸਹਾਇਤਾ ਲਈ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ. ਇਸ ਮੌਕੇ ਸ਼ਹਿਰ ਦੀਆਂ ਬਹੁਤ ਸਾਰੀਆਂ ਸਨਮਾਨਿਤ ਸਖਸ਼ੀਆਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸ਼ਹਿਰ ਵਾਸੀ ਸ਼ਾਮਲ ਹੋਏ.

# ਮਜ਼ਦੂਰ ਦਿਵਸ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਤੇ ਵਰਕਰਾਂ ਨੂੰ ਸਰਕਾਰਾਂ ਦੀਆਂ ਮਾਰੂ ਨੀਤੀਆਂ ਖਿਲਾਫ ਕੀਤਾ ਜਾਗਰੂਕ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਰੋਡਵੇਜ਼/ਪਨਬਸ/ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ 25/11 ਵੱਲੋਂ ਮਜਦੂਰ ਦਿਵਸ ਮਨਾਇਆ ਗਿਆ ਤੇ ਇਸ ਮੌਕੇ ਝੰਡਾ ਚੜਾ ਕੇ ਸ਼ਿਕਾਗੋ ਦੇ ਸਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ ਅਤੇ ਝੰਡੇ ਦੀ ਰਸਮ ਅਦਾ ਕਰਨ ਤੇ ਇਸ ਦਿਨ ਬਾਰੇ ਰੇਸਮ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ 1 ਮਈ ਮਜਦੂਰਾਂ ਦਾ ਕੌਮਾਂਤਰੀ ਦਿਵਸ ਹੈ ਤੇ ਅੰਤਰਰਾਸਟਰੀ ਪੱਧਰ ਤੇ ਮਨਾਇਆ ਜਾਂਦਾ ਹੈ। ਇਹ ਦਿਨ ਦੁਨੀਆਂ ਭਰ ਦੇ ਮਜਦੂਰਾਂ ਲਈ ਇੱਕ ਦਿਨ ਵਿੱਚ 8 ਘੰਟੇ ਕੰਮ ਕਰਨ ਦੇ ਕਾਨੂੰਨ ਨਾਲ ਸੰਬੰਧਤ ਹੈ। ਜੋ ਅੱਜ ਦੇ ਦੌਰ ਵਿੱਚ ਕਾਮੇ ਇਸ ਦਾ ਲਾਭ ਲੈ ਰਹੇ ਹਨ। ਪਰ 8 ਘੰਟੇ ਕੰਮ ਕਰਨ ਦੇ ਪਿੱਛੇ ਇਕ ਖੂਨੀ ਇਤਿਹਾਸ ਛੁਪਿਆ ਹੋਇਆ ਹੈ। ਇਹ ਐਵੇਂ ਹੀ ਕਿਸੇ ਨੇ ਸਾਨੂੰ ਥਾਲੀ 'ਚ ਪਰੋਸ ਕੇ ਨਹੀਂ ਦਿੱਤਾ। ਅਮਰੀਕਾ ਸਮੇਤ ਕਈ ਦੇਸਾਂ ਦੇ ਵਿੱਚ ਮਜਦੂਰ ਤੋਂ ਇਕ ਦਿਨ ਵਿੱਚ ਲਗਭਗ 15-16 ਘੰਟੇ ਕੰਮ ਲਿਆ ਜਾਂਦਾ ਸੀ। ਭਾਰਤ ਦੀ ਸਥਿਤੀ ਇਸ ਤੋਂ ਵੀ ਗੰਭੀਰ ਸੀ। ਕਮਿਊਨਿਜਮ ਦਾ ਜਨਮ ਦਾਤਾ ਕਾਰਲ ਮਾਰਕਸ ਜਿਸ ਨੇ 1848 ਵਿੱਚ "ਕਮਿਊਨਿਸਟ ਮੈਨੀਫੈਸਟੋ" ਵਿੱਚ ਇਹ ਐਲਾਨ ਕੀਤਾ ਕਿ, "ਇਤਿਹਾਸਕ ਪਦਾਰਥਵਾਦ ਦੀ ਰੋਸ਼ਨੀ ਵਿੱਚ ਪੂੰਜੀਵਾਦੀ ਪ੍ਰਬੰਧ ਵਿੱਚ ਮਜ਼ਦੂਰ ਜਮਾਤ ਆਪਣੇ ਘੋਲਾਂ ਰਾਹੀਂ ਇਸ ਦਾ ਖਾਤਮਾ ਕਰੇਗੀ।" ਇਸ ਤੋਂ ਬਾਅਦ ਦੁਨੀਆ ਭਰ ਵਿੱਚ ਮਜਦੂਰ ਯੂਨੀਅਨਾਂ ਸਥਾਪਿਤ ਹੋਈਆਂ। ਅਮਰੀਕਾ ਦੇ ਸਹਿਰ ਸ਼ਿਕਾਗੋ ਵਿੱਚ 1 ਮਈ



1886 ਵਿੱਚ ਮਜ਼ਦੂਰਾਂ ਨੇ ਇੱਕ ਇਕੱਠ ਕਰਕੇ ਲੰਬੀ ਲੜਾਈ ਲੜੀ ਗਈ ਅਤੇ ਅਖੀਰ ਨੂੰ ਮੁਲਾਜ਼ਮ ਯੂਨਿਟੀ ਦੀ ਜਿੱਤ ਹੋਈ ਅਤੇ ਇੱਕ ਦਿਨ ਵਿੱਚ 8 ਘੰਟੇ ਦਾ ਹੱਕ ਲੈਣ ਲਈ ਹੜਤਾਲ ਕਰਨ ਦੀ ਯੋਜਨਾ ਬਣਾਈ। ਪੂੰਜੀਵਾਦੀਆਂ ਦੇ ਜਾਂ ਕਹਿ ਲਓ ਫੈਕਟਰੀ ਮਾਲਕਾਂ ਨੂੰ ਇਹ ਗੱਲ ਪਸੰਦ ਨਹੀਂ ਸੀ । ਸੰਘਰਸ਼ ਕਰਦੇ ਲੋਕਾਂ ਤੇ ਗੋਲੀਆਂ ਚਲਾਈਆਂ ਤੇ ਹਜ਼ਾਰਾਂ ਲੋਕਾਂ ਨੂੰ ਜਖਮੀ ਅਤੇ ਸ਼ਹੀਦ ਕੀਤੀ ਗਿਆ। ਸੰਘਰਸ ਵਿੱਚ ਸਹੀਦ ਹੋਏ ਸਹੀਦਾਂ ਨੂੰ ਸਰਧਾਂਜਲੀ ਦੇਣ ਅਤੇ ਸੰਘਰਸਾਂ ਨੂੰ ਯਾਦ ਕਰਨ ਲਈ ਅੱਜ ਦੇ ਦਿਨ ਸੰਘਰਸਸੀਲ ਜਥੇਬੰਦੀਆਂ ਵਲੋਂ ਮਨਾਈਆਂ ਜਾਂਦਾ ਹੈ ਸੈਕਟਰੀ ਮਹੇਸ ਕੁਮਾਰ ਮੰਗਾਂ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਲਾਰੇ ਤੇ ਲਾਰਾ ਲਾ ਕੇ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ ਹਰ ਵਾਰ ਸਰਕਾਰ ਮੀਟਿੰਗ ਦੇ ਵਿੱਚ ਹੱਲ ਕੱਢਣ ਦੇ ਭਰੋਸਾ ਦਿੱਤਾ ਜਾਂਦਾ ਹੈ, ਪ੍ਰੰਤੂ ਆਊਟ ਸੋਰਸ ਤੇ ਭਰਤੀ ਕਰਕੇ ਪੂੰਜੀਵਾਦੀ ਲੋਕਾਂ ਤੋਂ ਠੇਕੇਦਾਰੀ ਪ੍ਰਥਾਂ ਤਹਿਤ ਮੁਲਾਜਮਾਂ ਦਾ ਸੋਸਣ ਕੀਤਾ ਜਾ ਰਿਹਾ ਹੈ ਦੂਸਰੇ ਪਾਸੇ ਵਿਭਾਗਾਂ ਵਿੱਚ ਸਰਕਾਰੀ ਬੱਸਾਂ ਪਾਉਣ ਦੀ ਥਾਂ ਤੇ ਪੂੰਜੀਵਾਦੀ ਲੋਕਾਂ ਨੂੰ ਲੁੱਟ ਕਰਵਾਉਣ ਲਈ ਕਿਲੋਮੀਟਰ ਸਕੀਮ ਤਹਿਤ ਪ੍ਰਾਈਵੇਟ ਮਾਲਕਾਂ ਦੀਆਂ ਬੱਸਾਂ ਪਾਈਆਂ ਜਾ ਰਹੀਆਂ ਹਨ, ਕੱਚੇ ਮੁਲਾਜਮਾਂ ਨੂੰ ਪਾਲਸੀ ਬਣਾ ਕੇ ਪੱਕਾ ਕਰਨ ਸਮੇਤ ਮੰਨੀਆਂ ਮੰਗਾਂ ਤੋਂ ਭੱਜ ਰਹੀ ਸਰਕਾਰ ਨੇ ਜੇਕਰ 5 ਮਈ ਦੀ ਮੀਟਿੰਗ ਦੇ ਵਿੱਚ ਟਰਾਂਸਪੋਰਟ ਦੇ ਕੱਚੇ ਮੁਲਾਜਮਾਂ ਨੂੰ ਪੱਕਾ ਕਰਨ, ਵਿਭਾਗਾਂ ਦੀਆਂ ਆਪਣੀਆਂ ਬੱਸਾਂ ਪਾਉਣ ਅਤੇ ਬਣਦੇ ਫਰੀ ਸਫਰ ਦੇ ਫੰਡ ਰਿਲੀਜ਼ ਨਾ ਕੀਤੇ ਤਾਂ ਆਉਣ ਵਾਲੇ ਸਮੇਂ ਵਿੱਚ ਮੁਲਾਜਮ ਸੰਘਰਸ਼ ਕਰਨ ਦੇ ਲਈ ਮਜਬੂਰ ਹੋਣਗੇ ਅਤੇ ਵਾਰ-ਵਾਰ ਮੀਟਿੰਗ ਹੋਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਸਿਰਫ ਸਮਾਂ ਅੱਗੇ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਉਣ ਵਾਲੀ 20 ਮਈ ਨੂੰ ਦੇਸਵਿਆਪੀ ਹੜਤਾਲ ਵਿੱਚ ਕੱਚੇ ਮੁਲਾਜਮਾਂ ਦੀਆਂ ਮੰਗਾਂ ਸਮੇਤ ਸਾਰੀਆਂ ਮੰਗਾਂ ਤੇ ਯੂਨੀਅਨ ਵਲੋਂ ਹੜਤਾਲ ਨੂੰ ਸਮੱਰਥਨ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਖਿਲਾਫ ਤਿੱਖੇ ਸੰਘਰਸ ਕੀਤੇ ਜਾਣਗੇ ਜਿਸ ਸਬੰਧੀ 3 ਮਈ ਨੂੰ ਸੂਬਾ ਪੱਧਰੀ ਮੀਟਿੰਗ ਕਰਕੇ ਫੈਸਲਾ ਕੀਤਾ ਜਾਵੇਗਾ ।

# ਵਿਧਾਇਕ ਰਾਜਾ ਵੱਲੋਂ ਕਣਕ ਦੀ ਖਰੀਦ ਸੰਬੰਧੀ ਜਾਇਜ਼ਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਅਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮੌਜੂਦਾ ਕਣਕ ਦੇ ਸੀਜ਼ਨ ਦੌਰਾਨ ਮਾਰਕੀਟ ਕਮੇਟੀ ਟਾਂਡਾ ਅਧੀਨ ਆਉਂਦੀ ਅਨਾਜ ਮੰਡੀ ਜਲਾਲਪੁਰ ਵਿਖੇ ਕਣਕ ਦੀ ਹੋ ਰਹੀ ਖਰੀਦ ਸੰਬੰਧੀ ਜਾਇਜ਼ਾ ਲਿਆ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਮੰਡੀ ਵਿੱਚ ਮੌਜੂਦ ਆੜ੍ਹਤੀਆਂ ਅਤੇ ਕਿਸਾਨਾਂ ਤੋਂ ਇਲਾਵਾ ਮਜ਼ਦੂਰਾਂ ਦੀਆਂ ਵੱਖ-ਵੱਖ ਮੁਸ਼ਕਿਲਾਂ ਸੁਣੀਆਂ ਅਤੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਤੇ ਸੀਜ਼ਨ ਵਾਸਤੇ ਪਹਿਲਾਂ ਤੋਂ ਹੀ ਤਿਆਰੀਆਂ ਕਰ ਦਿੱਤੀਆਂ ਗਈਆਂ ਸਨ ਜਿਸ ਕਾਰਨ ਪੰਜਾਬ ਮੰਡੀ ਬੋਰਡ ਅਧੀਨ ਆਉਂਦੀ ਦਾਣਾ ਮੰਡੀ ਟਾਂਡਾ ਅਤੇ ਇਸ ਦੇ ਸਹਾਇਕ ਖਰੀਦ ਕੇਂਦਰਾਂ ਵਿੱਚ ਕਣਕ ਦੀ ਖਰੀਦ ਦਾ ਕੰਮ ਬਹੁਤ ਹੀ ਸੁਚਾਰੂ ਤਰੀਕੇ ਨਾਲ ਚੱਲ ਰਿਹਾ ਹੈ ਅਤੇ ਕਿਸੇ ਵੀ ਪਾਸੇ ਤੋਂ ਕਿਸੇ ਸਮੱਸਿਆ ਦੀ ਖਬਰ ਨਹੀਂ। ਇਸ ਮੌਕੇ ਉਨ੍ਹਾਂ ਮੰਡੀ ਵਿੱਚ ਮੌਜੂਦ ਕਿਸਾਨਾਂ ਨੂੰ ਅਪਡੇਟ ਕੀਤੀ ਕਿ ਉਹ ਕਣਕ ਦੇ ਨਾੜ ਅਤੇ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ ਦੀ ਬਜਾਏ ਕਿਸਾਨ ਭਲਾਈ ਵਿਭਾਗ ਤੇ ਖੇਤੀਬਾੜੀ ਵਿਭਾਗ ਟਾਂਡਾ ਨਾਲ ਸੰਪਰਕ ਕਰਕੇ ਇਸ ਦਾ ਢੁਕਵਾਂ ਪ੍ਰਬੰਧ ਕਰਨ। ਉਹਨਾਂ ਦੱਸਿਆ ਕਿ ਕਿਸਾਨਾਂ ਵੱਲੋਂ ਫਸਲ ਦੇ ਨਾੜ ਤੇ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਕਾਰਨ ਜਿੱਥੇ ਵਾਤਾਵਰਣ ਦਾ ਵੱਡਾ ਨੁਕਸਾਨ ਹੁੰਦਾ ਹੈ, ਉੱਥੇ ਹੀ ਸਾਡੀਆਂ ਜ਼ਮੀਨਾਂ ਦੀ ਉਪਜਾਊ ਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਆਪ ਆਗੂ ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ ਨੇ ਦੱਸਿਆ ਕਿ ਪਿਛਲੇ ਦਿਨੀਂ ਕਿਸਾਨਾਂ ਵੱਲੋਂ ਨਾੜ ਨੂੰ ਲਗਾਈ ਅੱਗ ਕਾਰਨ ਦਾਣਾ ਮੰਡੀ ਜਲਾਲਪੁਰ ਵੀ ਅੱਗ ਦੀ ਚਪੇਟ ਵਿੱਚ ਆ ਗਈ ਸੀ। ਇਸ ਮੌਕੇ ਮਾਰਕੀਟ ਕਮੇਟੀ ਟਾਂਡਾ ਦੇ ਚੇਅਰਮੈਨ ਚੌਧਰੀ ਰਾਜਵਿੰਦਰ ਸਿੰਘ ਰਾਜ, ਸਰਪੰਚ ਮਲਕੀਤ ਸਿੰਘ, ਸੁਖਦੇਵ ਸਿੰਘ ਸਲੇਮਪੁਰ, ਸਨਮਦੀਪ ਸਿੰਘ ਮਿਆਣੀ, ਅਤਵਾਰ ਸਿੰਘ ਪਲਾ ਚੱਕ ਵੀ ਹਾਜ਼ਰ ਸਨ।

# ਸ਼ਿਕਾਗੋ ਦੇ ਸ਼ਹੀਦਾਂ ਤੇ ਪਹਿਲਗਾਮ ਹਮਲੇ ਦੇ ਸ਼ਿਕਾਰ ਲੋਕਾਂ ਨੂੰ ਸ਼ਰਧਾਂਜਲੀਆਂ



**ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਮਜ਼ਦੂਰ ਦਿਵਸ ਦਿਹਾੜਾ ਸਥਾਨਕ ਸਬਜ਼ੀ ਮੰਡੀ ਚੌਕ ਵਿਖੇ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜੇ ਪੀ ਐੱਮ ਓ ਦੇ ਬੈਨਰ ਹੇਠਾਂ ਮਨਾਇਆ ਗਿਆ। ਸਮਾਗਮ ਦੀ ਆਰੰਭਤਾ ਮਈ ਦਿਵਸ ਦੇ ਸ਼ਹੀਦਾਂ ਅਤੇ ਪਹਿਲਗਾਮ ਹਮਲੇ 'ਚ ਸ਼ਿਕਾਰ ਟੂਰਿਸਟਾਂ ਦੀ ਯਾਦ ਵਿਚ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਂਟ ਕਰਨ ਨਾਲ ਕੀਤੀ ਗਈ। ਉਪਰੰਤ ਸ਼ਿਵ ਕੁਮਾਰ ਅਰੋੜਾ, ਮੁਲਖ ਰਾਜ ਕਰਾੜੀ,ਦਵਿੰਦਰ ਸਿੰਘ ਹਲੇੜ੍ਹ, ਜਸਵੀਰ ਤਲਵਾੜਾ, ਰਜਿੰਦਰ ਸਿੰਘ, ਰਾਜੀਵ ਸ਼ਰਮਾ ਆਦਿ ਨੇ ਮਈ ਦਿਵਸ ਦੇ ਇਤਿਹਾਸ, ਮੌਜੂਦਾ ਸਮੇਂ 'ਚ ਕਾਰਪੋਰੇਟ ਪੱਖੀ ਸਰਕਾਰਾਂ ਵੱਲੋਂ ਮਜ਼ਦੂਰ ਵਿਰੋਧੀ ਲਿਆਂਦੇ ਜਾ ਰਹੇ ਕਿਰਤ ਕਾਨੂੰਨਾਂ ਆਦਿ ਵਿਸ਼ੇ 'ਤੇ ਵਿਸਥਾਰ-ਪੂਰਵਕ ਚਾਨਣਾ ਪਾਇਆ। ਸਾਬਕਾ ਸਰਪੰਚ ਦੀਪਕ ਠਾਕੁਰ , ਟ੍ਰੇਡ ਯੂਨੀਅਨ ਆਗੂ ਰਮੇਸ਼ ਸਤੋਤਾ, ਕੁੰਦਨ ਲਾਲ, ਸ਼ਾਮ ਸਿੰਘ ਨੇ ਪਹਿਲਗਾਮ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ, ਉੱਥੇ ਹੀ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਵੀ ਖੜ੍ਹੇ ਕੀਤੇ। ਪਹਿਲਗਾਮ ਘਟਨਾਂ ਉਪਰੰਤ ਭਾਜਪਾ ਦੇ ਆਈ ਟੀ ਸੈੱਲ ਵੱਲੋਂ ਸੋਸ਼ਲ ਮੀਡੀਆ ਰਾਹੀਂ ਇੱਕ ਵਾਰ ਫਿਰ ਹਿੰਦੂ ਬਨਾਮ ਮੁਸਲਿਮ ਮੁੱਦਾ ਬਣਾ ਕੇ ਦੇਸ਼ ਵਿੱਚ ਫਿਰਕੂ ਵੰਡੀਆਂ ਪਾਉਣ ਦੀਆਂ ਕੀਤੀਆਂ ਨਾਕਾਮ ਕੋਸ਼ਿਸ਼ਾਂ, ਦੇਸ਼ ਦੀਆਂ ਵੱਖ ਵੱਖ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਅਤੇ ਮੁਸਲਮਾਨਾਂ ਖ਼ਿਲਾਫ਼ ਹਜੂਮੀ ਭੀੜ ਵੱਲੋਂ ਕੀਤੀਆਂ ਗੈਰ ਸੰਵਿਧਾਨਕ ਕਾਰਵਾਈਆਂ 'ਤੇ ਸਰਕਾਰ ਦੀ ਚੁੱਪੀ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕੀਤੀ। ਇਸ ਮੌਕੇ ਮਨਰੇਗਾ ਵਰਕਰਜ਼ ਯੂਨੀਅਨ ਤੋਂ ਸੋਹਣ ਲਾਲ, ਦਵਿੰਦਰ ਕੁਮਾਰ, ਸਤਪਾਲ ਬਹਿਲੱਖਣ, ਸੁਮਨ ਕੁਮਾਰੀ ਭਰਿਆਲ, ਵੀਨਾ ਹੀਰ ਬਹਿ, ਜੋਤੀ ਦੇਵੀ ਰੈਲੀ, ਆਊਟ ਸੋਰਸ ਯੂਨੀਅਨ ਤੋਂ ਸੰਜੀਵ ਕੁਮਾਰ, ਪੈਨਸ਼ਨਰਜ਼ ਫਰੰਟ ਤੋਂ ਵਿਜੇ ਸਿੰਘ, ਮਿਡ ਡੇ ਮੀਲ ਵਰਕਰਜ਼ ਯੂਨੀਅਨ ਤੋਂ ਰਣਜੀਤ ਕੌਰ, ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਤੋਂ ਜਗਦੀਸ਼ ਸਿੰਘ, ਗਿਆਨ ਸਿੰਘ, ਜੰਗਲਾਤ ਵਰਕਰਜ਼ ਯੂਨੀਅਨ ਤੋਂ ਬਿਕਰਮ ਸਿੰਘ, ਆਸ਼ਾ ਵਰਕਰਜ਼ ਯੂਨੀਅਨ ਤੋਂ ਸੁਰਜੀਤ ਕੌਰ ਤੇ ਮੀਰਾ ਦੇਵੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਯਾਦਵਿੰਦਰ ਤੇ ਸੰਦੀਪ ਜਰਿਆਲ, ਗੌਰਮਿੰਟ ਟੀਚਰਜ਼ ਯੂਨੀਅਨ ਜਸਵਿੰਦ ਸਿੰਗਲਾ ਤੇ ਸੁਰਿੰਦਰ ਬਰਿੰਗਲੀ ਆਦਿ ਨੇ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਮੁਲਾਜਮ ਤੇ ਲੋਕ ਵਿਰੋਧੀ , ਕਾਰਪੋਰੇਟ ਤੇ ਨਿੱਜੀਕਰਨ ਪੱਖੀ ਅਤੇ ਧਰਮ ਤੇ ਜਾਤ ਆਧਾਰਿਤ ਅੰਧ ਰਾਸ਼ਟਰਵਾਦ ਤੇ ਵੰਡ ਪਾਊ ਨੀਤੀਆਂ ਦੇ ਵਿਰੋਧ ਵਿੱਚ ਕੇਂਦਰੀ ਟ੍ਰੇਡ ਯੂਨਿਆਨਾਂ ਦੇ 20 ਮਈ ਨੂੰ ਭਾਰਤ ਬੰਦ ਦੇ ਦਿੱਤੇ ਸੱਦੇ ਦਾ ਸਮਰਥਨ ਕੀਤਾ ।

# ਪੰਜਾਬ ਸਰਕਾਰ ਸੂਬੇ ਦਾ ਇੱਕ ਬੂੰਦ ਪਾਣੀ ਵੀ ਦੂਸਰੇ ਰਾਜਾਂ ਨੂੰ ਨਹੀਂ ਜਾਣ ਦੇਵੇਗੀ : ਮਹਿੰਦਰ ਭਗਤ




**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ)** ਪੰਜਾਬ ਦੇ ਬਾਗਬਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਬੀ.ਜੇ.ਪੀ. ਦੀ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣਾ ਨੂੰ ਜਾਰੀ ਕਰਨ ਲਈ ਲਏ ਗਏ ਫ਼ੈਸਲੇ ਦਾ ਸਖ਼ਤ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਪੰਜਾਬ ਦੇ ਲੋਕਾਂ ਦੇ ਹਿੱਤਾਂ ਦਾ ਵੱਡਾ ਘਾਣ ਹੋਵੇਗਾ।ਬਾਬੂ ਜਗਜੀਵਨ ਰਾਮ ਚੌਕ ਵਿਖੇ ਧਰਨਾ ਦਿੰਦਿਆਂ ਕੈਬਨਿਟ ਮੰਤਰੀ ਮਹਿੰਦਰ ਭਗਤ, ਜਿਨ੍ਹਾਂ ਦੇ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ, ਨੇ ਕਿਹਾ ਕਿ ਇਹ ਫ਼ੈਸਲਾ ਪੰਜਾਬ ਦੇ ਅਧਿਕਾਰਾਂ ਦੀ ਲੁੱਟ ਹੈ ਅਤੇ ਇਹ ਸੂਬੇ ਦੀ ਖੁਦਮੁਖਤਿਆਰੀ ਦੇ ਹੱਕ 'ਤੇ ਸਿੱਧਾ ਹਮਲਾ ਹੈ ਅਤੇ ਕੇਂਦਰ ਸਰਕਾਰ ਦੀ ਇਸ ਤਾਨਾਸ਼ਾਹੀ ਨੂੰ ਕਿਸ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਸ੍ਰੀ ਭਗਤ ਨੇ ਦੋਸ਼ ਲਗਾਇਆ ਕਿ ਕੇਂਦਰ ਦੀ ਸਰਕਾਰ ਵਲੋਂ ਜਿਨ੍ਹਾਂ ਸੂਬਿਆਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਜਿਵੇਂ ਕਿ ਪੰਜਾਬ ਅਤੇ ਪੱਛਮੀ ਬੰਗਾਲ ਵਿੱਚ ਨਹੀਂ ਹੈ, ਪ੍ਰਤੀ ਭੇਦ-ਭਾਵ ਵਾਲਾ ਵਤੀਰਾ ਅਪਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਪਾਣੀ ਪੰਜਾਬੀਆਂ ਨਾਲ ਸਬੰਧਿਤ ਹੈ। ਉਨ੍ਹਾਂ ਕਿਹਾ ਕਿ ਅਸੀਂ ਹਰਿਆਣਾ ਨੂੰ ਪਾਣੀ ਦੀ ਇਕ ਵਾਧੂ ਬੂੰਦ ਛੱਡਣ ਦੀ ਆਗਿਆ ਨਹੀਂ ਦੇਵਾਂਗੇ ਕਿਉਂਕਿ ਹਰਿਆਣਾ ਪਹਿਲਾਂ ਹੀ ਆਪਣੇ ਹਿੱਸੇ ਦਾ ਪਾਣੀ ਪ੍ਰਾਪਤ ਕਰ ਰਿਹਾ ਹੈ। ਵੱਡੇ ਪੱਧਰ 'ਤੇ ਰੋਸ ਪ੍ਰਗਟਾਵਾ ਕਰਨ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਸੂਬੇ ਭਰ ਵਿੱਚ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕੇਵਲ ਧਰਨੇ ਹੀ ਨਹੀਂ ਹਨ ਸਗੋਂ ਸਾਡੇ ਹੱਕਾਂ ਦੀ ਲੜਾਈ ਹੈ ਅਤੇ ਆਮ ਆਦਮੀ ਪਾਰਟੀ ਵਲੋਂ ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਅਵਾਜ਼ ਪੂਰੇ ਦੇਸ਼ ਵਿਚ ਸੁਣਾਈ ਦੇਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ 117 ਵਿਧਾਨਸਭਾ ਹਲਕਿਆਂ ਵਿੱਚ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪਾਣੀ, ਹੱਕਾਂ ਅਤੇ ਭਵਿੱਖ ਲਈ ਇਕਜੁੱਟ ਹੋ ਕੇ ਖੜ੍ਹੇ ਹਾਂ।

# ਬਿਜਲੀ ਦੀਆਂ ਢਿੱਲੀਆਂ ਤਾਰਾਂ ਪੰਚਾਇਤ ਦੇ ਯਤਨਾਂ ਸਦਕਾ ਹੋਈਆਂ ਠੀਕ

**ਕਾਲਾ ਸੰਘਿਆਂ (ਮਨਜੀਤ ਮਾਨ)**-ਕਸਬਾ ਕਾਲਾ ਸੰਘਿਆਂ ਵਿਖੇ ਵਿਸ਼ਵਕਰਮਾ ਮੰਦਰ ਚੌਕ ਵਿਖੇ ਪਿਛਲੇ ਲੰਮੇ ਸਮੇਂ ਤੋਂ 24 ਘੰਟੇ ਚਲਦੀ ਬਿਜਲੀ ਸਪਲਾਈ ਦੀਆਂ ਤਾਰਾਂ ਬਹੁਤ ਨੀਵੀਆਂ ਅਤੇ ਢਿੱਲੀਆਂ ਸਨ, ਜਿਸ ਕਾਰਨ ਵੱਡਾ ਹਾਦਸਾ ਵਾਪਰਨ ਦਾ ਖ਼ਤਰਾ ਬਣਿਆ ਰਹਿੰਦਾ ਸੀ। ਇਸ ਨੂੰ ਵੇਖਦੇ ਹੋਏ ਨਗਰ ਪੰਚਾਇਤ ਆਲਮਗੀਰ ਵੱਲੋਂ ਕੀਤੇ ਯਤਨਾਂ ਸਦਕਾ ਪਾਵਰਕਾਮ ਮੁਲਾਜ਼ਮਾਂ ਵੱਲੋਂ ਇਹਨਾਂ ਤਾਰਾਂ ਨੂੰ ਜਿਥੇ ਕੱਸਿਆ ਗਿਆ ਉੱਥੇ ਹੀ ਉੱਚਾ ਵੀ ਕੀਤਾ ਗਿਆ। ਇਸ ਮੌਕੇ ਮੈਂਬਰ ਪੰਚਾਇਤ ਰਜਿੰਦਰ ਸਿੰਘ ਨੇ ਦੱਸਿਆ ਕਿ ਬਿਜਲੀ ਦੀਆਂ ਇਹ ਨੀਵੀਆਂ ਤਾਰਾਂ ਵੱਡੇ ਹਾਦਸੇ ਦਾ ਕਾਰਨ ਬਣ ਸਕਦੀਆਂ ਸਨ ਕਿਉਂਕਿ ਜਿਸ ਵੇਲੇ ਇਥੇ ਕੋਈ ਵੱਡੇ ਟਰੱਕ ਜਾਂ ਕੰਬਾਈਨ ਆਦਿ ਸਾਧਨ ਲੰਘਦੇ ਸਨ ਤਾਂ ਉਹ ਤਾਰਾਂ ਦੇ ਬਿਲਕੁੱਲ ਨਾਲ਼ ਹੋ ਕੇ ਲੰਘਦੇ ਸਨ। ਅੱਜ ਜੇ ਈ ਜਸਵੀਰ ਸਿੰਘ ਨੇ ਹੋਰ ਮੁਲਾਜ਼ਮਾਂ ਨੂੰ ਨਾਲ਼ ਲੈ ਤਾਰਾਂ ਉੱਚੀਆਂ ਕੀਤੀਆਂ। ਇਸ ਮੌਕੇ ਰਜਿੰਦਰ ਸਿੰਘ ਮੈਂਬਰ ਪੰਚਾਇਤ ਸਮੇਤ ਇੰਦਰਪਾਲ ਸਿੰਘ ਪਾਲਾ, ਰਜਿੰਦਰ ਸਿੰਘ ਸੰਘਾ, ਜੇ ਈ ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦਾ ਪਾਣੀ ਪੰਜਾਬ ਦੇ ਲੋਕਾਂ ਦੀ ਜੀਵਨ-ਰੇਖਾ : ਜਲਾਲਪੁਰ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਅਤੇ ਹਰਿਆਣਾ ਵਿਚਕਾਰ ਸਾਲਾਂ ਪੁਰਾਣਾ ਪਾਣੀ ਦਾ ਵਿਵਾਦ ਇੱਕ ਵਾਰ ਫਿਰ ਤੋਂ ਭੱਖਦਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਧੱਕਾ ਕਰਨ 'ਤੇ ਲੱਗੀ ਹੋਈ ਹੈ। ਜਲਾਲਪੁਰ ਨੇ ਕਿਹਾ ਕਿ ਭਾਜਪਾ ਸਾਸ਼ਿਤ ਰਾਜ ਹਰਿਆਣਾ, ਰਾਜਸਥਾਨ ਅਤੇ ਦਿੱਲੀ ਸਾਡੇ ਪੰਜਾਬ ਦੇ ਪਾਣੀਆਂ ਦੀ ਲੁੱਟ ਲਈ ਭਾਖੜਾ ਬਿਆਸ ਪ੍ਰਬੰਧਨ ਬੋਰਡ ਦੀ ਮੀਟਿੰਗ ਵਿੱਚ ਭਾਖੜਾ ਡੈਮ ਤੋਂ ਪੰਜਾਬ ਦੇ ਪਾਣੀ ਖੋਹਣ ਲਈ ਪੰਜਾਬ ਵਿਰੁੱਧ ਇੱਕਜੁੱਟ ਹੋ ਗਏ ਹਨ। ਪੰਜਾਬ ਦੇ ਕੁਦਰਤੀ ਸਰੋਤਾਂ ਦੀ ਇਹ ਲੁੱਟ ਅਤੇ ਸਰੇਆਮ ਧੱਕੇਸਾਹੀ ਪੰਜਾਬ ਦੇ ਕਿਸਾਨਾਂ ਤੋਂ ਇਕ ਬਦਲਾ ਲੈਣ ਵਾਲੀ ਭਾਵਨਾ ਜਾਪਦੀ ਹੈ ਅਤੇ ਜੇਕਰ ਇਸ ਨੂੰ ਸ਼ੁਰੂਆਤੀ ਦੌਰ ਵਿਚ ਹੀ ਰੋਕਿਆ ਨਾ ਗਿਆ ਤਾਂ ਇਹ ਸਾਡੀ ਕਿਸਾਨੀ ਅਤੇ ਆਰਥਿਕਤਾ ਨੂੰ ਤਬਾਹ ਕਰ ਦੇਵੇਗੀ। ਜਲਾਲਪੁਰ ਨੇ ਕਿਹਾ ਕਿ ਇਸ ਦੇ ਸੰਬੰਧ ਵਿੱਚ ਅੱਜ ਜਿਲ੍ਹੇ ਦੇ ਤਿੰਨਾ ਹਲਕਿਆਂ ਵਿੱਚ ਪਾਰਟੀ ਦੇ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਜੇਕਰ ਭਾਜਪਾ ਸਰਕਾਰ ਵੱਲੋਂ ਧੱਕੇਸ਼ਾਹੀ ਬੰਦ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਅਗਲੇ ਮਹੀਨੇ ਤੋਂ ਝੋਨੇ ਦੀ ਲਵਾਈ ਸੁਰੂ ਹੋ ਜਾਵੇਗੀ, ਜਿਸ ਲਈ ਪੰਜਾਬ ਦੇ ਕਿਸਾਨਾਂ ਨੂੰ ਵੀ ਪਾਣੀ ਦੀ ਕਾਫੀ ਜਰੂਰਤ ਹੋਵੇਗੀ, ਇਸ ਲਈ ਪੰਜਾਬ ਕੋਲ ਆਪਣੇ ਕਿਸਾਨਾਂ ਨੂੰ ਹੀ ਦੇਣ ਜੋਗਾ ਪਾਣੀ ਹੈ ਕਿਉਂਕਿ ਹਰਿਆਣਾ ਸਰਕਾਰ ਪਹਿਲਾਂ ਹੀ ਆਪਣੇ ਹਿੱਸੇ ਦਾ ਬਣਦਾ ਪਾਣੀ ਲੈ ਚੁੱਕੀ ਹੈ।

# ਮੇਹਰ ਚੰਦ ਪੋਲੀਟੈਕਨਿਕ ਵਿਖੇ ਮਹਾਤਮਾ ਹੰਸਰਾਜ ਤਕਨੀਕੀ ਮੇਲਾ

**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ 30 ਅਪ੍ਰੈਲ ਨੂੰ ਵਿਦਿਆਰਥੀਆਂ ਵੱਲੋਂ ਮਹਾਤਮਾ ਹੰਸ ਰਾਜ ਤਕਨੀਕੀ ਫੈਸਟੀਵਲ ਲਗਾਇਆ ਗਿਆ। ਜਿਸ ਵਿੱਚ ਆਖਰੀ ਸਾਲ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਤੇ ਗਿਆਨ ਨਾਲ ਆਪਣੇ ਬਣਾਏ ਹੋਏ ਮਾਡਲਾਂ ਤੇ ਪ੍ਰੋਜੈਕਟਾਂ ਦੀ ਪ੍ਰਦਰਸ਼ਨੀ ਲਗਾਈ। ਇਸ ਦਾ ਉਦਘਾਟਨ ਇੰਜੀ. ਰਾਕੇਸ਼ ਗਰਗ ਪੀ.ਸੀ.ਐੱਸ ਐਡੀਸ਼ਨਲ ਕਮਿਸ਼ਨਰ ਮੁਨੀਸਿਪਲ ਕਾਰਪੋਰੇਸ਼ਨ ਜਲੰਧਰ ਨੇ ਕੀਤਾ। ਮਹਿਮਾਨਾਂ ਦਾ ਸੁਆਗਤ ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਮੁਖੀ ਵਿਭਾਗਾਂ ਨੇ ਫੁੱਲਾਂ ਦੇ ਗੁਲਦਸਤੇ ਨਾਲ ਕੀਤਾ। ਇਸ ਪ੍ਰਦਰਸ਼ਨੀ ਵਿੱਚ 100 ਦੇ ਕਰੀਬ ਵਰਕਿੰਗ ਅਤੇ ਸਟਿਲ ਮਾਡਲ ਪੇਸ਼ ਕੀਤੇ ਗਏ, ਜਿਹਨਾਂ ਨੂੰ ਬਹੁਤ ਸਲਾਹਿਆ ਗਿਆ। ਇਹਨਾਂ ਵਿੱਚ ਉਹ ਮਾਡਲ ਵਿਸ਼ੇਸ਼ ਰੂਪ ਵਿੱਚ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਖਾਏ ਗਏ, ਜਿਹਨਾਂ ਨੇ ਸਾਇੰਸ ਸਿਟੀ ਟੈਕ ਫੈਸਟ ਤੇ ਹੋਰ ਮੁਕਾਬਲਿਆਂ ਵਿੱਚ ਪਹਿਲੇ ਇਨਾਮ ਜਿੱਤੇ ਹਨ। ਇੰਜੀ. ਰਾਕੇਸ਼ ਗਰਗ ਨੇ ਕਿਹਾ ਕਿ ਉਹ ਉੱਚ ਕੋਟੀ ਦੇ ਮਾਡਲਾਂ ਦੀ ਪ੍ਰਦਰਸ਼ਨੀ ਵੇਖ ਕੇ ਬਹੁਤ ਖੁਸ਼ ਹੋਏ ਹਨ। ਸਾਨੂੰ ਮਾਣ ਹੈ ਕਿ ਇੱਕ ਪੋਲੀਟੈਕਨਿਕ ਵਿੱਚ ਵੀ ਕਿਸੇ ਉਚ ਕੋਟੀ ਦੇ ਇੰਜੀਨੀਅਰਿੰਗ ਕਾਲਜ ਵਰਗਾ ਕੰਮ ਹੋ ਰਿਹਾ ਹੈ। ਇਸ ਲਈ ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੇ ਸਟਾਫ ਵਧਾਈ ਦੇ ਹੱਕਦਾਰ ਹਨ ਇੰਜੀਨੀਅਰ ਹੋਣ ਦੇ ਨਾਤੇ ਉਹ ਭਲੀ ਭਾਂਤੀ ਜਾਣਦੇ ਹਨ ਕਿ ਉਹਨਾਂ ਪ੍ਰੋਜੈਕਟਾਂ ਨੂੰ ਤਿਆਰ ਕਰਨ ਲਈ ਕਿੰਨੀ ਮਿਹਨਤ ਅਤੇ ਲਗਨ ਚਾਹੀਦੀ ਹੈ। ਇਸ ਪ੍ਰਦਰਸ਼ਨੀ ਨੂੰ ਵੇਖਣ ਲਈ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਅਤੇ ਸਟਾਫ ਵੀ ਆਏ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਮੁਖੀ ਵਿਭਾਗਾਂ ਨੇ ਮੁੱਖ ਮਹਿਮਾਨ ਨੂੰ ਸਮਰਿੱਤੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਪ੍ਰਦਰਸ਼ਨੀ ਨੂੰ 1000 ਤੋਂ ਵੀ ਵੱਧ ਵਿਦਿਆਰਥੀਆਂ ਨੇ ਵੇਖਿਆ। ਇਸ ਟੈਕਨੋ ਮੇਲੇ ਵਿੱਚ ਡਾ. ਰਾਜੀਵ ਭਾਟੀਆ (ਐਡਵਾਈਜ਼ਰ ਸਟੂਡੈਂਟ ਚੈਪਟਰ), ਕਸ਼ਮੀਰ ਕੁਮਾਰ, ਮੈਡਮ ਰਿਚਾ ਅਰੋੜਾ, ਪ੍ਰਿੰਸ ਮਦਾਨ, ਤਰਲੋਕ ਸਿੰਘ ਅਤੇ ਸੁਦਾਂਸ਼ੂ ਨਾਗਪਾਲ ਵੀ ਸ਼ਾਮਲ ਹੋਏ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਵਿੱਚ ਚੁਣੇ ਗਏ ਪ੍ਰੋਜੈਕਟ ਇੰਟਰ ਪਾਲੀਟੈਕਨਿਕ ਟੈਕਫੈਸਟ ਵਿੱਚ ਭੇਜੇ ਜਾਣਗੇ।



# ਜੇ ਪੀ ਐਮ ਓ ਵੱਲੋਂ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ ਮਜਦੂਰ ਦਿਵਸ

**ਹੁਸ਼ਿਆਰਪੁਰ (ਬਲਵੀਰ ਸੈਣੀ)**- ਜਨਤਕ ਜੱਥੇਬੰਦੀਆਂ ਦੇ ਸਾਂਝੇ ਮੋਰਚੇ (ਜੇ.ਪੀ.ਐਮ.ਓ.) ਤਹਿਸੀਲ ਹੁਸ਼ਿਆਰਪੁਰ ਵਲੋਂ ਮੁਲਾਜ਼ਮ ਭਵਨ ਵਿਖੇ ਮਈ ਦਿਵਸ ਮਾਸਟਰ ਹਰਕੰਵਲ ਸਿੰਘ, ਗੰਗਾ ਪ੍ਰਸ਼ਾਦ, ਡਾ. ਸੁਖਦੇਵ ਢਿੱਲੋਂ, ਦਵਿੰਦਰ ਸਿੰਘ ਕੱਕੋਂ, ਕੁਲਵਰਨ ਸਿੰਘ, ਇੰਦਰਜੀਤ ਵਿਰਦੀ ਦੀ ਅਗਵਾਈ ਵਿੱਚ ਮਨਾਇਆ ਗਿਆ। ਸਭ ਤੋਂ ਪਹਿਲਾਂ ਪਹਿਲਗਾਮ ਘਟਨਾਕ੍ਰਮ ਸੰਬੰਧੀ ਸ਼ੋਕ ਪ੍ਰਗਟ ਕੀਤਾ ਗਿਆ ਅਤੇ ਇਸਦੀ ਪੁਰਜ਼ੋਰ ਨਿਖੇਧੀ ਕੀਤੀ ਗਈ, ਉਪਰੰਤ ਵਿੱਛੜੇ ਸਾਥੀਆਂ ਨੂੰ ਸ਼ਰਧਾਂਜ਼ਲੀ ਦਿੱਤੀ ਗਈ। ਕਾ. ਹਰਕੰਵਲ ਸਿੰਘ ਨੇ ਕਿਹਾ ਕਿ ਅਜ਼ਾਦੀ ਤੋਂ ਬਾਅਦ ਵੱਖ-ਵੱਖ ਪਾਰਟੀਆਂ ਨੇ ਕੇਂਦਰ ਅਤੇ ਪੰਜਾਬ ਵਿੱਚ ਸਰਕਾਰਾਂ ਤਾਂ ਬਣਾਈਆਂ, ਪ੍ਰੰਤੂ ਕਿਰਤੀ-ਮਜ਼ਦੂਰ ਦੀ ਹਾਲਤ ਵਿੱਚ ਕੋਈ ਤਬਦੀਲੀ ਨਹੀਂ ਹੋਈ। ਇਸ ਮੌਕੇ ਸੰਬੋਧਨ ਕਰਦਿਆਂ ਮਨਜੀਤ ਸੈਣੀ, ਓਮ ਸਿੰਘ ਸਟਿਆਣਾ, ਨਵਲ ਸਿੰਘ, ਦਵਿੰਦਰ ਕੱਕੋਂ, ਡਾ. ਸੁਖਦੇਵ ਢਿੱਲੋਂ, ਇੰਦਰਜੀਤ ਵਿਰਦੀ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਸੰਜੀਵ ਧੂਤ, ਗੰਗਾ ਪ੍ਰਸ਼ਾਦ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਵਲੋਂ ਕਿਰਤ ਕਾਨੂੰਨਾਂ ਨੂੰ ਕਤਮ ਕਰ ਦਿੱਤਾ ਗਿਆ ਹੈ, ਪੁਰਾਣੀ ਪੈਨਸ਼ਨ ਲਾਗੂ ਨਹੀਂ ਕੀਤੀ ਜਾ ਰਹੀ, ਦੇਸ਼ ਅੰਰ ਫਿਰਕੂ ਅਹਿੰਸਾ ਫੈਲਾਈ ਜਾ ਰਹੀ ਹੈ, ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ। ਬੁਲਾਰਿਆਂ ਵਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਰਕਾਰ ਕਿਰਤੀਆਂ ਦੀ ਹਾਲਤ ਸੁਧਾਰਨ ਲਈ ਸਿਹਤ ਬੀਮਾ, ਘੱਟੋ-ਘੱਟ ਉਜਰਤਾਂ ਅਤੇ ਸ਼ੋਸ਼ਲ ਸਕਿਓਰਿਟੀ ਨੂੰ ਅਮਲੀ ਜਾਮਾ ਪਹਿਨਾਵੇ।



# ਦਿਹਾਤੀ ਮਜ਼ਦੂਰ ਸਭਾ ਵੱਲੋਂ ਅੰਤਰ-ਰਾਸ਼ਟਰੀ ਮਜਦੂਰ ਦਿਵਸ ਮਨਾਇਆ

**ਸੁਲਤਾਨਪੁਰ ਲੋਧੀ (ਬਲਵੀਰ ਸਾਲ੍ਹਪੁਰੀ)** ਦਿਹਾਤੀ ਮਜਦੂਰ ਸਭਾ ਜ਼ਿਲ੍ਹਾ ਕਪੂਰਥਲਾ ਵਲੋਂ ਸੁਲਤਾਨਪੁਰ ਲੋਧੀ ਦੇ ਪਿੰਡ ਡੱਲਾ ਸਾਹਿਬ ਵਿਖੇ ਅੰਤਰਰਾਸਟਰੀ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਆਗੂਆਂ ਨੇ ਅਮਰੀਕਾ ਦੇ ਸਹਿਰ ਸ਼ਿਕਾਗੋ ਦੇ ਸਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ। ਸਟੇਜ ਦੀ ਕਾਰਵਾਈ ਸਾਥੀ ਓਮ ਪ੍ਰਕਾਸ ਲਾਟੀਆਂ ਵਾਲ ਨੇ ਨਿਭਾਈ। ਝੰਡੇ ਦੀ ਰਸਮ ਸਾਥੀ ਪਾਲ ਚੰਦ ਦੇ ਲੜਕੇ ਹੈਪੀ ਹਰਦੇਵ ਸਿੰਘ ਨੇ ਕੀਤੀ। ਇਸ ਮੌਕੇ ਦਿਹਾਤੀ ਮਜਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਹਰਬੰਸ ਲਾਲ ਮੱਟੂ ਨੇ ਸ਼ਿਕਾਗੋ ਦੇ ਮਜ਼ਦੂਰਾਂ ਉੱਤੇ ਹੋਏ ਅੱਤਿਆਚਾਰ ਸਬੰਧੀ ਚਾਨਣਾਂ ਪਾਇਆ। ਉਨ੍ਹਾਂ ਦੱਸਿਆ ਕਿ ਇਹ ਲਾਲ ਝੰਡੇ ਦਾ ਰੰਗ ਪਹਿਲਾਂ ਚਿੱਟਾ ਸੀ। ਇਹ ਰੰਗ ਲਾਲ ਮਿਹਨਤ ਕਸ ਮਜਦੂਰਾਂ ਦੇ ਖੂਨ ਨਾਲ ਰੰਗਿਆ ਗਿਆ ਸੀ। ਇਸ ਮੌਕੇ ਬਲਕਾਰ ਸਿੰਘ ਮੋਤੀਪੁਰ ਸਾਬਕਾ ਸਰਪੰਚ, ਜਥੇਬੰਦੀ ਦੇ ਪ੍ਰਧਾਨ ਸਰਬਣ ਸਿੰਘ ਦੋਦਾ ਵਜੀਰ, ਤਰਸੇਮ ਸਿੰਘ, ਬਖਸੀਸ ਸਿੰਘ, ਸੀਤਲ ਸਿੰਘ, ਖੰਨਾ, ਮੰਗੀ, ਢੋਲੀ, ਲਾਲੀ, ਨਿੰਦਰੋ, ਸਰਨਜੀਤ ਕੌਰ, ਸਾਗਰ, ਸਤਨਾਮ ਸਿੰਘ, ਜਰਨੈਲ ਸਿੰਘ ਆਦਿ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਹਾਜਰੀ ਲਗਵਾਈ।



# ਬਲਾਚੌਰ ਵਿਖੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਦਰਸਨ

● ਪੰਜਾਬ ਦੇ ਹੱਕ ਦਾ ਪਾਣੀ ਖੋਹਣ ਦੇ ਯਤਨਾਂ ਦਾ ਕੀਤਾ ਸਖਤ ਵਿਰੋਧ




**ਬਲਾਚੌਰ (ਜਸਵਿੰਦਰ ਬੈਂਸ)**- ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭਾਖੜਾ ਬਿਆਸ ਪ੍ਰਬੰਧਕ ਬੋਰਡ (ਬੀ. ਬੀ. ਐੱਮ. ਬੀ) ਜਰੀਏ ਪੰਜਾਬ ਤੇ ਪੰਜਾਬੀਆਂ ਦੇ ਹੱਕ ਦਾ ਪਾਣੀ ਖੋਹਣ ਦੇ ਯਤਨਾਂ ਦੇ ਸਖਤ ਵਿਰੋਧ ਵਿਚ ਅੱਜ ਬਲਾਚੌਰ ਦੇ 'ਆਪ' ਆਗੂਆਂ ਵੱਲੋਂ ਬਲਾਚੌਰ ਦੇ ਮਾਰਕੀਟ ਕਮੇਟੀ ਦਫਤਰ ਵਿਖੇ ਵਰਕਰਾਂ ਨਾਲ ਮਿਲ ਕੇ ਕੇਂਦਰ ਸਰਕਾਰ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਵਿਚ ਪਾਣੀ ਦੀ ਕਮੀ ਵਧਦੀ ਜਾ ਰਹੀ ਹੈ, ਇਸ ਦੇ ਚੱਲਦਿਆਂ ਹਰਿਆਣਾ ਨੂੰ ਵਾਧੂ ਪਾਣੀ ਨਹੀਂ ਦਿੱਤਾ ਜਾ ਸਕਦਾ, ਪਰੰਤੂ ਕੇਂਦਰ ਦੀ ਭਾਜਪਾ ਸਰਕਾਰ ਨੇ ਹਰਿਆਣਾ ਵਿਚ ਭਾਜਪਾ ਸਰਕਾਰ ਦਾ ਸਮਰਥਨ ਕਰਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਦੇ ਵੀ ਪੰਜਾਬ ਨੂੰ ਕੋਈ ਨੁਕਸਾਨ ਨਹੀਂ ਹੋਣ ਦੇਵੇਗੀ। ਉਨ੍ਹਾ ਕਿਹਾ ਕਿ ਉਹ ਕੇਂਦਰ ਸਰਕਾਰ ਦੀ ਇਸ ਕਾਰਵਾਈ ਦੀ ਸਖਤ ਨਿੰਦਾ ਕਰਦੇ ਹਨ। ਇਸ ਮੌਕੇ ਮਾਰਕੀਟ ਕਮੇਟੀ ਬਲਾਚੌਰ ਦੇ ਚੇਅਰਮੈਨ ਸੇਠੀ ਉਧਨਵਾਲ, ਪ੍ਰਧਾਨ ਨਗਰ ਕੌਂਸਲ ਸੁਨੀਲ ਕੌਸਲ (ਲਾਡੀ), ਹਨੀ ਡੱਬ ਐਮ.ਸੀ, ਨਿਰਮਲਾ ਰਾਣੀ ਐਮ.ਸੀ, ਵਿਸ਼ੂ ਰਾਣਾ, ਹਰਦੀਪ ਮਿੱਤਲ, ਰਾਮਪਾਲ ਮਹੇਸ਼ੀ, ਸਰਫਰਾਜ਼, ਹਲਕਾ ਕੋਆਰਡੀਨੇਟਰ ਬਲਦੇਵ ਰਾਜ, ਅਸ਼ੋਕ ਖੀਵੇਵਾਲ, ਕੁਲਦੀਪ ਸਿੰਘ, ਤੇ ਹੋਰ ਹਾਜਰ ਸਨ।

# ਇੱਕ ਵੀ ਬੂੰਦ ਪਾਣੀ ਦੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ : ਇੰਦਰਜੀਤ ਕੌਰ ਮਾਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਹਰਿਆਣਾ ਅਤੇ ਪੰਜਾਬ ਵਿਚਕਾਰ ਪਾਣੀ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਮੱਦੇਨਜਰ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਨੇ ਫੈਸਲਾ ਲਿਆ ਹੈ ਕਿ ਹਰਿਆਣਾ ਨੂੰ ਪੂਰਾ ਪਾਣੀ ਦਿੱਤਾ ਜਾਵੇਗਾ। ਬੁੱਧਵਾਰ ਸ਼ਾਮ ਹੋਈ ਇੱਕ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਹਰਿਆਣਾ ਲਈ 8,500 ਕਿਊਸਿਕ ਪਾਣੀ ਛੱਡਣ ਦੇ ਆਦੇਸ਼ ਦਿੱਤੇ ਗਏ, ਜਿਸ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਨਕੋਦਰ ਤੋਂ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਨੇ ਸਖਤ ਸਬਦਾਂ ਵਿੱਚ ਨਿੰਦਿਆ ਕੀਤੀ ਹੈ। ਉਨ੍ਹਾ ਕਿਹਾ ਕਿ ਇੱਕ ਵੀ ਬੂੰਦ ਪਾਣੀ ਦੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ ਚਾਹੇ ਸਾਨੂੰ ਇਸ ਦੇ ਬਦਲੇ ਆਪਣਾ ਖੂਨ ਕਿਉਂ ਨਾ ਦੇਣਾ ਪਵੇ। ਉਹਨਾਂ ਕਿਹਾ ਕਿ ਪਾਣੀਆਂ ਤੇ ਸਿਰਫ ਪੰਜਾਬ ਦਾ ਹੱਕ ਹੈ ਤੇ ਪੰਜਾਬ ਦਾ ਹੀ ਰਹੇਗਾ, ਕੇਂਦਰ ਕੋਝੀਆਂ ਚਾਲਾਂ ਚੱਲਦਾ ਇਹ ਸਭ ਡਰਾਮੇ ਕਰ ਰਿਹਾ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੇ ਖੂਨ ਤੋਂ ਵੀ ਜ਼ਿਆਦਾ ਪਿਆਰਾ ਹੈ, ਪੰਜਾਬ ਦਾ ਪਾਣੀ ਭਾਜਪਾ ਹੁਣ ਬੁਖਲਾਹਟ ਵਿੱਚ ਆ ਚੁੱਕੀ ਹੈ ।ਅਤੇ ਉਹ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਯੁੱਧ ਨਸ਼ਿਆਂ ਵਿਰੁੱਧ ਚੱਲ ਰਿਹਾ ਹੈ, ਉਹ ਬਹੁਤ ਹੀ ਸਫਲਪੂਰਕ ਹੋ ਰਿਹਾ ਹੈ। ਬੀਜੇਪੀ ਇਸ ਨੂੰ ਯੁੱਧ ਨਸਿਆਂ ਵਿਰੁੱਧ ਨੂੰ ਤਾਰੋਪੀਡੋ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਪੰਜਾਬ ਕੋਲ ਇੱਕ ਵੀ ਬੂੰਦ ਪਾਣੀ ਵਾਧੂ ਨਹੀਂ ਹੈ, ਪੰਜਾਬ ਦੇ ਪਾਣੀਆਂ ਦੇ ਹੱਕਾਂ ਦੀ ਰਾਖੀ ਕਰਨ ਦਾ ਸੰਕਲਪ ਦੁਹਰਾਇਆ ਹੈ।

# ਮਜ਼ਦੂਰ ਦਿਹਾੜਾ ਮਨਾਇਆ ਤੇ ਝੰਡਾ ਲਹਿਰਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਮਜ਼ਦੂਰ ਦਿਵਸ ਮੌਕੇ ਪੈਨਸ਼ਨਰ ਐਸੋਸੀਏਸ਼ਨ ਸਿਟੀ ਮੰਡਲ ਹੁਸ਼ਿਆਰਪੁਰ ਅਤੇ ਸਰਕਲ ਦਫਤਰ ਸਬਅਰਬਨ ਮੰਡਲ ਦੇ ਦਫਤਰ ਸਾਹਮਣੇ ਪੈਨਸ਼ਨਰ ਐਸੋਸੀਏਸ਼ਨ ਅਤੇ ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂਆਂ ਨੇ ਮਜ਼ਦੂਰ ਦਿਹਾੜਾ ਮਨਾਇਆ ਅਤੇ ਝੰਡਾ ਲਹਿਰਾਇਆ। ਇਸ ਮੌਕੇ ਹਾਜ਼ਰ ਕਰਮਚਾਰੀਆਂ ਅਤੇ ਪੈਨਸ਼ਨਰ ਐਸੋਸੀਏਸ਼ਨ ਦੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਮਜ਼ਦੂਰ ਦਿਹਾੜਾ ਜ਼ਿੰਦਾਬਾਦ, ਸ਼ਿਕਾਗੋ ਦੇ ਸ਼ਹੀਦਾਂ ਨੂੰ ਲਾਲ ਸਲਾਮ, ਲਾਲ ਝੰਡਾ ਲਾਲ ਸਲਾਮ ਆਦਿ ਦੇ ਜੋਸ਼ ਭਰਪੂਰ ਨਾਅਰੇ ਲਗਾਏ ਗਏ। ਇਸ ਮੌਕੇ ਸ੍ਰੀ ਦਰਸ਼ਨ ਕੁਮਾਰ ਮਹਿਤਾ, ਪ੍ਰਵੇਸ਼ ਕੁਮਾਰ ਖੁਸ਼ੀਰਾਮ ਧੀਮਾਨ, ਅਸ਼ਵਨੀ ਕੁਮਾਰ ਮਨਧੀਰ ਸਿੰਘ ਠਾਕੁਰ ਅਵਤਾਰ ਸਿੰਘ ਸੰਤੋਸ਼ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੀ ਭਾਰਤ ਸਰਕਾਰ ਦੇ ਨਕਸ਼ੇ ਕਦਮਾਂ ਤੇ ਚੱਲ ਰਹੀ ਹੈ। ਜਥੇਬੰਦੀਆਂ ਅਤੇ ਪੈਨਸ਼ਨਰ ਐਸੋਸੀਏਸ਼ਨਾਂ ਨੂੰ ਮੀਟਿੰਗ ਨਾ ਦੇ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ। ਇਸ ਮੌਕੇ ਰਤਨ ਲਾਲ ਸਤਪਾਲ ਕਪੂਰ ਅਜੀਤ ਸਿੰਘ ਨਛੱਤਰ ਸਿੰਘ ਕਮਲ ਗੁਪਤਾ ਸੁਰਿੰਦਰ ਕੁਮਾਰ ਤੀਰਥਾਂ ਅਜੀਤ ਪਾਲ ਸਿੰਘ ਕਿਸ਼ਨ ਕੁਮਾਰ ਮਹਿੰਦਰ ਸਿੰਘ ਅਮਨ ਕੁਮਾਰ ਸੰਤੋਸ਼ ਕੁਮਾਰ ਲਖਵਿੰਦਰ ਸਿੰਘ। ਅੰਤ ਵਿੱਚ ਨਿਰਮਲ ਸਿੰਘ ਜੋਨ ਪ੍ਰਧਾਨ ਟੈਕਨੀਕਲ ਸਰਵਿਸ ਯੂਨੀਅਨ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਤੇ ਸਰਕਾਰ ਦੀਆਂ ਨੀਤੀਆਂ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ।

# ਢਾਡੀ ਗੁਰਜੀਤ ਸਿੰਘ ਦਾ ਯੂ ਕੇ ਪਹੁੰਚਣ 'ਤੇ ਨਿੱਘਾ ਸਵਾਗਤ

**ਸੁਲਤਾਨਪੁਰ ਲੋਧੀ (ਹਨੀ)**- ਬੀਤੇ ਦਿਨੀਂ ਸ਼੍ਰੋਮਣੀ ਢਾਡੀ ਗੁਰਜੀਤ ਸਿੰਘ, ਜੋ ਕਿ ਯੂਕੇ ਦੇ ਦੌਰੇ ਦੌਰਾਨ ਲੰਡਨ ਪਹੁੰਚੇ। ਇੰਗਲੈਂਡ ਪਹੁੰਚਣ 'ਤੇ ਉਨ੍ਹਾਂ ਦਾ ਯੂਕੇ ਦੇ ਉੱਘੇ ਕਾਰੋਬਾਰੀਆਂ ਤੇ ਸੰਗਤਾਂ ਵੱਲੋਂ ਉਹਨਾਂ ਨੂੰ ਜੀ ਆਇਆ ਆਖਿਆ ਗਿਆ ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਵਾਗਤ ਕਰਦਿਆਂ ਪ੍ਰਤਾਪ ਸਿੰਘ ਮੋਮੀ ਨੇ ਦੱਸਿਆ ਕਿ ਇੰਟਰਨੈਸ਼ਨਲ ਗੋਲਡ ਮੈਡਲਿਸਟ ਪੰਥਕ ਢਾਡੀ ਗੁਰਜੀਤ ਸਿੰਘ ਗੋਰੀ ਜਾਂਗਲਾ ਵੱਲੋਂ ਸਿੱਖੀ ਦੇ ਪ੍ਰਚਾਰ ਹਿਤ ਜਿੱਥੇ ਵੱਖ ਵੱਖ ਦੇਸਾਂ ਵਿੱਚ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਜਾਂਦੀ ਹੈ, ਉਥੇ ਹੀ ਉਨ੍ਹਾਂ ਵੱਲੋਂ ਵੱਡੀ ਤਾਦਾਦ ਵਿੱਚ ਯੂਕੇ ਵਿਖੇ ਵੀ ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਅਤੇ ਸਿੱਖੀ ਦੇ ਪ੍ਰਚਾਰ ਤੇ ਇਤਿਹਾਸਿਕ ਜਾਣਕਾਰੀ ਸੰਗਤਾਂ ਨਾਲ ਸਾਂਝੇ ਕੀਤੀ ਜਾਂਦੀ ਹੈ। ਇਸ ਮੌਕੇ ਲੰਡਨ ਪਹੁੰਚਣ ਤੇ ਗੁਰਜੀਤ ਸਿੰਘ ਗੋਰੀ ਦਾ ਸਵਾਗਤ ਕਰਨ ਵਾਲਿਆਂ ਵਿੱਚ ਪ੍ਰਤਾਪ ਸਿੰਘ ਮੋਮੀ, ਅਮਰਜੀਤ ਸਿੰਘ ਲਾਡਾ ਠੱਟਾ ਨਵਾਂ,ਸਰਬਜੀਤ ਸਿੰਘ ਗਰੇਵਾਲ, ਸੋਡੀ ਦੁੱਤੀ, ਪਲਵਿੰਦਰ ਸਿੰਘ ਕੁਲਚੇ ਐਕਸਪ੍ਰੈਸ ਵਾਲੇ, ਸਤਨਾਮ ਸਿੰਘ ਹੋਠੀ, ਪ੍ਰੀਤ ਟਾਂਡੀ ਅਤੇ ਸੰਨੀ ਚਾਚਾ ਵਿਸੇਸ ਤੌਰ ਤੇ ਹਾਜਰ ਸਨ।



# ਮਨਰੇਗਾ ਕਿਰਤੀਆਂ ਦੀਆਂ ਮੰਗਾਂ 'ਤੇ ਚਰਚਾ



**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਕਰੀਮ ਪੁਰ ਵਿੱਚ ਮਨਰੇਗਾ ਸਕੀਮ ਹੇਠ ਕੰਮ ਕਰ ਰਹੀ ਲੇਬਰ ਨਾਲ ਸਮਾਜ ਸੇਵਕ ਸਰਜੀਤ ਕਰੀਮ ਪੁਰੀ ਅਪਣੇ ਵਿਚਾਰ ਸਾਂਝੇ ਕੀਤੇ ਸੁਰਜੀਤ ਕਰੀਮਪੁਰ ਨੇ ਕਿਹਾ ਕਿ ਮਨਰੇਗਾ ਕਿਰਤੀਆਂ ਦੀਆਂ ਮੰਗਾਂ ਤੇ ਵਿਸਥਾਰ ਸਹਿਤ ਚਰਚਾ ਕੀਤੀ ਨੇ ਚਿੰਤਾ ਪ੍ਰਗਟ ਕੀਤੀ ਕਿ ਜਿਲ੍ਹੇ ਅੰਦਰ ਮਨਰੇਗਾ ਕਿਰਤੀਆਂ ਨੂੰ ਅੱਜ ਦੇ ਮਹਿੰਗਾਈ ਦੇ ਯੁਗ ਵਿੱਚ ਪਿਛਲੇ ਤਿੰਨ ਮਹੀਨੇ ਤੋਂ ਕੀਤੇ ਕੰਮਾਂ ਦੀ ਉਜਰਤ ਨਹੀਂ ਮਿਲੀ, ਜਿਸ ਕਾਰਨ ਕਿਰਤੀਆਂ ਦਾ ਪਰਿਵਾਰ ਚਲਾਉਣਾ ਮੁਸ਼ਕਲ ਹੋ ਰਿਹਾ। ਪ੍ਰਦੇਸੀਆਂ ਨੇ ਬੇਰੁਜਗਾਰ ਬਣਾ ਦਿੱਤਾ ਹੈ ਇਹ ਤੇ ਪੰਜਾਬ ਸਰਕਾਰ ਗੌਰ ਨਹੀ ਕਰ ਰਹੀ । ਪੰਜਾਬ ਸਰਕਾਰ ਮਨਰੇਗਾ ਵਾਲਿਆਂ ਲਈ 62 ਸਾਲ ਤੋ ਬਾਅਦ ਪੈਨਸ਼ਨ ਤੇ ਜੋ ਅਫਸਰ ਰੀਟਾਇਰ ਹੋਣ 'ਤੇ ਸਹੂਲਤਾ ਲੈਂਦੇ ਹਨ, ਉਹ ਹੀ ਸਹੂਲਤਾ ਮਨਰੇਗਾ ਕਾਮਿਆਂ ਮਿਲਣੀਆਂ ਚਾਹੀਦੀਆਂ ਹਨ । ਜਿਸ ਔਰਤ ਜਾਂ ਮਰਦ ਦੇ ਕੰਮ ਉਪਰ ਕਿਸੇ ਕਿਸਮ ਦੀ ਸੱਟ ਜਾ ਕੋਈ ਹੋਰ ਕਿਸੇ ਕਾਰਨ ਮੌਤ ਤਾ ਅਪੰਗ ਹੋ ਜਾਂਦਾ ਹੈ ਉਸ ਨੇ ਮਾਲੀ ਸਹਾਇਤਾ ਤੇ ਮੋਕੇ ਤੇ ਹੀ ਉਸਦਾ ਸਰਕਾਰ ਵਲੋ ਇਲਾਜ ਕਰਵਾਇਆ ਜਾਵੇ ਤੇ ਪੈਸੇ ਦੀ ਮਾਲੀ ਸਹਾਇਤਾ ਦਿੱਤੀ ਜਾਵੇ । ਕਈ ਵਾਰ ਹੋ ਚੁੱਕਿਆਂ ਕਿ ਲੇਬਰ ਦੇ ਸੱਟ ਵੱਜ ਜਾਂਦੀ ਹੈ ਉਸਦਾ ਇਲਾਜ ਕਰਵਾਉਣ ਦੀ ਬਜਾਵੇ ਉਸ ਨੂੰ ਘਰ ਭੇਜ ਦਿਤਾ ਜਾਂਦਾ ਹੈ ਇਹੋ ਜਿਹੇ ਲੋਕਾ ਉਪਰ ਸਖਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਇਹ ਲੋਕ ਬਹੁਤ ਹੀ ਭੋਲੇ ਭਾਲੇ ਹਨ ਤੇ ਇਹਨਾ ਲੇਬਰ ਵਾਲੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹਨਾਂ ਨੂੰ ਬਣਦੀ ਸਰਕਾਰੀ ਸਹਾਇਤਾ ਦਿੱਤੀ ਜਾਵੇ ਤੇ ਇਹਨਾਂ ਦੀ 100 ਦਿਨ ਸਾਲ ਵਿੱਚ ਲਗਾਉਣ ਦੀ ਬਜਾਏ 200 ਕੀਤਾ ਜਾਵੇ ਤੇ ਦਿਨ ਦੀ ਤਰਖਾਹ ਵੀ 500 ਕੀਤੀ ਜਾਵੇ ਤਾ ਹੋ ਇਹ ਲੋਕ ਮਾਣ ਮਹਿਸੂਸ ਕਰ ਸਕਦ ਕਿ ਸਰਕਾਰ ਸਾਡੀ ਸੁਣ ਰਹੀ ਹੈ, ਬਾਕੀ ਇਹਨਾ ਨੂੰ ਪੂਰੀ ਕੰਮ ਕਰਨ ਵਾਲੀ ਵਰਦੀ 'ਤੇ ਬੂਟ ਦਸਤਾਨੇ, ਔਜਾਰ ਸਰਕਾਰ ਵਲੋਂ ਪ੍ਰਦਾਨ ਕੀਤੇ ਜਾਣ।

# ਵਿਨੇ ਕੁਮਾਰ ਬਣੇ ਬਾਬਾ ਸੈਨ ਭਗਤ ਮੰਦਰ ਕਮੇਟੀ ਦੇ ਸਕੱਤਰ

**ਫਗਵਾੜਾ (ਕਮਲ ਰਾਏ)** ਮੰਦਿਰ ਕਮੇਟੀ ਬਾਬਾ ਸੈਨ ਭਗਤ ਜੀ ਓਹਰੀਆਂ ਮੁਹੱਲਾ ਕਟੈਹਰਾ ਬਾਜਾਰ ਫਗਵਾੜਾ ਦੀ ਮੀਟਿੰਗ ਮੰਦਿਰ ਵਿਖੇ ਹੋਈ। ਜਿਸਦੀ ਪ੍ਰਧਾਨਗੀ ਕਮੇਟੀ ਚੇਅਰਮੈਨ ਪ੍ਰਮੋਦ ਕਪੂਰ ਨੇ ਕੀਤੀ। ਮੀਟਿੰਗ ਦੌਰਾਨ ਕਮੇਟੀ ਪ੍ਰਧਾਨ ਵਿਕਾਸ ਐਰੀ ਨੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਸਹਿਮਤੀ ਨਾਲ ਵਿਨੇ ਕੁਮਾਰ ਨੂੰ ਕਮੇਟੀ ਦਾ ਸਕੱਤਰ ਐਲਾਨਿਆ। ਜਿਸ 'ਤੇ ਨਵ ਨਿਯੁਕਤ ਸਕੱਤਰ ਵਿਨੇ ਕੁਮਾਰ ਨੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਜੋ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ, ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ ਮੰਦਿਰ ਦੇ ਵਿਕਾਸ ਵਿਚ ਉਹ ਆਪਣਾ ਬਣਦਾ ਯੋਗਦਾਨ ਦੇਣਗੇ। ਇਸ ਮੌਕੇ ਕਮੇਟੀ ਦੇ ਉਪ ਪ੍ਰਧਾਨ ਕੁਲਵੰਤ, ਕੈਸ਼ੀਅਰ ਰੂਪ ਲਾਲ, ਜੁਆਇੰਟ ਸਕੱਤਰ ਪਰਮਜੀਤ, ਭੋਲਾ ਤੋਂ ਇਲਾਵਾ ਮੈਂਬਰ ਸੁਰਿੰਦਰ ਕੁਮਾਰ, ਪ੍ਰਦੀਪ, ਰਮੇਸ਼ ਕੁਮਾਰ, ਜੀਵਨ ਲਾਲ, ਹਰਜਿੰਦਰ, ਸੁਭਾਸ਼ ਚੰਦ, ਕ੍ਰਿਸ਼ਨ ਲਾਲ ਆਦਿ ਹਾਜਰ ਸਨ।

# 'ਮਿਸ਼ਨ ਜ਼ਿੰਦਗੀ-ਨਸ਼ਿਆਂ ਤੋਂ ਮੁਕਤ, ਸਿਹਤਮੰਦ ਤੇ ਸਪੋਰਟਸ-ਪ੍ਰੇਰਿਤ ਨੌਜਵਾਨ ਪੀੜ੍ਹੀ' ਦੀ ਰਚਨਾ



**ਜਲੰਧਰ (ਸ਼ੈਲੀ ਐਲਬਰਟ)**- ਸਮਾਜਿਕ ਜਾਗਰੂਕਤਾ ਅਤੇ ਨੌਜਵਾਨਾਂ ਦੇ ਸਸ਼ਕਤੀਕਰਨ ਵੱਲ ਇੱਕ ਮਜ਼ਬੂਤ ਕਦਮ ਚੁੱਕਦੇ ਹੋਏ, ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਖੇਡ ਭਾਰਤੀ ਪੰਜਾਬ ਦੇ ਸਹਿਯੋਗ ਨਾਲ ਸਰਦਾਰਨੀ ਮੰਜੀਤ ਕੌਰ ਆਡੀਟੋਰੀਅਮ, ਸ਼ਾਹਪੁਰ ਕੈਂਪਸ ਵਿੱਚ 'ਮਿਸ਼ਨ ਜ਼ਿੰਦਗੀ - ਨਸ਼ਿਆਂ ਤੋਂ ਆਜ਼ਾਦੀ' ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਪੈਨਲ ਚਰਚਾ ਦਾ ਆਯੋਜਨ ਕੀਤਾ। ਇਸ ਕਾਰਜਕ੍ਰਮ ਦਾ ਟੀਚਾ ਨਸ਼ੀਲੇ ਪਦਾਰਥਾਂ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਫੈਲਾਉਣ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਖੇਡਾਂ ਵਿੱਚ ਹਿੱਸਾ ਲੈਣ ਅਤੇ ਸਿਹਤਮੰਦ ਜੀਵਨ ਜੀਣ ਦੀ ਪ੍ਰੇਰਣਾ ਦੇਣਾ ਸੀ।ਪੈਨਲ ਵਿੱਚ ਹਸਤੀਆਂ ਸ਼ਾਮਲ ਸਨ : ਸ਼ਿਵ ਸਿੰਘ, ਦ੍ਰੋਣਾਚਾਰਯ ਐਵਾਰਡੀ, ਨੈਸ਼ਨਲ ਬਾਕਸਿੰਗ ਕੋਚ ਅਤੇ ਗਵਰਨਰ ਸਪੋਰਟਸ ਕਮੇਟੀ ਦੇ ਮੈਂਬਰ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਅਤੇ ਖੇਡਾਂ ਦੁਆਰਾ ਜ਼ਿੰਦਗੀ ਬਦਲਣ ਦੀਆਂ ਪ੍ਰੇਰਕ ਕਹਾਣੀਆਂ ਸੁਣਾਈਆਂ। ਡਾ. ਰਾਕੇਸ਼ ਮਲਿਕ, ਡਾਇਰੈਕਟਰ ਆਫ਼ ਸਪੋਰਟਸ, ਪੰਜਾਬ ਯੂਨੀਵਰਸਿਟੀ ਨੇ ਸਰੀਰਕ ਅਤੇ ਮਾਨਸਿਕ ਮਜ਼ਬੂਤੀ ਲਈ ਖੇਡਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਅਰਵਿੰਦ ਸਿੰਘ ਰਾਣਾ, ਪਾਰਟਨਰ, ਰੈਨਸਨ ਸਪੋਰਟਸ ਇੰਡਸਟਰੀ ਅਤੇ ਖੇਡ ਭਾਰਤੀ ਪੰਜਾਬ ਦੇ ਪ੍ਰਧਾਨ ਨੇ ਖੇਡ ਉਦਯੋਗ ਅਤੇ ਖੇਡ ਭਾਰਤੀ ਵਰਗੇ ਲੋਕ-ਪੱਧਰੀ ਖੇਡ ਅੰਦੋਲਨਾਂ ਦੇ ਯੋਗਦਾਨ ਬਾਰੇ ਚਰਚਾ ਕੀਤੀ। ਇਸ ਸੈਸ਼ਨ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ, ਸਰੀਰਕ ਤੰਦਰੁਸਤੀ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਸੁਧਾਰਨ ਵਿੱਚ ਖੇਡਾਂ ਦੀ ਸ਼ਕਤੀ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ।ਸੀ.ਟੀ. ਗਰੁੱਪ ਦੇ ਵਾਈਸ ਚੇਅਰਮੈਨ, ਹਰਪ੍ਰੀਤ ਸਿੰਘ ਨੇ ਧੰਨਵਾਦ ਜਤਾਉਂਦਿਆਂ ਸਪੀਕਰਾਂ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਨਸ਼ਾ ਵਿਰੋਧੀ ਅੰਦੋਲਨ ਦੀ ਅਗਵਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਸੰਗਰਾਮ ਸਿੰਘ, ਡਾਇਰੈਕਟਰ ਕੈਂਪਸ ਅਤੇ ਡਾ. ਅਰਜਨ ਸਿੰਘ, ਡੀਨ, ਸਟੂਡੈਂਟ ਵੈੱਲਫੇਅਰ ਵੀ ਮੌਜੂਦ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਨਿੱਜੀ ਵਿਕਾਸ ਅਤੇ ਦੇਸ਼ ਦੀ ਤਰੱਕੀ ਵੱਲ ਧਿਆਨ ਕੇਂਦ੍ਰਿਤ ਕਰਨ ਲਈ ਉਤਸ਼ਾਹਿਤ ਕੀਤਾ।

# ਇੰਡੀਅਨ ਨੇਵੀ ਤੋਂ ਰਿਟਾਇਰਡ ਹੋਏ ਕੁਲਵੀਰ ਕੁਮਾਰ ਦਾ ਫਿਲੌਰ ਪੁੱਜਣ 'ਤੇ ਕੀਤਾ ਭਰਵਾਂ ਸਵਾਗਤ

**ਫਿਲੌਰ (ਨਿਰਮਲ)**- ਪਿੰਡ ਅੱਟੀ ਫਿਲੌਰ ਦੇ ਇੰਡੀਅਨ ਨੇਵੀ ਤੋਂ ਰਿਟਾਇਰਡ ਹੋਏ ਨੌਜਵਾਨ ਕੁਲਵੀਰ ਕੁਮਾਰ 15 ਸਾਲ ਦੀ ਨੌਕਰੀ ਉਪਰਾਂਤ ਆਪਣੇ ਪਿੰਡ ਅੱਟੀ (ਫਿਲੌਰ) ਪੁੱਜੇ ਤੇ ਭਰਵਾਂ ਸਵਾਗਤ ਕੀਤਾ। ਉਹ ਫਿਲੌਰ ਸ਼ਹਿਰ ਵਿੱਚ ਲੱਗੇ ਡਾ. ਭੀਮ ਰਾਓ ਅੰਬੇਦਕਰ ਦੇ ਸਥਾਪਿਤ ਸਟੈਚੂ ਉੱਤੇ ਨਤਮਸਤਕ ਹੋਏ। ਇਸ ਮੌਕੇ ਉਹਨਾਂ ਕਿਹਾ ਕਿ ਉਹ ਅੱਜ ਡਾਕਟਰ ਸਾਹਿਬ ਦੀ ਬਦੌਲਤ 15 ਸਾਲ ਨੇਵੀ ਵਿੱਚ ਸੇਵਾ ਦੇ ਕੇ ਆਪਣੀ ਨੌਕਰੀ ਪੂਰੀ ਕਰਕੇ ਆਪਣੇ ਪਿੰਡ ਰਾਜ਼ੀ ਖੁਸ਼ੀ ਪੁੱਜੇ ਹਨ। ਉਹਨਾਂ ਅੱਗੇ ਕਿਹਾ ਕਿ ਉਹਨਾਂ ਨੇ ਜੋ 15 ਸਾਲ ਦੀ ਨੌਕਰੀ ਆਪਣੇ ਸਾਥੀਆਂ ਨਾਲ ਬਿਤਾਈ ਹੈ ਉਸ ਨੂੰ ਕਦੇ ਵੀ ਭੁੱਲ ਨਹੀਂ ਸਕਦਾ। ਉਹਨਾਂ ਇਲਾਕਾ ਨਿਵਾਸੀਆਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਫੌਜ ਵਿੱਚ ਭਰਤੀ ਕਰਾਉਣ। ਇਸ ਮੌਕੇ ਐਡਵੋਕੇਟ ਸੰਜੀਵ ਭੋਰਾ ਨੇ ਫੌਜੀ ਜਵਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਰਤ ਨੂੰ ਫੌਜੀਆਂ 'ਤੇ ਮਾਣ ਹੈ ਜੋ ਆਪਣੇ ਮਾਤਾ ਪਿਤਾ, ਦੇਸ਼ ਤੇ ਸੂਬੇ ਦਾ ਮਾਣ ਵਧਾ ਰਹੇ ਹਨ।



# ਆਰ ਬੀ ਯੂ ਵਿਖੇ ਪੌਦੇ ਲਗਾਉਣ ਦੀ ਮੁਹਿੰਮ

**ਚੰਡੀਗੜ੍ਹ (ਗੁਰਜੀਤ ਬਿੱਲਾ)** - ਰਿਆਤ ਬਾਹਰਾ ਯੂਨੀਵਰਸਿਟੀ ਕੈਂਪਸ ਵਿਖੇ ਰੁੱਖ ਲਗਾਓ, ਭਵਿੱਖ ਬਚਾਓ ਸਿਰਲੇਖ ਹੇਠ ਇੱਕ ਵਾਤਾਵਰਣ ਸਮਾਜਿਕ ਜ਼ਿੰਮੇਵਾਰੀ ਮੁਹਿੰਮ ਦਾ ਆਯੋਜਨ ਕੀਤਾ ਗਿਆ।ਇਹ ਮੁਹਿੰਮ ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਇਲੈਕਟ੍ਰਾਨਿਕਸ ਅਤੇ ਸੰਚਾਰ ਇੰਜੀਨੀਅਰਿੰਗ ਵਿਭਾਗਾਂ ਦੇ ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਇੱਕ ਸਾਂਝਾ ਉਪਰਾਲਾ ਸੀ।ਇਸ ਮੌਕੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਡੀਨ ਆਫ਼ ਅਕਾਦਮਿਕ ਡਾ. ਸਤੀਸ਼ ਕੁਮਾਰ ਬਾਂਸਲ ਮੌਜੂਦ ਸਨ। ਇਹ ਮੁਹਿੰਮ ਈਈਸੀਈ ਵਿਭਾਗ ਦੇ ਡੀਨ ਡਾ. ਅਨਮੋਲ ਗੋਇਲ ਅਤੇ ਸੋਨਲ ਸੂਦ (ਐੱਚਓਡੀ) ਦੀ ਅਗਵਾਈ ਹੇਠ ਚਲਾਈ ਗਈ।ਪ੍ਰੋਗਰਾਮ ਦੇ ਇੰਚਾਰਜ ਇੰਜੀਨੀਅਰ ਰਜਤ ਗੁਪਤਾ ਨੇ ਵੀ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਇਸ ਮੌਕੇ ਬੋਲਦਿਆਂ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਰੁੱਖ ਸਾਡੇ ਵਾਤਾਵਰਣ ਦਾ ਅਨਿੱਖੜਵਾਂ ਅੰਗ ਹਨ।ਉਹਨਾਂ ਕਿਹਾ ਕਿ ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਹੋਰ ਰੁੱਖ ਲਗਾਈਏ।ਇਸ ਮੁਹਿੰਮ ਦਾ ਮੁੱਖ ਉਦੇਸ਼ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਹਰੇ ਭਰੇ ਭਵਿੱਖ ਨੂੰ ਉਤਸ਼ਾਹਿਤ ਕਰਨਾ ਸੀ।ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਕੈਂਪਸ ਵਿੱਚ ਕਈ ਤਰ੍ਹਾਂ ਦੇ ਰੁੱਖ ਲਗਾਏ ਅਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ ਬਾਰੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲਿਆ।



# 1.53 ਕਰੋੜ ਦੀ ਲਾਗਤ ਨਾਲ ਜ਼ਿਲ੍ਹੇ ਦੇ 17 ਹੋਰ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਨੂੰ ਹੁਲਾਰਾ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਸਕੂਲ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੇ ਮਕਸਦ ਨਾਲ ਸੂਬਾ ਸਰਕਾਰ ਵੱਲੋਂ ਵਿੱਢੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਬੁੱਧਵਾਰ ਨੂੰ ਜ਼ਿਲ੍ਹੇ ਦੇ 17 ਹੋਰ ਸਰਕਾਰੀ ਸਕੂਲਾਂ ਵਿੱਚ 1.53 ਕਰੋੜ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਨ੍ਹਾਂ ਵਿੱਚ ਆਧੁਨਿਕ ਕਲਾਸਰੂਮ, ਸਾਇੰਸ ਲੈਬੋਰੇਟਰੀਜ਼, ਖੇਡ ਦੇ ਮੈਦਾਨ, ਚਾਰਦੀਵਾਰੀਆਂ ਸਮੇਤ ਲੋੜੀਂਦੀ ਮੁਰੰਮਤ ਦੇ ਵਿਕਾਸ ਕੰਮ ਸ਼ਾਮਲ ਹਨ, ਜੋ ਅੱਜ 9 ਸਰਕਾਰੀ ਪ੍ਰਾਇਮਰੀ ਅਤੇ 8 ਸਰਕਾਰੀ ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿਚ ਸਮਰਪਿਤ ਕੀਤੇ ਗਏ। ਇਸੇ ਮੁਹਿੰਮ ਤਹਿਤ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਰਕਾਰੀ ਮਾਡਲ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਪ੍ਰਾਇਮਰੀ ਵਿੰਗ) ਅਰਬਨ ਇਸਟੇਟ ਫੇਜ਼-2 ਵਿਖੇ ਵਿਦਿਆਰਥੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ 10 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਸਮਰਪਿਤ ਕੀਤੀ ਗਈ। ਉਦਘਾਟਨੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਅੱਜ ਇਸ ਸਕੂਲ ਵਿਖੇ ਚਾਰਦੀਵਾਰੀ ਦਾ ਉਦਘਾਟਨ ਕੀਤਾ ਗਿਆ ਹੈ, ਜਿਸ ਨਾਲ ਬੱਚਿਆਂ ਦੀ ਸੁਰੱਖਿਆ ਯਕੀਨੀ ਬਣੇਗੀ। ਸ੍ਰੀ ਭਗਤ ਨੇ ਕਿਹਾ ਕਿ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਲਈ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਸੂਬੇ ਦੇ ਹਰੇਕ ਸਕੂਲ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਸਰਕਾਰੀ ਸਕੂਲ ਬੁਨਿਆਦੀ ਢਾਂਚੇ, ਆਧੁਨਿਕ ਸਹੂਲਤਾਂ, ਪੜ੍ਹਾਈ, ਨਤੀਜੇ ਸਮੇਤ ਕਿਸੇ ਪੱਖੋਂ ਪ੍ਰਾਈਵੇਟ ਸਕੂਲਾਂ ਨਾਲੋਂ ਘੱਟ ਨਹੀਂ ਹਨ ਸਗੋਂ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਉੱਚ ਯੋਗਤਾ ਪ੍ਰਾਪਤ ਅਧਿਆਪਕਾਂ ਵੱਲੋਂ ਪੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਦੀ ਅਪੀਲ ਕਰਦਿਆਂ ਇਨ੍ਹਾਂ ਸਕੂਲਾਂ ਵਿੱਚ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਲਾਭ ਲੈਣ ਦੀ ਅਪੀਲ ਵੀ ਕੀਤੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਦੇ ਨਾਲ-ਨਾਲ ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ 25 ਫੀਸਦੀ ਸੀਟਾਂ ਦੇ ਰਾਖਵੇਂਕਰਨ ਨੂੰ ਲਾਗੂ ਕਰਨ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਇਸ ਮੌਕੇ ਸਕੂਲ ਨੂੰ ਵਿਕਾਸ ਕਾਰਜਾਂ ਲਈ 10 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ। ਇਸੇ ਤਰ੍ਹਾਂ ਵਿਧਾਨ ਸਭਾ ਹਲਕਾ ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ ਵੱਲੋਂ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ 78.80 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ। ਵਿਧਾਇਕ ਬਲਕਾਰ ਸਿੰਘ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਕਾਲਾ ਖੇੜਾ ਵਿਖੇ 75 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਛੋਟਾ ਬੜਾ ਪਿੰਡ ਵਿਖੇ ਤਿੰਨ ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਰਜਬ ਵਿਖੇ 80 ਹਜ਼ਾਰ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ ਨੇ ਸਰਕਾਰੀ ਮਾਡਲ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਪ੍ਰਾਇਮਰੀ ਵਿੰਗ) ਅਰਬਨ ਇਸਟੇਟ ਫੇਜ਼-2 ਵਿਖੇ ਉਦਘਾਟਨੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਸੂਬੇ ਦੇ ਰੌਸ਼ਨ ਭਵਿੱਖ ਦੀ ਨੀਂਹ ਰੱਖੇਗੀ। ਉਨ੍ਹਾਂ ਸਰਕਾਰੀ ਸਕੂਲਾਂ ਵਿੱਚ ਬਿਲਕੁਲ ਮੁਫ਼ਤ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ 'ਤੇ ਚਾਨਣਾ ਪਾਉਂਦਿਆਂ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ 6 ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 27.04 ਲੱਖ ਅਤੇ ਹਲਕਾ ਆਦਮਪੁਰ ਦੇ 7 ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 37.70 ਲੱਖ ਦੀ ਲਾਗਤ ਨਾਲ ਤਿਆਰ ਵਿਕਾਸ ਕਾਰਜ ਸਮਰਪਿਤ ਕੀਤੇ ਗਏ।

# ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ 'ਚ ਲਾਲ ਝੰਡਾ ਲਹਿਰਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਮਜ਼ਦੂਰ ਦਿਵਸ 'ਤੇ ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ ਯੂਨੀਅਨ (ਏਟਕ) ਪੰਜਾਬ ਰੋਡਵੇਜ਼ ਦੇ ਵਰਕਸ਼ਾਪ ਦੇ ਗੇਟ 'ਤੇ ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਲਾਲ ਝੰਡਾ ਲਹਿਰਾਇਆ ਗਿਆ।ਏਟਕ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਵਲੋਂ ਨਵੇਂ ਚਾਰ ਕੋਡ ਲਿਆਂਦੇ ਜਾ ਰਹੇ ਹਨ ਜਦ ਕੇ 1886 ਵਿੱਚ ਮਜਦੂਰ ਜਮਾਤ ਵਲੋਂ ਸੰਘਰਸ਼ ਕਰਕੇ 8 ਘੰਟੇ ਡਿਊਟੀ ਐਤਵਾਰ ਦੀ ਪੱਕੀ ਛੁੱਟੀ ਕੀਤੀ ਗਈ ਹੈ ਹੁਣ ਸਰਕਾਰ ਫਿਰ ਤੋਂ 12 ਘੰਟੇ ਦਾ ਕਾਨੂੰਨ ਲਿਆ ਰਹੀ ਹੈ। ਅੱਜ ਦੇ ਸਮੇਂ ਵਿੱਚ 12 ਘੰਟੇ ਦੀ ਬਜਾਏ 6 ਘੰਟੇ ਸਮਾਂ ਕਰਨਾ ਚਾਹੀਦਾ ਹੈ ਤਾਂ ਜੋ ਬੇਰੋਜ਼ਗਾਰ ਲੋਕਾਂ ਨੂੰ ਵੀ ਰੋਜ਼ਗਾਰ ਮਿਲ ਸਕੇ।ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਪੰਜਾਬ ਰੋਡਵੇਜ਼ ਦੇ ਫਲੀਟ ਵਿੱਚ 2407 ਬੱਸਾਂ ਸੀ।ਹੁਣ ਦੇ ਸਮੇਂ ਘੱਟ ਹੁੰਦੀ ਹੁੰਦੀ 1000 ਬਸ ਹੀ ਰਹਿ ਗਈ ਹੈ। ਉਹਨਾਂ ਵਿੱਚੋਂ ਵੀ ਕਈ ਬੱਸਾਂ ਸਪੇਅਰ ਪਾਰਟ ਨਾ ਹੋਣ ਕਾਰਨ ਵਰਕਸ਼ਾਪ ਦੇ ਵਿੱਚ ਖੜੀਆਂ ਹਨ ।ਪ੍ਰਧਾਨ ਬਲਬੀਰ ਸਿੰਘ ਨੇ ਦੱਸਿਆ ਕਿ 20 ਮਈ ਨੂੰ ਭਾਰਤ ਬੰਦ ਦੇ ਸੱਦੇ 'ਤੇ ਸਾਡੇ ਵਲੋ ਸਮਰਥਨ ਦਿੱਤਾ ਜਾਵੇਗਾ। ਇਸ ਮੌਕੇ ਕੈਸ਼ੀਅਰ ਅੰਮ੍ਰਿਤਪਾਲ ਸਿੰਘ ਅਤੇ ਮੀਤ ਪ੍ਰਧਾਨ ਮਲਕੀਤ ਸਿੰਘ, ਚੇਅਰਮੈਨ ਗੁਰਜੀਤ ਸਿੰਘ, ਮਨੀਸ਼ ਕੁਮਾਰ, ਗੁਰਜੀਤ ਸਿੰਘ,ਜਰਨੈਲ ਰਾਮ, ਗੁਰਚਰਨ ਸਿੰਘ, ਲਵਪ੍ਰੀਤ ਸਿੰਘ, ਸੋਮਲਾਲ,ਅਵਤਾਰ ਸਿੰਘ ਆਦਿ ਹਾਜ਼ਰ ਸਨ।



ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਜਲੰਧਰ ਡੀਪੂ 1 ਵਿਖੇ ਝੰਡਾ ਲਹਿਰਾਉਣ ਮੌਕੇ ਪ੍ਰਧਾਨ ਸੰਦੀਪ ਸਿੰਘ, ਡਿਪਟੀ ਜਨਰਲ ਸਕੱਤਰ ਪਰਮਜੀਤ ਸਿੰਘ ਪਰਮਾਰ, ਕਾਮਰੇਡ ਕੈਸ਼ੀਅਰ ਕਸ਼ਮੀਰ ਚੰਦ ਅਤੇ ਹੋਰ।(**ਤਸਵੀਰ ਤੇ ਵੇਰਵਾ : ਰਾਜੇਸ਼ ਥਾਪਾ**)

# ਕੌਮਾਂਤਰੀ ਕਿਰਤ ਦਿਵਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ

## ਹਰ ਇੱਕ ਹੱਥ ਨੂੰ ਯੋਗਤਾ ਮੁਤਾਬਿਕ ਕੰਮ ਦੇਣ ਲਈ ਕੰਮ ਦਿਹਾੜੀ ਸਮੇਂ ਦਾ ਘੱਟ ਹੋਣਾ ਸਮੇਂ ਦੀ ਮੁੱਖ ਲੋੜ : ਕੁਲਦੀਪ ਭੋਲਾ


ਨਿਹਾਲ ਸਿੰਘ ਵਾਲਾ


ਮੁਕਤਸਰ ਸਾਹਿਬ


ਫਰੀਦਕੋਟ


ਮਹਿਲ ਕਲਾਂ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕਾਮਰੇਡ ਗੁਰਬਖਸ਼ ਸਿੰਘ ਯਾਦਗਾਰੀ ਭਵਨ ਨਿਹਾਲ ਸਿੰਘ ਵਾਲਾ ਵਿਖੇ 1 ਮਈ 'ਕੌਮਾਂਤਰੀ ਕਿਰਤ ਦਿਹਾੜਾ' ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਝੰਡਾ ਚੜ੍ਹਾਉਣ ਦੀ ਰਸਮ ਉੱਘੇ ਕਮਿਊਨਿਸਟ ਤੇ ਪੈਨਸ਼ਨਰ ਆਗੂ ਮਾਸਟਰ ਗੁਰਦੇਵ ਸਿੰਘ ਕਿਰਤੀ ਨੇ ਕੀਤੀ।ਇਸ ਮੌਕੇ ਕੰਟਰੋਲ ਕਮਿਸ਼ਨ ਪੰਜਾਬ ਦੇ ਮੈਂਬਰ ਕਾਮਰੇਡ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਮਨੁੱਖ ਲਈ ਉਹ ਸਮਾਂ ਬੜਾ ਭਿਆਨਕ ਹੋਵੇਗਾ, ਜਦੋਂ


ਮੋਗਾ

ਕੁਦਰਤੀ ਕੰਮ ਦਿਹਾੜੀ ਵਿੱਚੋਂ 18-20 ਘੰਟੇ ਮਨੁੱਖ ਤੋਂ ਕੰਮ ਲਿਆ ਜਾਂਦਾ ਸੀ।ਮਨੁੱਖ ਕੋਲ ਆਪਣੀ ਜ਼ਿੰਦਗੀ ਜਿਉਣ ਲਈ ਕੀ ਸਮਾਂ ਬਚਦਾ ਹੋਵੇਗਾ।ਉਨ੍ਹਾ ਕਿਹਾ ਕਿ ਇਹ ਲੜਾਈ ਸਿਰਫ਼ ਸ਼ਿਕਾਗੋ ਦੀ ਨਹੀਂ ਸਗੋਂ ਮੈਂ ਇਹ ਕਹਾਂਗਾ ਕਿ ਇਹ ਸਾਡੇ ਗੁਰੂ ਬਾਬਾ ਨਾਨਕ ਦੀ ਲੜਾਈ ਹੈ, ਕਿਰਤ ਦੀ ਲੜਾਈ ਹੈ।ਜਦੋਂ ਮਨੁੱਖ ਦਿਨ ਰਾਤ ਕੰਮ ਹੀ ਕਰਦਾ ਹੋਵੇਗਾ, ਉਸ ਸਮੇਂ ਕੰਮ ਦਿਹਾੜੀ ਸਮਾਂ ਘੱਟ ਕਰਨ ਦੀ ਲੜਾਈ ਇੱਕ ਬਹੁਤ ਮਹਾਨ ਕੰਮ ਹੈ, ਪਰ ਅੱਜ ਇਸ ਦਿਨ ਦੀ ਮਹੱਤਤਾ ਨੂੰ ਘੱਟ ਕਰਨ ਲਈ ਸਿਰਫ਼ ਮਜ਼ਦੂਰ ਦਿਵਸ ਕਹਿ ਕੇ ਮਜ਼ਾਕ ਬਣਾਇਆ ਜਾ ਰਿਹਾ ਹੈ।ਇਹ ਹਰ ਇੱਕ ਕਿਰਤ ਕਰਨ ਵਾਲੇ ਲੋਕਾਂ ਦਾ ਦਿਨ ਹੈ।ਉਨ੍ਹਾਂ ਕਿਹਾ ਕਿ ਜਿੱਥੇ ਸਾਨੂੰ ਅੱਜ ਦੇ ਦਿਨ ਤੇ ਉਨ੍ਹਾ ਨੂੰ ਸਿਜਦਾ ਕਰਨਾ ਬਣਦਾ ਹੈ, ਉਥੇ ਹੀ ਬੇਰੁਜ਼ਗਾਰੀ ਦੇ ਵਾਧੇ ਵਿਰੁੱਧ ਕੰਮ ਦਿਹਾੜੀ ਹੋਰ ਛੋਟੇਰੀ (ਜਦੋਂ ਤੱਕ ਹਰ ਮਨੁੱਖ ਜੋ 18 ਤੋਂ 58 ਸਾਲ ਦਾ ਹੈ, ਤੱਕ ਨੂੰ ਕੰਮ ਨਹੀਂ ਮਿਲ ਜਾਂਦਾ) ਕਰਨ ਦੀ ਲੜਾਈ ਵੀ ਲੜਨੀ ਚਾਹੀਦੀ ਹੈ।ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਬੇਰੁਜ਼ਗਾਰੀ ਅੰਤਾਂ ਦੀ ਹੈ, ਹਰ ਵਰਗ


ਮਾਛੀਵਾੜਾ ਸਾਹਿਬ

ਕੰਮ ਦੀ ਪ੍ਰਾਪਤੀ ਲਈ ਸੜਕਾਂ ਉੱਪਰ ਹੈ।ਭਾਵੇਂ ਕੇਂਦਰ ਦੀ ਸਰਕਾਰ ਹੋਵੇ ਤੇ ਭਾਵੇਂ ਸੂਬੇ ਦੀ, ਮਹਿਕਮਿਆਂ ਦਾ ਲਗਾਤਾਰ ਭੋਗ ਪਾ ਰਹੀਆਂ।ਇੱਕ ਵਿਭਾਗ ਦਾ ਭਾਰ ਦੂਜੇ ਵਿਭਾਗ ਸਿਰ ਪਾ ਕੇ ਪਹਿਲਿਆਂ ਨੂੰ ਕੰਮ ਤੋਂ ਬਾਹਰ ਕਰ ਰਹੀਆਂ ਹਨ।ਉਨ੍ਹਾ ਕਿਹਾ ਕਿ ਸ਼ਿਕਾਗੋ ਦੀ ਇਹ ਲੜਾਈ ਕੰਮ ਦਿਹਾੜੀ ਸਮਾਂ ਘੱਟ ਕਰਨ ਦੀ ਸੀ ਤੇ ਅਸੀਂ ਹੁਣ ਤੱਕ ਅਸੀਂ ਇਹ ਜਿੱਤ ਦਾ ਨਿੱਘ ਅੱਜ ਤੱਕ ਮਾਣ ਰਹੇ ਸੀ, ਪਰ ਅੱਜ ਸਰਕਾਰਾਂ ਟੇਢੇ ਢੰਗ ਨਾਲ ਮੁੜ ਪਿੱਛੇ ਮੁੜ ਇਸੇ ਰਸਤੇ 'ਤੇ ਜਾ ਰਹੀਆਂ ਉਹ ਕੰਮ ਤੋਂ ਬਾਹਰ ਬੈਠੇ ਲੋਕਾਂ ਨੂੰ ਕੰਮ 'ਤੇ ਲਿਆਉਣ ਦੇ ਬਜਾਏ ਕੰਮ ਦੇ ਘੰਟੇ ਵਧਾਉਣ ਵਾਲੇ ਪਾਸੇ ਵਧੇ ਹਨ। ਉਨ੍ਹਾ ਕਿਹਾ ਕਿ ਦੁਨੀਆ ਉੱਪਰ ਵੱਡੇ ਘਰਾਣੇ ਰਾਜ ਰਹੇ ਹਨ ਤੇ ਸਾਡੀਆਂ ਸਰਕਾਰਾਂ ਉਨ੍ਹਾਂ ਦਾ ਹੱਥ ਠੋਕਾ ਬਣ ਰਹੀਆਂ ਹਨ।ਗਰੀਬੀ ਅਮੀਰੀ ਦਾ ਪਾੜਾ ਦਿਨੋਂ ਦਿਨ ਵਧ ਰਿਹਾ ਹੈ। ਕੁੱਝ ਕੁ ਹੱਥ ਹੇਠਲਿਆਂ ਦੇ ਹੱਕਾਂ ਉੱਪਰ ਡਾਕਾ ਮਾਰ ਕੇ ਹੋਰ ਅਮੀਰ ਹੋ ਰਹੇ ਹਨ।ਉਹਨਾਂ ਕਿਹਾ ਕਿ ਅੱਜ ਜਦੋਂ ਤਕਨੀਕ ਏ ਆਈ (ਆਰਟੀਫਿਸ਼ੀਅਲ ਇੰਟੈਲੀਜੈਂਸੀ) ਤੱਕ ਪਹੁੰਚ ਗਈ ਹੈ ਤੇ ਮਨੁੱਖੀ ਕਿਰਤ ਦਾ ਹਿੱਸਾ ਪੈਦਾਵਾਰ ਤੇ ਬਾਕੀ ਖੇਤਰਾਂ ਵਿੱਚੋ ਘਟਦਾ ਜਾ ਰਿਹਾ ਹੈ। ਇਸ ਮੌਕੇ ਅੱਜ ਦੇ ਦਿਨ ਨੂੰ ਕਿਰਤ ਦਿਹਾੜੇ ਦੀ ਮਹੱਤਤਾ ਹੋਰ ਵੀ ਵਧ ਜਾਂਦੀ


ਰਾਜਪੁਰਾ

ਹੈ।ਇਸ ਲਈ ਅੱਜ ਸਾਨੂੰ ਕਿਰਤ ਦਿਹਾੜੇ ਦੀ ਮਹੱਤਤਾ ਨੂੰ ਸਮਝਦੇ ਹੋਏ, ਉਸੇ ਰੌਸ਼ਨੀ ਵਿੱਚ ਕੰਮ ਦਿਹਾੜੀ ਸਮਾਂ ਕਾਨੂੰਨੀ ਤੌਰ ਤੇ 6 ਘੰਟੇ ਕਰਨ ਦਾ ਨਾਅਰਾ ਬੁਲੰਦ ਕਰਨਾ ਚਾਹੀਦਾ ਹੈ ਤਾਂ ਜੋ ਕਿ ਕੰਮ ਤੋਂ ਬਾਹਰ ਰਹਿੰਦੇ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।ਇਸ ਮੌਕੇ ਸੂਬੇਦਾਰ ਜੋਗਿੰਦਰ ਸਿੰਘ ਤਖਤੂਪੁਰਾ, ਕਾਮਰੇਡ ਸੁਖਦੇਵ ਭੋਲਾ, ਕਾਮਰੇਡ ਮੰਗਤ ਰਾਏ, ਕਾਮਰੇਡ ਗੁਰਦਿੱਤ ਦੀਨਾ, ਕਾਮਰੇਡ ਸਤਵੰਤ ਖੋਟੇ, ਸੁਖਦੇਵ ਧੂੜਕੋਟ, ਮੁਕੰਦ ਕੁੱਸਾ, ਸਵਰਨ ਮਧੇਕੇ, ਸੁਖਦੇਵ ਰਾਊਕੇ ਕਲਾਂ, ਵਿਦਿਆਰਥੀ ਆਗੂ ਨਵਜੋਤ ਬਿਲਾਸਪੁਰ ਆਦਿ ਆਗੂਆਂ ਨੇ ਸੰਬੋਧਨ ਕੀਤਾ ।

**ਧੂਰੀ (ਸੁਖਦੇਵ ਧੂਰੀ)** : ਇਥੇ ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਤਹਿਸੀਲ ਧੂਰੀ ਨੇ ਕੌਮਾਂਤਰੀ ਮਜ਼ਦੂਰ ਦਿਵਸ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਦਫ਼ਤਰ ਅਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦਫ਼ਤਰ ਅੱਗੇ ਝੰਡੇ ਲਹਿਰਾਏ ਗਏ ਅਤੇ ਸ਼ਹਿਰ ਵਿੱਚ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਮੁਲਾਜ਼ਮ ਤੇ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਮਾਰਚ ਕੀਤਾ ਗਿਆ।ਇਸ ਦੌਰਾਨ ਪਹਿਲਗਾਮ ਵਿੱਚ ਅੱਤਵਾਦੀਆ ਹੱਥੋਂ ਸੈਲਾਨੀਆਂ 'ਤੇ ਕੀਤੇ ਗਏ ਹਮਲੇ ਵਿੱਚ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਹਮਲੇ ਦੀ ਨਿੰਦਾ ਕੀਤੀ।ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਅਨੁਸਾਰ ਕੱਚੇ ਮੁਲਾਜ਼ਮਾਂ ਨੂੰ ਤਰੁੰਤ ਪੱਕੇ ਜਾਣ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ।ਕਿਰਤੀਆਂ ਦੀ ਤਨਖਾਹ ਘੱਟੋ ਘੱਟ 35000 ਰੁਪਏ ਕੀਤੀ ਜਾਵੇ, ਕੇਂਦਰ ਸਰਕਾਰ ਵੱਲੋਂ ਮੁਲਾਜ਼ਮ ਤੇ ਮਜ਼ਦੂਰ ਵਿਰੋਧੀ ਕਾਨੂੰਨ ਵਾਪਸ ਲਏ ਜਾਣ।ਇਸ ਮੌਕੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਗਈ ਕਿ ਦਰਜਾ ਚਾਰ ਕਰਮਚਾਰੀਆਂ ਦੀ ਰੈਗੂਲਰ ਭਰਤੀ ਕੀਤੀ ਜਾਵੇ ਤੇ ਖ਼ਤਮ ਕੀਤੀਆਂ ਪੋਸਟਾਂ ਬਹਾਲ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮੁਲਾਜ਼ਮਾਂ ਦੀਆਂ ਰਹਿੰਦੀਆਂ ਡੀ ਏ ਦੀਆਂ ਚਾਰ ਕਿਸ਼ਤਾਂ ਤਰੁੰਤ ਦਿੱਤੀਆਂ



ਫਿਰੋਜ਼ਪੁਰ

ਜਾਣ।ਪੇ ਕਮਿਸ਼ਨ ਦਾ ਬਕਾਇਆ ਰਕਮ ਇੱਕ ਕਿਸ਼ਤ ਜਾਰੀ ਕੀਤੀ ਜਾਵੇ।ਰੈਲੀ ਨੂੰ ਹੋਰਨਾਂ ਤੋਂ ਇਲਾਵਾ ਮੇਲਾ ਸਿੰਘ ਪੁੰਨਾਂਵਾਲ, ਹੰਸ ਰਾਜ ਦੀਦਾਰਗੜ੍ਹ ਇੰਦਰ ਸਿੰਘ, ਗੁਰਜੰਟ ਸਿੰਘ ਬੁਗਰਾ, ਨਾਜ਼ਰ ਸਿੰਘ ਈਸੜਾ, ਸਰਬਜੀਤ ਸਿੰਘ, ਮਨਿੰਦਰ ਸਿੰਘ ਧਾਲੀਵਾਲ, ਲੀਲਾ ਖਾਂ, ਗੁਰਧਿਆਨ ਸਿੰਘ, ਸੰਜੀਵ ਕੁਮਾਰ, ਹਰਬੰਸ ਸਿੰਘ, ਰਾਮ ਆਸਰਾ ਆਦਿ ਨੇ ਸੰਬੋਧਨ ਕੀਤਾ।

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** : ਜੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ, ਜਿਸ ਦਾ ਉਦੇਸ਼ ਸਕੂਲ ਦੇ ਸਹਾਇਕ ਕਰਮਚਾਰੀਆਂ ਜਿਵੇਂ ਕਿ ਡਰਾਈਵਰਾਂ, ਸਫਾਈ ਕਰਮਚਾਰੀਆਂ, ਸੁਰੱਖਿਆ ਗਾਰਡਾਂ ਤੇ ਹੋਰ ਮਿਹਨਤੀ ਹੱਥਾਂ ਦੀ ਲਗਨ ਅਤੇ ਸੇਵਾ ਲਈ ਧੰਨਵਾਦ ਕਰਨਾ ਸੀ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਉਨ੍ਹਾਂ ਦੀ ਅਦਿੱਖੀ ਮਿਹਨਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਭੂਮਿਕਾ ਹਰ ਸੰਸਥਾ ਲਈ ਮੂਲ ਹੈ।ਦਿਨ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਸਮਾਗਮ ਨਾਲ ਹੋਈ ਜਿਸ ਦੌਰਾਨ ਉਨ੍ਹਾਂ ਨੇ ਭਾਸ਼ਣਾਂ, ਕਵਿਤਾਵਾਂ ਅਤੇ ਗੀਤਾਂ ਰਾਹੀਂ ਮਜ਼ਦੂਰ ਵਰਗ ਪ੍ਰਤੀ ਸਤਿਕਾਰ ਪ੍ਰਗਟਾਇਆ।ਵਿਦਿਆਰਥੀਆਂ ਵੱਲੋਂ ਬਣਾਏ ਗਏ ਕਾਰਡ


ਧੂਰੀ

ਤੇ ਸੁਨੇਹੇ ਕਰਮਚਾਰੀਆਂ ਨੂੰ ਦਿੱਤੇ ਗਏ।ਇਸ ਮੌਕੇ ਤੋਹਫੇ ਵੰਡ ਕੇ ਹਰੇਕ ਸਹਾਇਕ ਕਰਮਚਾਰੀ ਨੂੰ ਸਨਮਾਨਤ ਕੀਤਾ ਗਿਆ।ਅੰਤ ਵਿੱਚ ਡਾਇਰੈਕਟਰ ਰਾਕੇਸ਼ ਬਾਂਸਲ, ਵਾਈਸ ਪ੍ਰਿੰਸੀਪਲ ਸ੍ਰੀਮਤੀ ਪੂਜਾ ਸ਼ਰਮਾ ਤੇ ਕੋਆਰਡੀਨੇਟਰ ਪ੍ਰਦੀਪ ਕੌਰ ਨੇ ਆਪਣੇ ਬਚਨਾਂ ਰਾਹੀਂ ਕਰਮਚਾਰੀਆਂ ਦੀ ਸੇਵਾ ਲਈ ਧੰਨਵਾਦ ਪ੍ਰਗਟਾਇਆ ਅਤੇ ਵਿਦਿਆਰਥੀਆਂ ਨੂੰ ਇਹ ਸਿੱਖ ਦਿੱਤੀ ਕਿ ਹਰ ਕੰਮ ਦੀ ਆਪਣੀ ਮਹੱਤਤਾ ਹੁੰਦੀ ਹੈ ਤੇ ਸਾਡੇ ਵੱਲੋਂ ਹਰ ਵਿਅਕਤੀ ਨੂੰ ਸਤਿਕਾਰ ਮਿਲਣਾ ਚਾਹੀਦਾ ਹੈ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** : ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਇੰਟਕ ਨਾਲ ਸਬੰਧਤ ਮਜ਼ਦੂਰ/ਮੁਲਾਜ਼ਮ ਫੈਡਰੈਸ਼ਨ ਤੇ ਪੈਨਸ਼ਨਰਜ਼ ਜਥੇਬੰਦੀਆਂ ਵੱਲੋਂ ਨਹਿਰੀ ਕਲੋਨੀ ਸ੍ਰੀ ਮੁਕਤਸਰ ਸਾਹਿਬ ਵਿਖੇ ਪਹਿਲੀ ਮਈ ਨੂੰ ਮਜ਼ਦੂਰ ਦਿਹਾੜਾ ਕਰਮਜੀਤ ਸ਼ਰਮਾ, ਗੋਬਿੰਦ ਸਿੰਘ ਦਾਬੜਾ, ਕਾਲਾ ਸਿੰਘ ਬੇਦੀ, ਜਸਵੰਤ ਸਿੰਘ ਬਰਾੜ, ਹਰਭਗਵਾਨ ਦੀ ਸਾਂਝੀ ਅਗਵਾਈ ਹੇਠ ਮਨਾਇਆ ਗਿਆ ਅਤੇ ਸ਼ਰਧਾਂਜਲੀ ਦਿੱਤੀ ਗਈ।ਮੌਜੂਦਾ ਸਰਕਾਰਾਂ ਵੱਲੋਂ ਮਜ਼ਦੂਰਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਨਿੰਦਾ ਕੀਤੀ ਗਈ ਅਤੇ ਸਾਰਿਆਂ ਨੂੰ ਇਕਮੁੱਠ ਹੋ ਕੇ ਜਬਰ ਦਾ ਮੁਕਾਬਲਾ ਕਰਨ ਦੀ ਪ੍ਰੇਰਣਾ ਕੀਤੀ ਗਈ।ਇਸ ਮਜ਼ਦੂਰ ਦਿਹਾੜੇ 'ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ, ਜਿਸ ਵਿੱਚ ਭੰਵਰ ਲਾਲ ਸ਼ਰਮਾ, ਮੁਕੰਦ ਸਿੰਘ, ਚੌਧਰੀ ਬਲਵੀਰ ਸਿੰਘ, ਪ੍ਰਸ਼ੋਤਮ ਲਾਲ, ਲਖਵਿੰਦਰ ਸਿੰਘ ਪੰਪੀ, ਜੋਗਾ ਸਿੰਘ, ਬਲਜੀਤ ਸਿੰਘ, ਮੰਦਰ ਸਿੰਘ, ਜਸਪਾਲ ਸਿੰਘ ਜਥੇਦਾਰ, ਜੀਤ ਸਿੰਘ ਗੁਰੂਸਰ, ਸ਼ਾਮ ਲਾਲ, ਬੀਰਬਲ ਸ਼ਰਮਾ, ਰੇਵਤ ਸਿੰਘ ਵੀਰ ਚੰਦ, ਗੁਰਜੋਤ ਸਿੰਘ ਤੇ ਰਾਜਦੀਪ ਸਿੰਘ ਅਤੇ ਨਛੱਤਰ ਸਿੰਘ ਨੂਰ ਨੇ ਆਪਣੀਆਂ ਕਵਿਤਾਵਾਂ ਰਾਹੀਂ ਸ਼ਰਧਾਂਜਲੀ ਭੇਟ ਕੀਤੀ।

**ਮੋਗਾ (ਇਕਬਾਲ ਸਿੰਘ ਖਹਿਰਾ)** : ਨੈਸਲੇ ਇੰਪਲਾਇਜ਼ ਯੂਨੀਅਨ ਦੇ ਪ੍ਰਧਾਨ ਸਿਮਰਨਜੀਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਕਿਰਤ ਦਿਵਸ ਮਨਾਇਆ ਗਿਆ। ਇਸ ਦਿਨ ਸਾਡੇ ਮਜ਼ਦੂਰ ਸਾਥੀਆਂ ਨੇ ਸਾਡੀਆਂ ਹੱਕੀ ਮੰਗਾਂ ਲਈ ਆਪਣੀਆਂ ਅਨਮੋਲ ਜਾਨਾਂ ਦੀ ਕੁਰਬਾਨੀ ਦਿੱਤੀ ਸੀ, ਉਨ੍ਹਾਂ ਦੀ ਦਿੱਤੀ ਹੋਈ ਕੁਰਬਾਨੀ ਦਾ ਸਦਕਾ ਹੀ ਅੱਜ ਅਸੀਂ ਕੰਮ ਕਰਨ ਵਾਲੀਆਂ ਜਗ੍ਹਾ 'ਤੇ ਆਪਣੇ-ਆਪ ਨੂੰ ਸੁਰੱਖਿਅਤ ਸਮਝਦੇ ਹਾਂ ਤੇ ਮਾਣ ਮਹਿਸੂਸ ਕਰਦੇ ਹਾਂ। ਉਨ੍ਹਾਂ ਵੱਲੋਂ ਚਲਾਏ ਹੋਏ ਸੰਘਰਸ਼ ਨੂੰ ਚਲਦਾ ਰੱਖਣ ਵਾਸਤੇ ਅਤੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਹਰ ਸਾਲ ਨੈਸਲੇ ਇੰਡੀਆ ਲਿਮ: ਦੇ ਜੀ ਟੀ ਰੋਡ ਵਾਲੇ ਗੇਟ 'ਤੇ ਨੈਸਲੇ ਇੰਪਲਾਈਜ਼ ਯੂਨੀਅਨ ਵੱਲੋਂ ਮਈ ਦਿਵਸ ਜੁਝਾਰੂ ਲੋਕ ਸੰਗਰਾਮੀਆਂ ਦੇ ਨਾਲ ਰਲ-ਮਿਲ ਕੇ ਮਨਾਇਆ ਜਾਂਦਾ ਹੈ। ਇਸ ਪ੍ਰੋਗਰਾਮ 'ਤੇ ਸਟੇਜ ਦੀ ਕਾਰਵਾਈ ਯੂਨੀਅਨ ਦੇ ਜਰਨਲ ਸੈਕਟਰੀ ਗੁਰਦੀਪ ਸਿੰਘ ਸੰਧੂ ਵੱਲੋਂ ਚਲਾਈ ਗਈ। ਝੰਡੇ ਦੀ ਰਸਮ ਮੌਜੂਦਾ ਬਾਡੀ ਤੇ ਸਾਬਕਾ ਪ੍ਰਧਾਨਾਂ ਤੇ ਸਾਬਕਾ ਜਨਰਲ ਸੱਕਤਰਾਂ ਵੱਲੋਂ ਕੀਤੀ ਗਈ। ਸਮਾਗਮ ਵਿੱਚ ਚੇਤਨਾ ਕਲਾ ਕੇਂਦਰ ਦਿਵਾਨਾ ਬਰਨਾਲਾ ਦੀ ਟੀਮ ਤੇ ਕ੍ਰਾਂਤੀਕਾਰੀ ਕਲਾ ਮੰਚ ਪੰਜਾਬ ਮੋਗਾ ਨੇ ਨਾਟਕ ਤੇ ਕੋਰੀਓਗ੍ਰਾਫੀ ਵਿਚ ਖੂਬ ਰੰਗ ਬੰਨ੍ਹਿਆ ਤੇ ਅਵਤਾਰ ਚੌੜਿਕ ਦੀ ਟੀਮ ਨੇ ਭੰਡ ਆਈਟਮ ਤੇ ਗੀਤ ਗਾ ਕੇ ਆਪਣਾ ਯੋਗਦਾਨ ਪਾਇਆ। ਇਸ ਮੌਕੇ ਸਿਮਰਨਜੀਤ ਸਿੰਘ ਬਰਾੜ ਪ੍ਰਧਾਨ, ਗੁਰਦੀਪ ਸਿੰਘ ਜਰਨਲ ਸੈਕਟਰੀ, ਰਮਨਦੀਪ ਸਿੰਘ ਕਾਲਾ ਮੀਤ ਪ੍ਰਧਾਨ, ਪਰਮਜੀਤ ਸਿੰਘ ਮੁੱਖ ਸਲਾਹਕਾਰ, ਦਵਿੰਦਰ ਸਿੰਘ ਚੇਅਰਮੈਨ, ਦਲਜੀਤ ਸਿੰਘ ਰਵੀ ਸਲਾਹਕਾਰ, ਕਿਰਨ ਕੁਮਾਰ ਕੈਸ਼ੀਅਰ, ਸੁਰਿੰਦਰ ਸਿੰਘ ਗਰੇਵਾਲ, ਜੀਵਨ ਸਿੰਘ, ਸੁਰਿੰਦਰ ਸਿੰਘ ਰਾਜਾ, ਹਰਵਿੰਦਰ ਸਿੰਘ, ਪਵਨਦੀਪ ਸਿੰਘ ਤੋਂ ਇਲਾਵਾ ਨੈਸਲੇ ਰਿਟਾਇਰੀ ਯੂਨੀਅਨ, ਜਨਤਾ ਟੈਕਸ ਯੂਨੀਅਨ, ਠੇਕੇਦਾਰ ਯੂਨੀਅਨ ਨੈਸਲੇ ਆਦਿ ਦੇ ਮੈਂਬਰ ਹਾਜ਼ਰ ਸਨ।

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)** : ਕਾਮਰੇਡ ਅਮੋਲਕ ਸਿੰਘ ਭਵਨ ਵਿਖੇ ਵੱਖ ਵੱਖ ਮਜ਼ਦੂਰ ਤੇ ਕਿਸਾਨ ਜਥੇਬੰਦੀਆਂ ਤੇ ਰਿਟਾਇਰਡ ਪੈਨਸ਼ਨਰਜ਼ ਜਥੇਬੰਦੀਆਂ ਨੇ ਮਿਲ ਕੇ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਇਆ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇ ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ ਪੇਸ਼ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪੈਨਸ਼ਨਰਾਂ ਦੀ ਸੂਬਾਈ ਆਗੂ ਪ੍ਰੇਮ ਚਾਵਲਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਮਾਨੀਵਾਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕਾਮਰੇਡ ਗੋਰਾ ਪਿਪਲੀ, ਪੈਨਸ਼ਨਰਾਂ ਦੇ ਜ਼ਿਲ੍ਹਾ ਆਗੂ ਗੁਰਚਰਨ ਸਿੰਘ ਮਾਨ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਿਰਤੀਆਂ ਨੇ ਕੁਰਬਾਨੀਆਂ ਕਰਕੇ ਅੱਠ ਘੰਟੇ ਦਾ ਕੰਮ ਦਾ ਕਾਨੂੰਨ ਹੋਂਦ ਵਿੱਚ ਲਿਆਂਦਾ ਸੀ, ਪਰ ਕੇਂਦਰ ਦੀ ਸਰਕਾਰ ਮੁੜ ਇਸ ਨੂੰ 12 ਘੰਟੇ ਕਰਨ ਜਾ ਰਹੀ ਹੈ, ਜੋ ਕ ਕਿਰਤੀਆਂ ਨਾਲ ਧੱਕਾ ਸਾਬਿਤ ਹੋਵੇਗਾ। ਇਸ ਸਮੇਂ ਬਿਜਲੀ ਮੁਲਾਜ਼ਮਾਂ ਦੇ ਪੈਨਸ਼ਨ ਆਗੂ ਹਰਪਾਲ ਸਿੰਘ ਮਚਾਕੀ ਕੁੱਲ ਹਿੰਦ ਕਿਸਾਨ ਸਭਾ ਦੀ ਸੁਖਜਿੰਦਰ ਸਿੰਘ ਤੂੰਬੜਭੰਨ, ਇਸਤਰੀ ਸਭਾ ਦੇ ਆਗੂ ਆਸਾ ਚੌਧਰੀ, ਪਰਮਜੀਤ ਕੌਰ, ਇਕਬਾਲ ਸਿੰਘ ਰਣ ਸਿੰਘ ਵਾਲਾ ਜਗਤਾਰ ਸਿੰਘ ਭਾਣਾ ਸ਼ਾਮ ਸੁੰਦਰ ਸੁਖਦਰਸ਼ਨ ਸ਼ਰਮਾ ਬੋਹੜ ਸਿੰਘ ਔਲਖ ਮੁਖਤਾਰ ਸਿੰਘ ਭਾਣਾ ਪੱਪੀ ਸਿੰਘ ਰਾਜੋਵਾਲਾ, ਵੀਰ ਸਿੰਘ ਕੰਮੇਆਣਾ ਚਰਨਜੀਤ ਸਿੰਘ ਚੰਬੇਲੀ ਆਦਿ ਆਗੂ ਹਾਜ਼ਰ ਸਨ।

**ਰਾਜਪੁਰਾ (ਰਮੇਸ਼ ਕਟਾਰੀਆ)** : ਪਾਵਰਕਾਮ, ਟਰਾਂਸਕੋ ਪੈਨਸ਼ਨਰ ਯੂਨੀਅਨ ਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਾਜਪੁਰਾ ਨੇ ਮਈ ਦਿਵਸ ਮਨਾਇਆ। ਇਸ ਮੌਕੇ ਉਪਰੋਕਤ ਜਥੇਬੰਦੀਆਂ ਫੈਡਰੇਸਨ ਏਟਕ ਰਾਜਪੁਰਾ ਡਵੀਜ਼ਨ ਤੇ ਪਾਵਰਕਾਮ ਅਤੇ ਟਰਾਂਸਕੋ ਯੂਨੀਅਨ ਰਾਜਪੁਰਾ ਵੱਲੋਂ ਸ਼ਹੀਦਾਂ ਨੂੰ ਯਾਦ ਕਰਦਿਆਂ ਪੰਜਾਬ ਮੀਤ ਪ੍ਰਧਾਨ ਰਾਜਿੰਦਰ ਸਿੰਘ ਨੇ ਮੌਜੂਦਾਂ ਹਾਲਾਤਾਂ ਬਾਰੇ ਦੱਸਿਆ ਅਤੇ ਇਸ ਮੌਕੇ ਚਰਨ ਸਿੰਘ ਪ੍ਰਧਾਨ ਪਟਿਆਲਾ ਸਰਕਲ ਦੇ ਯਤਨਾਂ ਸਦਕਾ 18 ਮੀਟਰ ਰੀਡਰ ਰਾਜਪੁਰਾ ਡਵੀਜ਼ਨ ਤੋਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸਨ ਏਟਕ 'ਚ ਸ਼ਾਮਲ ਹੋਏ ਚਰਨ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਅਜ ਤੱਕ ਰਾਜਪੁਰਾ ਫੈਡਰੇਸ਼ਨ ਏਟਕ ਮੈਂਬਰਾਂ ਦੀ ਗਿਣਤੀ 62 ਹੋ ਚੁੱਕੀ ਹੈ ਤੇ ਅਗਲਾ ਸਿਲਸਿਲਾ ਜਾਰੀ ਹੈ ਅਤੇ ਜਲਦ 80 ਮੈਂਬਰ ਰਾਜਪੁਰਾ ਵਿਖੇ ਹੋ ਜਾਣਗੇ ਅਤੇ ਜਲਦੀ ਜਥੇਬੰਦੀ ਦੀ ਚੋਣ ਕਰਕੇ ਅਸਲ ਏਟਕ ਜਿਸ ਨੂੰ ਪੰਜਾਬ ਏਟਕ ਦੀ ਮਾਨਤਾ ਹੋਵੇ ਸਹੀ ਸਾਥੀ ਚੁਣੇ ਜਾਣਗੇ। ਇਸ ਮੌਕੇ ਜੀਵਨ ਸਿੰਘ ਮੰਡਲ ਪ੍ਰਧਾਨ ਰਾਜਪੁਰਾ ਨੇ ਮਈ ਦਿਵਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਕਮਲਜੀਤ ਸਿੰਘ ਏਟਕ ਤੇ ਜੋਗਿੰਦਰ ਸਿੰਘ ਚੱਠਾ ਸਰਕਲ ਆਗੂ ਮੌਜੂਦ ਰਹੇ। ਬਲਵੀਰ ਸਿੰਘ ਸਕੱਤਰ ਨੇ ਸਟੇਜ ਦੀ ਜ਼ਿੰਮੇਵਾਰੀ ਨਿਭਾਈ। ਬਾਅਦ ਵਿੱਚ ਲੱਡੂ ਵੰਡੇ ਗਏ ਤੇ ਆਖੀਰ 'ਚ ਨਾਜਰ ਸਿੰਘ ਪ੍ਰਧਾਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਰਾਜਪੁਰਾ ਨੇ ਸਾਰੇ ਪ੍ਰੋਗਰਾਮ ਵਿੱਚ ਆਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

**ਮੋਗਾ (ਇਕਬਾਲ ਸਿੰਘ ਖਹਿਰਾ)** : ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਬਰਾਂਚ ਮੋਗਾ ਵੱਲੋਂ ਪਹਿਲੀ ਮਈ ਮਜ਼ਦੂਰ ਦਿਹਾੜੇ ਤੇ ਕਾ. ਬਚਿੱਤਰ ਧੋਥੜ, ਪ੍ਰਧਾਨ ਰਾਜਬੀਰ ਸਿੰਘ, ਸਕੱਤਰ ਮਨਦੀਪ ਮੱਖੂ, ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿਵੀਆ ਤੇ ਸਾਥੀਆਂ ਵੱਲੋਂ ਡਿੱਪੂ ਦੇ ਗੇਟ 'ਤੇ ਝੰਡਾ ਝੁਲਾਇਆ ਗਿਆ। ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਸੂਬਾ ਸਕੱਤਰ ਗੁਰਜੰਟ ਕੋਕਰੀ ਤੇ ਸੁਰਿੰਦਰ ਬਰਾੜ ਨੇ ਕਿਹਾ ਕਿ ਕੁੱਲ ਦੁਨੀਆ ਦੇ ਕਿਰਤੀ ਕਾਮਿਆਂ ਨੂੰ ਅੱਜ ਦੇ ਦਿਨ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ। ਆਬਾਦੀ ਤੇ ਬੇਰੋਜ਼ਗਾਰੀ ਦੇ ਵਾਧੇ ਨੂੰ ਦੇਖਦੇ ਹੋਏ ਕੰਮ ਦਿਹਾੜੀ ਸਮਾਂ ਘੱਟ ਕਰਨਾ ਸਮੇਂ ਦੀ ਮੰਗ ਹੈ, ਤਾਂ ਜੋ ਬੇਰੋਜ਼ਗਾਰ ਲੋਕਾਂ ਨੂੰ ਕੰਮ ਦਿੱਤਾ ਜਾ ਸਕੇ, ਪਰ ਅਫ਼ਸੋਸ ਕਾਰਪੋਰੇਟਾਂ ਦੇ ਫੰਡਾਂ ਨਾਲ ਸੱਤਾ ਵਿੱਚ ਆਈਆਂ ਸਰਕਾਰਾਂ ਪੁੱਠਾ ਗੇੜਾ ਦੇ ਰਹੀਆਂ ਹਨ, ਜਦੋਂ ਉਹ ਕੰਮ ਦਿਹਾੜੀ ਸਮਾਂ 08 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਬਾਰੇ ਚਰਚਾ ਕਰ ਰਹੇ ਹਨ। ਬਾਈ ਨਛੱਤਰ ਧਾਲੀਵਾਲ ਦੀ ਸੋਚ ਵਾਲੀਆਂ ਜਥੇਬੰਦੀਆਂ ਤੇ ਕਿਰਤੀ ਲੋਕ ਹੀ ਇਸ ਚੱਕਰਵਿਊ ਨੂੰ ਤੋੜਨਗੇ ਤੇ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦੀ ਸੁਨਹਿਰੀ ਸਵੇਰ ਜਲਦੀ ਆਵੇਗੀ। ਇਸ ਮੌਕੇ ਕੈਸ਼ੀਅਰ ਗੁਰਪ੍ਰੀਤ ਧੂਹੜ ਵੱਲੋਂ ਸਟੇਜ ਕਾਰਵਾਈ ਚਲਾਈ ਗਈ। ਇਸ ਮੌਕੇ ਚੇਅਰਮੈਨ ਸਤਪਾਲ ਭਿੰਡਰ, ਪੈਨਸ਼ਨ ਪ੍ਰਧਾਨ ਅਜਮੇਰ ਸਿੰਘ ਅਖਾੜਾ, ਮੱਖਣ ਸਿੰਘ, ਸਤਨਾਮ ਸਿੰਘ ਗਿੱਲ, ਸਮਿੰਦਰਪਾਲ ਸਿੰਘ ਪਾਲੀ ਤੋਂ ਇਲਾਵਾ ਵੱਡੀ ਗਿਣਤੀ ਕਿਰਤੀ ਹਾਜ਼ਰ ਸਨ।

ਇਸੇ ਦੌਰਾਨ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਦੱਸਿਆ ਕਿ ਅੱਜ ਨੇਚਰ ਪਾਰਕ ਮੋਗਾ ਵਿਖੇ ਮਈ ਦਿਨ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਸ ਸ਼ਰਧਾਂਜਲੀ ਸਮਾਗਮ ਵਿੱਚ ਤੇਜ ਸਿੰਘ ਨਾਹਲਖੋਟੇ ਆਗੂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦਾ ਜਥਾ, ਜਗਮੋਹਨ ਸਿੰਘ ਕੰਗ ਜ਼ਿਲ੍ਹਾ ਪ੍ਰੈੱਸ ਸਕੱਤਰ ਤੇ ਬਲਾਕ ਪ੍ਰਧਾਨ ਬੀ ਕੇ ਯੂ ਕ੍ਰਾਂਤੀਕਾਰੀ ਦੇ ਸਾਥੀਆਂ ਦਾ ਜਥਾ, ਦਰਸ਼ਨ ਸਿੰਘ ਤੂਰ ਆਗੂ ਲੋਕ ਸੰਗਰਾਮ ਮੋਰਚਾ ਆਪਣੇ ਸਾਥੀਆਂ ਸਮੇਤ ਅਤੇ ਕ੍ਰਾਂਤੀਕਾਰੀ ਈ ਰਿਕਸ਼ਾ ਯੂਨੀਅਨ ਦੇ ਆਗੂ ਸਰਬਨ ਸਿੰਘ ਬਰਾੜ ਦੀ ਅਗਵਾਈ ਦੇ ਵਿੱਚ ਜਥਾ, ਸ਼ਰਧਾਂਜਲੀਆਂ ਦੇਣ ਲਈ ਸ਼ਾਮਲ ਹੋਇਆ। ਨੇਚਰ ਪਾਰਕ ਵਿੱਚ ਹੋਈ ਰੈਲੀ ਨੂੰ ਲੋਕ ਸੰਗਰਾਮ ਮੋਰਚਾ ਦੇ ਆਗੂ ਦਰਸ਼ਨ ਸਿੰਘ ਤੂਰ, ਤਾਰਾ ਸਿੰਘ ਮੋਗਾ, ਵਿਜੇ ਮਿੱਤਲ, ਕਾਮਰੇਡ ਛਿੰਦਰ ਸਿੰਘ ਸਾਫੂਵਾਲਾ,ਸਰਵਣ ਸਿੰਘ ਬਰਾੜ ਤੇ ਨਛੱਤਰ ਸਿੰਘ ਪ੍ਰੇਮੀ, ਜਗਮੋਹਨ ਸਿੰਘ ਕੰਗ ਨੇ ਸੰਬੋਧਨ ਕੀਤਾ।

**ਜਗਰਾਉਂ (ਅਮਿਤ ਖੰਨਾ)** : ਜਗਰਾਉਂ ਸਕੂਲ ਐਸੋਸੀਏਸ਼ਨ ਵੱਲੋਂ ਇੰਟਰਨੈਸ਼ਨਲ ਲੇਬਰ ਡੇ ਮੌਕੇ ਜਗਰਾਉਂ ਸਕੂਲ ਐਸੋਸੀਏਸਨ ਨਾਲ ਜੁੜੇ ਸਾਰੇ ਸਕੂਲਾਂ ਵੱਲੋਂ ਸਹਿਕਰਮੀ ਸਾਥੀਆਂ ਨੂੰ ਥਿਏਟਰ ਵਿੱਚ ਮੂਵੀ ਦਿਖਾ ਕੇ ਤੇ ਸਵਾਦਿਸ਼ਟ ਖਾਣਾ ਖਿਲਾ ਕੇ ਉਨ੍ਹਾਂ ਦੇ ਦਿਨ ਨੂੰ ਖੂਬਸੂਰਤ ਤੇ ਯਾਦਗਾਰ ਬਣਾਇਆ। ਉਨ੍ਹਾਂ ਅਨੁਸਾਰ ਸਾਡੇ ਸਹਿਕਰਮੀ ਸਾਥੀ ਸਾਡੀ ਕਰਮ ਭੂਮੀ ਦੀ ਰੀੜ੍ਹ ਦੀ ਹੱਡੀ ਹਨ, ਜਿਨਾਂ ਤੋਂ ਬਿਨਾਂ ਕੋਈ ਵੀ ਕੰਮ ਸੰਭਵ ਨਹੀਂ ਹੋ ਸਕਦਾ। ਵਰਨਣਯੋਗ ਹੈ ਕਿਗ ਸਵਾਮੀ ਰੂਪ ਚੰਦ ਜੈਨ ਸੀ. ਸੈ. ਪਬਲਿਕ ਸਕੂਲ, ਰੂਪ ਵਾਟਿਕਾ ਸੀ. ਸੈ. ਸਕੂਲ, ਜੀ.ਐੱਚ.ਜੀ. ਅਕੈਡਮੀ, ਨਿਊ ਪੰਜਾਬ ਸੀ. ਸੈ. ਸਕੂਲ, ਡੀ.ਏ .ਵੀ. ਸੈਨਟਰੀ ਪਬਲਿਕ ਸਕੂਲ, ਅਨੁਵਰਤ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੇ ਲਗਭਗ 100 ਸਹਿਕਰਮੀ ਕਰਮਚਾਰੀਆਂ ਨੇ ਇਸ ਮਨੋਰੰਜਕ ਦਿਨ ਦਾ ਆਨੰਦ ਮਾਣਿਆ।

**ਸਮਰਾਲਾ (ਸੁਰਜੀਤ ਸਿੰਘ)** : ਡਾ. ਭੀਮ ਰਾਓ ਅੰਬੇਡਕਰ ਵੈੱਲਫੇਅਰ ਸੁਸਾਇਟੀ ਸਮਰਾਲਾ ਵੱਲੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮੌਕੇ ਲੇਬਰ ਚੌਕ ਸਮਰਾਲਾ ਵਿਖੇ ਪ੍ਰਧਾਨ ਧਰਮਜੀਤ ਸਿੰਘ ਤੇ ਮੀਤ ਪ੍ਰਧਾਨ ਇੰਜ: ਰਘਵੀਰ ਸਿੰਘ ਰਿਟਾ: ਐੱਸ. ਡੀ. ਓ. ਦੀ ਅਗਵਾਈ ਹੇਠ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਸੁਸਾਇਟੀ ਵੱਲੋਂ ਮਜ਼ਦੂਰ ਭਰਾਵਾਂ ਨੂੰ ਲੱਡੂ ਵੰਡ ਕੇ ਮਜ਼ਦੂਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ ਤੇ ਮਜ਼ਦੂਰ ਭਰਾਵਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਗਈਆਂ।ਸੁਸਇਟੀ ਦੇ ਪ੍ਰਧਾਨ ਧਰਮਜੀਤ ਸਿੰਘ ਤੇ ਇੰਜ: ਰਘਵੀਰ ਸਿੰਘ ਮੀਤ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਪੁੱਡਾ ਮਾਰਕੀਟ ਸਮਰਾਲਾ ਵਿਖੇ ਸੁਸਾਇਟੀ ਵੱਲੋਂ ਡਾ. ਭੀਮ ਰਾਓ ਅੰਬੇਡਕਰ ਮਿਸ਼ਨ ਵੈੱਲਫੇਅਰ ਸੁਸਾਇਟੀ ਤੇ ਮਜ਼ਦੂਰ ਯੂਨੀਅਨ ਅੰਬੇਦਕਰ ਦਾ ਸਾਂਝਾ ਦਫ਼ਤਰ ਬਣਾਇਆ ਜਾਵੇਗਾ। ਜਿੱਥੇ ਮਜ਼ਦੂਰਾਂ ਤੇ ਹੋਰ ਸਮਾਜਿਕ ਮਸਲੇ ਹੱਲ ਕੀਤੇ ਜਾਇਆ ਕਰਨਗੇ।ਮਜ਼ਦੂਰਾਂ ਦੀ ਮੰਗ ਨੂੰ ਦੇਖਦੇ ਹੋਏ ਸੰਸਥਾ ਵੱਲੋਂ ਠੰਡੇ ਪਾਣੀ ਵਾਲੀ ਟੈਂਕੀ ਭੇਟ ਕੀਤੀ ਗਈ, ਜਿੱਥੇਂ ਮਜ਼ਦੂਰ ਠੰਡਾ ਪਾਣੀ ਪੀ ਸਕਣਗੇ।ਇਸ ਮੌਕੇ ਸੰਸਥਾ ਵੱਲੋਂ ਸਤਵਿੰਦਰ ਸਿੰਘ ਕੈਸ਼ੀਅਰ, ਸ਼ਵਿੰਦਰ ਸਿੰਘ ਉੱਪਲ ਪ੍ਰੈੱਸ ਸਕੱਤਰ, ਕੇਸਰ ਸਿੰਘ ਸੂਬੇਦਾਰ ਸਲਾਹਕਾਰ, [illegible] ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਜ਼ਦੂਰ ਹਾਜ਼ਰ ਸਨ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਮਈ ਦਿਵਸ 'ਤੇ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ 'ਤੇ ਟੈਕਨੀਕਲ ਸਰਵਿਸ ਯੂਨੀਅਨ (ਰਜਿ. ਨੰ: 49) ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ ਤੇ ਲਾਲ ਸਲਾਮ ਦੇ ਨਾਅਰੇ ਲਾਏ। ਇਸ ਮੌਕੇ ਟੀ. ਐੱਸ. ਯੂ. ਪ੍ਰਧਾਨ ਅਮਰਜੀਤ ਸਿੰਘ ਮੰਗਲੀ, ਦਫ਼ਤਰੀ ਸਕੱਤਰ [illegible]


ਮਾਨਸਾ

ਵਿਜੇ ਕੁਮਾਰ ਵਰਮਾ, ਜਨਰਲ ਸਕੱਤਰ ਅੰਤਰ ਸਿੰਘ ਜੇ ਈ, ਮੀਤ ਪ੍ਰਧਾਨ ਜਗਦੀਪ ਸਿੰਘ, [illegible] ਮੁਕੰਦ ਸਿੰਘ [illegible] ਸਮੇਤ ਹੋਰ ਮੁਲਾਜ਼ਮ ਸਾਥੀ ਹਾਜ਼ਰ ਸਨ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਸ਼ਿਕਾਗੋ ਦੇ ਸ਼ਹੀਦਾਂ ਨੂੰ [illegible] ਮੰਗਲੀ ਨੇ ਮੰਗ ਕੀਤੀ ਕਿ ਥਰਮਲ ਪਲਾਂਟ ਵਿੱਚ ਠੇਕੇਦਾਰ ਅਧੀਨ ਕੰਮ ਕਰਦੇ ਕੱਚੇ ਮੁਲਾਜ਼ਮਾਂ ਨੂੰ [illegible] ਰੈਗੂਲਰ ਕੀਤਾ ਜਾਵੇ। ਇਸ ਤੋਂ ਇਲਾਵਾ [illegible] ਮਨਜੀਤ ਸਿੰਘ [illegible] ਦਾ ਝੰਡਾ ਲਹਿਰਾਇਆ ਗਿਆ।

**ਗਿੱਦੜਬਾਹਾ/ਸ੍ਰੀ ਮੁਕਤਸਰ ਸਾਹਿਬ (ਜਸਵੰਤ ਗਿੱਲ/ਸ਼ਮਿੰਦਰ ਪਾਲ/ਪੂਜਾ)** : ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਦੀਆਂ ਹਦਾਇਤਾਂ ਅਨੁਸਾਰ ਸ੍ਰੀ ਰਾਜ ਕੁਮਾਰ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ [illegible] ਕੌਮਾਂਤਰੀ ਮਜ਼ਦੂਰ ਦਿਵਸ [illegible]


ਜਗਰਾਓਂ

[illegible] ਵੀ ਹੈ, [illegible] ਹਨ।[illegible] ਅਥਾਰਟੀ ਦੇ ਟੋਲ ਫ੍ਰੀ ਹੈਲਪਲਾਈਨ ਨੰਬਰ 15100 ਤੇ ਜਾਂ ਸਿੱਧੇ ਤੌਰ 'ਤੇ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਲਹਿਰਾ ਮੁਹੱਬਤ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਕਾਮਿਆਂ ਨੂੰ ਉਤਸ਼ਾਹਤ ਕੀਤਾ। ਵਿਦਿਆਰਥੀ ਸਮੂਹ ਨੇ ਮਜ਼ਦੂਰਾਂ ਦੇ ਸਬੰਧ ਵਿੱਚ ਕਵਿਤਾਵਾਂ ਤੇ ਗੀਤ ਸੁਣਾਏ। ਬਾਲ ਮਜ਼ਦੂਰੀ ਦੀ ਰੋਕਥਾਮ ਨਾਲ ਸਬੰਧਤ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਇਸ ਤੋਂ ਬਾਅਦ ਖੇਡਾਂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਅਖੀਰ 'ਚ ਸਤਿਕਾਰ ਵਜੋਂ ਕਰਮਚਾਰੀਆਂ ਨੂੰ ਤੋਹਫ਼ੇ ਦਿੱਤੇ ਗਏ। ਸਕੂਲ ਦੇ ਐਮ. ਡੀ. ਪ੍ਰੋਫੈਸਰ ਐਮ. ਐਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਸਾਰੇ ਕਰਮਚਾਰੀਆਂ


ਗਿੱਦੜਬਾਹਾ

ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਜ਼ਦੂਰ ਵਰਗ ਦੀ ਮਿਹਨਤ ਤੇ ਸਮਰਪਣ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਰਤ ਦੀ ਸ਼ਾਨ ਨੂੰ ਪਛਾਣਨ ਲਈ ਉਤਸ਼ਾਹਤ ਕੀਤਾ।

**ਦੋਰਾਹਾ (ਹਰਮਿੰਦਰ ਸੇਠ)** : ਪੰਜਾਬ ਮੈਡੀਕਲ ਰੀਪ੍ਰੀਜੇਂਟੇਟਿਵ ਐਸੋਸੀਏਸ਼ਨ ਵੱਲੋਂ ਮਈ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਲੁਧਿਆਣਾ ਦੀਆਂ ਵੱਖ ਵੱਖ ਥਾਵਾਂ ਤੋਂ ਐਸੋਸੀਏਸ਼ਨ ਦੇ ਕਾਮਰੇਡਾਂ ਨੇ ਭਾਗ ਲਿਆ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਸੀਨੀਅਰ ਕਾਮਰੇਡ ਪੰਕਜ ਸੂਦ ਦੋਰਾਹਾ ਨੇ ਇਥੇ ਦੱਸਿਆ ਕਿ ਪੀ.ਐੱਮ.ਆਰ.ਏ. ਵੱਲੋਂ ਮਈ ਦਿਵਸ ਮੌਕੇ ਕਰਵਾਏ ਸਾਦੇ ਸਮਾਗਮ ਦੌਰਾਨ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਕਾਮਰੇਡ ਅਨੁਰਾਗ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਕਾਮਰੇਡ ਧਰਮਿੰਦਰ ਸਿੰਘ, ਜਨਰਲ ਸਕੱਤਰ ਕਾਮਰੇਡ ਵਿਕਾਸ ਪਰਾਸ਼ਰ ਆਦਿ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜ ਕੇ ਸ਼ਿਰਕਤ ਕੀਤੀ।ਸਭ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨ ਕਾਮਰੇਡ ਧਰਮਿੰਦਰ ਸਿੰਘ ਨੇ ਮਜ਼ਦੂਰਾਂ ਦੇ ਹੱਕਾਂ ਤੇ ਸਮਾਜ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ,


ਸਮਰਾਲਾ

ਜਦਕਿ ਕਾਮਰੇਡ ਵਿਕਾਸ ਪਰਾਸ਼ਰ ਨੇ ਮਈ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਪੀ.ਐੱਮ.ਆਰ.ਏ. ਦੇ ਸੂਬਾ ਪ੍ਰਧਾਨ ਕਾਮਰੇਡ ਅਨੁਰਾਗ ਸਿੰਘ ਨੇ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਦੇ ਹੋਏ ਸਮਾਜ ਤੇ ਦੇਸ਼ ਦੀ ਤਰੱਕੀ ਲਈ ਮਜ਼ਦੂਰ ਕਾਮਿਆਂ ਵਲੋਂ ਪਾਏ ਜਾ ਰਹੇ ਯੋਗਦਾਨ ਬਾਰੇ ਵਿਚਾਰ ਸਾਂਝੇ ਕੀਤੇ।ਇਸ ਤੋਂ ਇਲਾਵਾ ਪੀ ਐਮ ਆਰ ਏ ਦੇ ਸਾਬਕਾ ਜਨਰਲ ਸਕੱਤਰ ਮਨਦੀਪ ਰਾਵਤ ਤੇ ਸੀਨੀਅਰ ਜੀ ਐੱਸ ਪੁਰੀ, ਜਗਜੀਤ ਸਿੰਘ (ਲੀਗਲ ਅਡਵਾਈਜ਼ਰ), ਗੁਰਚਰਨ ਸਿੰਘ (ਸਾਬਕਾ ਜ਼ਿਲ੍ਹਾ ਜਨਰਲ ਸਕੱਤਰ), ਸ਼ਾਮ ਵਿਸ਼ਿਸ਼ਟ, ਨਰਾਇਣ ਪੰਡਿਤ, ਵਿਕਾਸ ਗੁੰਬਰ, ਸੁਖਦੇਵ ਸਿੰਘ, ਸੰਜੇ ਸ਼ਰਮਾ, ਜਤਿਨ ਕਾਲੜਾ, ਅਮਿਤ ਦੱਤਾ, ਕਰਨਪ੍ਰੀਤ ਸਿੰਘ, ਅਮਨਦੀਪ ਸਿੰਘ, ਦਿਨੇਸ਼ ਗੌਤਮ, ਬਲਜੀਤ ਸਿੰਘ, ਗਗਨਦੀਪ ਸਿੰਘ, ਰੌਸ਼ਨ ਸੈਮ, ਵਿਕਾਸ ਸਚਦੇਵਾ ਤੇ ਕਾਮਰੇਡ ਸੁਬੋਧ ਕੌਸ਼ਲ ਸਮੇਤ ਅਨੇਕਾਂ ਕਾਮਰੇਡ ਹਾਜ਼ਰ ਸਨ।

**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)** : ਜਨਤਕ ਜਥੇਬੰਦੀਆਂ ਤੇ ਸਾਂਝੇ ਮੋਰਚੇ ਵੱਲੋਂ ਮਈ ਦਿਵਸ ਦੇ ਸ਼ਹੀਦਾਂ ਦੀ ਯਾਦ ਵਿੱਚ ਪਟਿਆਲਾ, ਸਮਾਣਾ, ਨਾਭਾ, ਪਾਤੜਾਂ, ਰਾਜਪੁਰਾ [illegible] ਸਮੇਤ ਵੱਖ ਵੱਖ ਥਾਵਾਂ 'ਤੇ ਨਾਅਰਿਆਂ ਦੀ ਗੂੰਜ ਨਾਲ ਲਾਲ ਝੰਡਾ ਲਹਿਰਾਇਆ ਗਿਆ। ਇਸ ਪ੍ਰੋਗਰਾਮ ਵਿੱਚ [illegible]

**ਜਗਰਾਉਂ (ਸੰਜੀਵ ਅਰੋੜਾ)** : [illegible]

**ਚੀਮਾ (ਮੰਡੀ ਰਵਿੰਦਰ ਚੀਮਾ)** : [illegible]


ਦੋਰਾਹਾ

**ਬੁਢਲਾਡਾ (ਅਸ਼ੋਕ ਲਾਕੜਾ)** : [illegible]

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਅਲਟ੍ਰਾਟੈਕ [illegible] ਵਰਕਰ [illegible] ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਆਗੂਆਂ ਨੇ ਪਹਿਲੀ ਮਈ ਦੇ ਸ਼ਹੀਦਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਸਦਕਾ ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ ਤੇ ਅੱਠ ਘੰਟੇ ਪਰਿਵਾਰ ਤੇ ਸਮਾਜ ਲਈ ਲਾਗੂ ਕਰਵਾਏ। ਮਜ਼ਦੂਰਾਂ ਦੀਆਂ ਸਹੂਲਤਾਂ ਲਈ ਅੰਗਰੇਜ਼ਾਂ ਤੋਂ ਸੰਘਰਸ਼ ਕਰਕੇ ਕਿਰਤ ਕਾਨੂੰਨ ਬਣਵਾਏ. ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਕਾਨੂੰਨਾਂ ਨੂੰ ਸਮੇਂ-ਸਮੇਂ 'ਤੇ ਸੋਧ ਕਰਨ ਦੇ ਨਾਮ ਨਾਲ ਕਮਜ਼ੋਰ ਕੀਤਾ ਗਿਆ। ਸਾਲ 2014 ਵਿੱਚ ਬਣੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਕੋਡ ਲਾਗੂ ਕਰਨ ਦਾ ਐਲਾਨ ਕੀਤਾ ਗਿਆ, ਜੋ ਕਿ ਮਜ਼ਦੂਰ ਵਿਰੋਧੀ ਹੈ, ਜਿਸ ਦੇ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਵੇਗੀ। ਸੀਟੂ ਆਗੂ ਬਲਕਾਰ ਸਿੰਘ ਨੇ ਕਿਹਾ ਕਿ ਕਿਰਤ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਤੇ ਹੱਕੀ ਜਾਇਜ਼ ਮੰਗਾਂ ਮੰਨਵਾਉਣ ਲਈ ਦੇਸ਼ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 20 ਮਈ ਦੀ ਦੇਸ਼ ਵਿਆਪੀ ਹੜਤਾਲ ਦਾ ਐਲਾਨ ਕੀਤਾ ਗਿਆ ਹੈ, ਇਸ ਨੂੰ ਲਾਮਿਸਾਲ ਕਾਮਯਾਬ ਬਣਾਇਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਡਾ. ਸੁਖਮਿੰਦਰ ਸਿੰਘ ਬਾਠ, ਰਾਜ ਕੁਮਾਰ ਸੈਣੀ, ਪਰਸ਼ੂ ਰਾਮ, ਮਨੋਜ ਕੁਮਾਰ, ਜਰਨੈਲ ਸਿੰਘ, ਗੁਰਦੀਪ ਸਿੰਘ, ਲਖਵੀਰ ਸਿੰਘ, ਜ਼ਾਕਿਰ ਹੁਸੈਨ, ਬਨੇਸ਼ਵਰ ਦਾਸ, ਅਨੰਤ ਕੁਮਾਰ ਤੇ ਗੁਰਦੀਪ ਸਿੰਘ ਟੱਲਵਾਲੀ ਆਦਿ ਹਾਜ਼ਰ ਸਨ।

**ਮਾਨਸਾ (ਆਤਮਾ ਸਿੰਘ ਪਮਾਰ)** : ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਸਮੁੱਚੇ ਪੰਜਾਬ 'ਚ ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਭਰਾਤਰੀ ਜਥੇਬੰਦੀਆਂ ਤੇ ਕਿਰਤੀ ਲੋਕਾਂ ਦੇ ਸਹਿਯੋਗ ਨਾਲ ਸ਼ਾਨੋ ਸ਼ੌਕਤ ਨਾਲ ਮਨਾਇਆ। ਇਸ ਸਮੇਂ ਪਿਛਲੇ ਦਿਨੀਂ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਵਾਪਰੀ ਅਤਿ ਦੁਖਦਾਇਕ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਇਸ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਕਰਵਾ ਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ ਗਈ। ਇਸ ਸਮੇਂ ਬਲਾਕ ਮਾਨਸਾ ਦੇ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਭੈਣੀ ਬਾਘਾ, ਸਕੱਤਰ ਵੈਦ ਰਨਵੀਰ ਸਿੰਘ ਭੰਗਾਲ, ਚੇਅਰਮੈਨ ਵੈਦ ਗੁਰਨਾਮ ਸਿੰਘ, ਸੀਨੀਅਰ ਵਾਇਸ ਪ੍ਰਧਾਨ ਡਾ. ਮਨੋਜ ਕੁਮਾਰ ਖਿਆਲਾ, ਵਾਇਸ ਪ੍ਰਧਾਨ ਡਾ. ਅਜਮੇਰ ਸਿੰਘ ਖਿਆਲਾ, ਸਹਾਇਕ ਪ੍ਰੈੱਸ ਸਕੱਤਰ ਡਾ. ਰਵੀ ਖਾਨ, ਚੇਅਰਮੈਨ ਡਾ. ਸੁਧੀਰ ਚਿਲਾਨਾ ਤੇ ਡਾ. ਸੁਰੇਸ਼ ਬੱਤਰਾ ਸਮੇਤ ਬਲਾਕ ਮਾਨਸਾ ਦੇ ਆਗੂਆਂ ਦੀ ਅਗਵਾਈ 'ਚ ਇਸ ਇਕੱਠ ਦੌਰਾਨ ਹਾਜ਼ਰੀ ਲਗਵਾਈ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਨਹਿਰ ਕਾਲੋਨੀ ਫਿਰੋਜ਼ਪੁਰ ਵਿਖੇ ਸਿੰਚਾਈ ਵਿਭਾਗ ਦੇ ਮੁਲਾਜ਼ਮਾਂ ਨੇ ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਸਮੇਂ ਕਿਸ਼ਨ ਚੰਦ ਜਾਗੋਵਾਲੀਆ, ਮਹੇਸ਼ ਕੁਮਾਰ, ਬਲਵੀਰ ਸਿੰਘ ਗੋਖੀ ਵਾਲਾ, ਮਿਹਰ ਸਿੰਘ, ਮੁਨਸ਼ੀ ਲਾਲ, ਸਮਰ ਬਹਾਦਰ, ਦਿਨੇਸ਼ ਕੁਮਾਰ, ਹਰਜੀਤ ਸਿੰਘ, ਮਲਕੀਤ ਸਿੰਘ, ਗੁਰਨਾਮ ਸਿੰਘ ਸੁਧਾਰਾ ਨੇ ਆਖਿਆ ਕਿ ਅੱਜ ਪਹਿਲੀ ਮਈ ਦਾ ਦਿਹਾੜਾ ਮਜ਼ਦੂਰ ਸਾਰੀ ਦੁਨੀਆ ਵਿੱਚ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ। ਇਸ ਮੌਕੇ ਦਿਨੇਸ਼ ਕੁਮਾਰ, ਰਾਮਪਾਲ, ਵਿਸ਼ਵਨਾਥ, ਹਰਜੀਤ ਸਿੰਘ, ਪਰਮਜੀਤ ਸਿੰਘ, ਦਿਨੇਸ਼ ਕੁਮਾਰ ਹਾਜ਼ਰ ਸਨ।

ਇਸੇ ਦੌਰਾਨ ਮਜ਼ਦੂਰ ਦਿਵਸ ਤੇ ਟੈਕਨੀਕਲ ਸਰਵਿਸਿਜ਼ ਯੂਨੀਅਨ ਇਨਕਲਾਬੀ ਗਰੁੱਪ ਪੰਜਾਬ ਦੇ ਮੁਲਾਜ਼ਮ ਸਾਥੀਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਸਰਕਲ ਫਿਰੋਜ਼ਪੁਰ ਦੇ ਪ੍ਰਧਾਨ ਜਗਤਾਰ ਸਿੰਘ ਦੀ ਅਗਵਾਈ ਵਿੱਚ ਸਰਕਲ ਦੱਫਤਰ ਫਿਰੋਜ਼ਪੁਰ, ਸਿਟੀ ਡਵੀਜ਼ਨ ਫਿਰੋਜ਼ਪੁਰ, 220 ਕੇਵੀਏ ਫਿਰੋਜ਼ਪੁਰ ਵਿਖੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਪ੍ਰੋਗ੍ਰਾਮ ਵਿੱਚ ਰਜੇਸ਼ ਦੇਵਗਨ ਪ੍ਰਧਾਨ ਸਬ ਅਰਬਨ ਡਵੀਜ਼ਨ ਫਿਰੋਜ਼ਪੁਰ, ਰਮਨਦੀਪ ਸਿੰਘ ਪ੍ਰਧਾਨ ਸਿਟੀ ਡਵੀਜ਼ਨ ਫਿਰੋਜ਼ਪੁਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸੁਰਜੀਤ ਸ਼ਰਮਾ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਰਾਕੇਸ਼ ਸ਼ਰਮਾ, ਚੰਨਣ ਸਿੰਘ, ਸ਼ਾਮ ਸਿੰਘ, ਰਵੀ ਸ਼ਰਮਾ ਬਜ਼ੀਦਪੁਰ, ਰਜਿੰਦਰ ਸ਼ਰਮਾ ਮੁਲਾਜ਼ਮਾਂ ਨੂੰ ਇਕੱਠੇ ਹੋ ਕੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਦੇ ਮੈਦਾਨ ਵਿੱਚ ਨਿਤਰਨ ਦਾ ਹੋਕਾ ਦਿੱਤਾ। ਇਸ ਤੋਂ ਇਲਾਵਾ ਸਿਟੀ ਸਬ ਡਵੀਜ਼ਨ, ਸਬ ਅਰਬਨ ਡਵੀਜ਼ਨ ਦੇ ਪ੍ਰਧਾਨ ਸਕੱਤਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਸ਼ਮੂਲੀਅਤ ਕੀਤੀ।

ਇਸੇ ਦੌਰਾਨ ਡੀਐੱਫਓ ਫਿਰੋਜ਼ਪੁਰ ਦਫਤਰ ਗੇਟ ਦੇ ਅੱਗੇ ਸ਼ਿਕਾਗੋ ਦੇ ਸ਼ਹੀਦਾਂ 1 ਮਈ ਦਾ ਦਿਨ ਮਨਾਉਂਦੇ ਹੋਏ ਝੰਡਾ ਚੜ੍ਹਾਇਆ ਗਿਆ। ਪੰਜਾਬ ਪ੍ਰਧਾਨ ਰੁਲਦੂ ਰਾਮ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਸਾਹਨ ਕੇ ਨੇ ਇਸ ਦੀ ਅਗਵਾਈ ਕੀਤੀ। ਇਸ ਮੌਕੇ ਕਾਲਾ ਸਿੰਘ ਜੱਲੇਕੇ, ਨਿਸ਼ਾਨ ਸਿੰਘ, ਪਾਲਾ ਸਿੰਘ, ਰਾਜ ਸਿੰਘ, ਜਰਨੈਲ ਸਿੰਘ, ਲੱਖਾ ਸਿੰਘ ਵਾਲਾ, ਸਤਪਾਲ ਸਿੰਘ, ਲਖਵਿੰਦਰ ਸਿੰਘ, ਅਮਰ ਸਿੰਘ, ਸੁਖਦੇਵ ਸਿੰਘ, ਕਰਨੈਲ ਸਿੰਘ, ਸੁੰਦਰ ਸਿੰਘ, ਬਗੀਚਾ ਸਿੰਘ, ਪ੍ਰਕਾਸ਼ ਕੌਰ, ਅਮਰਜੀਤ ਕੌਰ, ਮੁਖਤਿਆਰ ਸਿੰਘ, ਅਮਰਜੀਤ ਸਿੰਘ ਤੇ ਹੋਰ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਜਥੇਬੰਦੀ ਨੇ ਫੈਸਲਾ ਲਿਆ ਕਿ ਵਰਕਰਾਂ ਨਾਲ ਧੱਕਾ


ਚੀਮਾ ਮੰਡੀ

ਨਹੀਂ ਹੋਣ ਦਿਆਂਗੇ ਤੇ ਵਰਕਰਾਂ ਨੂੰ ਇਨਸਾਫ ਦੁਆਂਗੇ।

**ਜਲਾਲਾਬਾਦ (ਜੀਤ ਕੁਮਾਰ)** : ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੀ ਬ੍ਰਾਂਚ ਜਲਾਲਾਬਾਦ ਵੱਲੋਂ ਮਜ਼ਦੂਰ ਦਿਹਾੜੇ ਮੌਕੇ ਜਲ ਸਪਲਾਈ ਮਹਿਕਮੇ ਦੇ ਸਬ ਡਵੀਜ਼ਨ ਜਲਾਲਾਬਾਦ ਦੇ ਦਫਤਰ ਗੁੰਮਾਨੀਵਾਲਾ ਵਿਖੇ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ ਤੇ ਇਸ ਦੇ ਬਾਅਦ ਅਕਾਸ਼ ਗੁੰਜਾਊ ਨਾਅਰੇ ਲਗਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ, ਜੋਕਿ ਇੱਕ ਮਈ ਨੂੰ ਸ਼ਿਕਾਗੋ ਵਿੱਚ ਆਪਣੇ ਹੱਕਾਂ ਲਈ ਸ਼ਹੀਦ ਹੋਏ ਸਨ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸਰਕਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ, ਦਫਤਰੀ ਸਟਾਫ ਸਬ ਕਮੇਟੀ ਸੂਬਾ ਜਥੇਬੰਦਕ ਸਕੱਤਰ ਸੁਖਚੈਨ ਸਿੰਘ ਸੋਢੀ, ਜ਼ਿਲ੍ਹਾ ਖਜ਼ਾਨਚੀ ਮਹਿੰਦਰ ਸਿੰਘ ਮੰਨੇਵਾਲਾ ਸਮੇਤ ਵੱਡੀ ਗਿਣਤੀ ਵਿੱਚ ਕੰਟਰੈਕਟ ਵਰਕਰਾਂ ਨੇ ਸ਼ਿਰਕਤ ਕੀਤੀ।

ਇਸੇ ਦੌਰਾਨ ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਆਨ ਬ੍ਰਾਂਚ ਜਲਾਲਾਬਾਦ ਵੱਲੋਂ ਵੀ ਮਜ਼ਦੂਰ ਦਿਹਾੜੇ 'ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਜਥੇਬੰਦੀ ਦਾ ਝੰਡਾ ਚੜ੍ਹਾਇਆ ਗਿਆ। ਇਸ ਮੌਕੇ ਸੂਬਾ ਆਗੂ ਫੁੰਮਣ ਸਿੰਘ ਕਾਠਗੜ੍ਹ, ਕ੍ਰਿਸ਼ਨ ਬਲਦੇਵ, ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਸੋਹਨਾ ਸਾਂਦੜ, ਹਰਵੇਲ ਸਿੰਘ, ਭੁਪਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਦਰਸ਼ਨ ਭੁੱਲਰ, ਬੰਤਾ ਸਿੰਘ, ਸ਼ਾਮਾ ਨੰਦ ਆਦਿ ਬੁਲਾਰਿਆਂ ਨੇ ਸਰਮਾਏਦਾਰੀ ਪੱਖੀ ਸਰਕਾਰਾਂ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮ ਵਰਗ ਵਿਰੋਧੀ ਨੀਤੀਆਂ ਲਿਆ ਰਹੀਆਂ ਹਨ, ਜਿਨ੍ਹਾਂ ਨੂੰ ਮੋੜਾ ਦੇਣ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਤੱਕੜੇ ਸੰਘਰਸ਼ ਕਰਨ ਦੀ ਅਪੀਲ ਕੀਤੀ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਹਰ ਸਾਲ ਦੀ ਤਰ੍ਹਾਂ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਵੱਲੋਂ ਰੇਲਵੇ ਸਟੇਸ਼ਨ ਫਿਰੋਜ਼ਪੁਰ ਛਾਉਣੀ ਵਿਖੇ ਮਈ ਦਿਵਸ ਦੇ ਸ਼ਹੀਦਾਂ ਨੂੰ ਤੇ ਪਹਿਲਗਾਮ ਵਿੱਚ ਨਿਰਦੋਸ਼ ਲੋਕਾਂ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਸ਼ਹੀਦੀ ਸਮਾਗਮ ਵਿੱਚ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਨਾਲ ਸਬੰਧਤ ਕੇਂਦਰ ਅਤੇ ਰਾਜ ਸਰਕਾਰ ਦੇ ਕਿਰਤੀਆਂ ਦੀਆਂ ਜਥੇਬੰਦੀਆਂ ਨੇ ਆਪੋ ਆਪਣੇ ਅਦਾਰਿਆਂ ਵਿੱਚ ਝੰਡੇ ਲਹਿਰਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਦੇ ਪ੍ਰਧਾਨ ਸੁਭਾਸ਼ ਸ਼ਰਮਾ, ਮੀਤ ਪ੍ਰਧਾਨ ਸੁਰਿੰਦਰ ਸਿੰਘ, ਮੀਤ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਜਨਰਲ ਸਕੱਤਰ ਰਜੀਵ ਹਾਂਡਾ, ਸਹਾਇਕ ਸਕੱਤਰ ਜਗਜੀਤ ਸਿੰਘ ਤੇ ਨਰਿੰਦਰ ਸ਼ਰਮਾ, ਖਜ਼ਾਨਚੀ ਪ੍ਰਦੀਪ ਧਵਨ, ਪ੍ਰੈੱਸ ਸਕੱਤਰ ਕਿਸ਼ਨ ਚੰਦ ਜਾਗੋਵਾਲੀਆ, ਜਥੇਬੰਦਕ ਸਕੱਤਰ ਪ੍ਰਤਾਪ ਸਿੰਘ ਢਿੱਲੋਂ, ਸਲਾਹਕਾਰ ਮਹਿੰਦਰ ਸਿੰਘ ਧਾਲੀਵਾਲ, ਪ੍ਰਵੀਨ ਕੁਮਾਰ ਸੈਂਟਰਲ ਵਾਈਸ ਪ੍ਰਧਾਨ ਐਨ ਆਰ ਐਮ ਯੂ, ਰਾਮ ਪ੍ਰਸਾਦ ਪ੍ਰਧਾਨ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਰਮੇਸ਼ ਠਾਕੁਰ ਸਾਬਕਾ ਪ੍ਰਧਾਨ ਐਨ ਆਰ ਐਮ ਯੂ, ਬੱਗਾ ਸਿੰਘ ਮਗਨਰੇਗਾ ਭਲਾਈ ਯੂਨੀਅਨ ਤੇ ਕਾਰਜਕਾਰੀ ਮੈਂਬਰ ਸੁਸ਼ੀਲ ਕੁਮਾਰ ਨੇ ਸੰਬੋਧਨ ਕੀਤਾ। ਇਸ


ਪਟਿਆਲਾ

ਮੌਕੇ ਹੋਰਨਾਂ ਤੋਂ ਇਲਾਵਾ ਰਮੇਸ਼ ਸ਼ਰਮਾ, ਨਰੈਸ਼ ਸੈਣੀ, ਨਿਸ਼ਾਨ ਸਿੰਘ, ਪੰਕਜ ਮਹਿਤਾ, ਪ੍ਰੋਫੈਸਰ ਕੁਲਦੀਪ ਸਿੰਘ, ਬਲਵੀਰ ਸਿੰਘ ਗੋਖੀਵਾਲ, ਗੁਰਮੀਤ ਸਿੰਘ ਔਲਖ, ਜਗਦੀਪ ਸਿੰਘ ਮਾਂਗਟ, ਬਲਵੀਰ ਸਿੰਘ ਕੰਬੋਜ਼, ਦਲਜੀਤ ਸਿੰਘ ਯਾਰੇਸ਼ਾਹ ਵਾਲਾ, ਡਾਕਟਰ ਪ੍ਰਦੀਪ ਰਾਣਾ, ਜਸਵਿੰਦਰ ਕੌੜਾ, ਗਿਆਨ ਸਿੰਘ, ਅਨਿਲ ਸੇਠੀ, ਰਾਜਵੀਰ ਸਿੰਘ, ਤਿਰਲੋਕ ਸਿੰਘ, ਮਹਿੰਦਰ ਸਿੰਘ, ਗੁਰਪ੍ਰੀਤ ਸਿੰਘ, ਪੰਮਾ ਸਿੰਘ, ਸੰਦੀਪ ਸਿੰਘ, ਬਲਵਿੰਦਰ ਸਿੰਘ ਭੁੱਟੋ, ਜੰਗੀਰ ਸਿੰਘ ਜ਼ੀਰਾ, ਮਿਹਰ ਸਿੰਘ, ਇਕਬਾਲ ਸਿੰਘ, ਤਨਮਨ ਸ਼ਰਮਾ, ਸੰਦੀਪ ਕੌਰ, ਆਰਤੀ, ਵਿਜੇ ਗੱਖੜ, ਜੋਗਿੰਦਰ ਸਿੰਘ ਕਮੱਗਰ, ਅਜੀਤ ਗਿੱਲ, ਰਾਜ ਕੁਮਾਰ, ਪ੍ਰੀਤਮ ਸਿੰਘ ਧੂੜੀਆ ਹਾਜ਼ਰ ਸਨ।

ਇਸ ਤੋਂ ਇਲਾਵਾ ਨਹਿਰ ਕਾਲੋਨੀ ਫਿਰੋਜ਼ਪੁਰ ਵਿਖੇ ਸਿੰਚਾਈ ਵਿਭਾਗ ਦੇ ਮੁਲਾਜ਼ਮਾਂ ਨੇ ਪਹਿਲੀ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਸਮੇਂ ਕਿਸ਼ਨ ਚੰਦ ਜਾਗੋਵਾਲੀਆ, ਮਹੇਸ਼ ਕੁਮਾਰ, ਬਲਵੀਰ ਸਿੰਘ ਗੋਖੀ ਵਾਲਾ, ਮਿਹਰ ਸਿੰਘ, ਮੁਨਸ਼ੀ ਲਾਲ, ਸਮਰ ਬਹਾਦਰ, ਦਿਨੇਸ਼ ਕੁਮਾਰ, ਹਰਜੀਤ ਸਿੰਘ, ਮਲਕੀਤ ਸਿੰਘ, ਗੁਰਨਾਮ ਸਿੰਘ ਸੁਧਾਰਾ ਨੇ ਮਹਿੰਗਾਈ, ਬੇਰੁਜ਼ਗਾਰੀ, ਨਿੱਜੀਕਰਨ, ਠੇਕੇਦਾਰ ਦੀ ਪ੍ਰਥਾ ਰਾਹੀਂ ਮਜ਼ਦੂਰਾਂ ਦੀ ਹੋ ਰਹੀ ਲੁੱਟ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਦਿਨੇਸ਼ ਕੁਮਾਰ, ਰਾਮਪਾਲ, ਵਿਸ਼ਵਨਾਥ, ਹਰਜੀਤ


ਬੁਢਲਾਡਾ

ਸਿੰਘ, ਪਰਮਜੀਤ ਸਿੰਘ, ਦਿਨੇਸ਼ ਕੁਮਾਰ ਹਾਜ਼ਰ ਸਨ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਨਗਰ ਕੌਂਸਲ ਦਫ਼ਤਰ ਮਾਛੀਵਾੜਾ ਸਾਹਿਬ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ, ਜਿੱਥੇ ਪ੍ਰਧਾਨ ਮੋਹਿਤ ਕੁੰਦਰਾ ਨੇ ਝੰਡਾ ਚੜ੍ਹਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਨਿਰਮਲ ਸਿੰਘ, ਨਿਰੰਜਨ ਨੂਰ, ਨੀਰਜ ਕੁਮਾਰ, ਸਫ਼ਾਈ ਯੂਨੀਅਨ ਦੇ ਪ੍ਰਧਾਨ ਸਨੀ ਵੈਦ, ਸਨੀ ਪਾਮੇ, ਰਵੀ ਸ਼ੰਕਰ, ਰਾਜ ਕੁਮਾਰ, ਕੁਲਦੀਪ ਸਿੰਘ, ਸਤਪਾਲ, ਦੇਵਕੀ ਨੰਦਨ, ਵਿਪਨ ਕੁਮਾਰ, ਮਨੋਜ ਕੁਮਾਰ, ਸੁਖਵਿੰਦਰ ਸਿੰਘ, ਲਾਲੀ ਵੈਦ, ਸੰਜੀਵ ਕੁਮਾਰ, ਸਰਬਜੀਤ ਸਿੰਘ, ਬਿੰਦਰ ਹੰਸ, ਸੁਖਵਿੰਦਰ, ਅਸ਼ੋਕ ਬੱਗਣ, ਰਵੀ ਵੈਦ, ਵਣਜਾਰਾ, ਸਮਸ਼ੇਰ ਸਿੰਘ, ਸੁਖਦਰਸ਼ਨ ਲਾਲ, ਦਰਸ਼ਨ, ਹਰਵਿੰਦਰ, ਮਨਦੀਪ ਪਾਮੇ, ਭਵਨਪ੍ਰੀਤ, ਗੌਰਵ ਬਾਲੀ, ਸੋਹਣ ਲਾਲ, ਗਗਨਦੀਪ, ਅਮਨਦੀਪ, ਮਨਦੀਪ, ਮਨਜੋਤ ਸਿੰਘ, ਪ੍ਰਦੀਪ, ਜਗਜੀਤ ਸਿੰਘ, ਗਗਨ, ਰਾਜੇਸ਼ ਵੈਦ, ਵਿਜੈ ਕੁਮਾਰ, ਕ੍ਰਿਸ਼ਨ ਲਾਲ, ਟਿੰਕੂ ਸਹੋਤਾ, ਮਨੋਜ ਬਾਲੀ,


ਜਗਰਾਓਂ

ਖੇਮਰਾਜ ਤੇ ਜਸਵੀਰ ਸਿੰਘ ਮੌਜੂਦ ਸਨ। ਇਸ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਵੀ ਪਿੰਡ ਝੜੌਦੀ ਵਿਖੇ ਸ਼ਿਕਾਗੋ ਤੇ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ, ਮਜ਼ਦੂਰਾਂ ਨੂੰ ਯਾਦ ਕਰਦਿਆਂ ਅੱਜ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਧਾਨ ਨਿੱਕਾ ਖੇੜਾ ਨੇ ਕਿਹਾ ਕਿ ਅੱਜ ਵੀ ਮਜ਼ਦੂਰ ਵਰਗ ਨੂੰ ਬਣਦੇ ਹੱਕ ਨਹੀਂ ਮਿਲ ਰਹੇ ਤੇ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਪ੍ਰਫੁਲਿੱਤ ਕਰ ਮਜ਼ਦੂਰਾਂ ਦਾ ਹੱਕ ਮਾਰਨ 'ਤੇ ਤੁਰੀ ਹੋਈ ਹੈ।

ਇਸ ਮੌਕੇ ਬਾਬੂ ਸਿੰਘ ਝੜੌਦੀ, ਪ੍ਰਕਾਸ਼ ਸਿੰਘ ਉਦੋਵਾਲ, ਹਰਦੇਵ ਸਿੰਘ ਬਾਗ, ਜਸਪਾਲ ਸਿੰਘ ਲੁਬਾਣਗੜ੍ਹ, ਬਲਜੀਤ ਸਿੰਘ ਜੁਲਫਗੜ੍ਹ, ਅਸ਼ੋਕ ਖੇੜਾ, ਸ਼ਾਮ ਸਿੰਘ, ਰਣਜੀਤ ਸਿੰਘ, ਚਰਨਪ੍ਰੀਤ ਟਾਂਡਾ, ਸ਼ਾਮ ਸਿੰਘ ਰੂੜੇਵਾਲ, ਚਤਰ ਸਿੰਘ, ਪਾਲ ਸਿੰਘ, ਬਲਕਾਰ ਸਿੰਘ, ਅਨਮੋਲ ਸਿੰਘ, ਜਗਜੀਤ ਸਿੰਘ, ਕੁਲਦੀਪ ਸਿੰਘ, ਚੰਦਨ ਮੋਹਣ, ਭਾਗ ਸਿੰਘ, ਲਖਵੀਰ ਸਿੰਘ, ਵਰਿੰਦਰ ਸਿੰਘ, ਛਿੰਦਰਪਾਲ, ਲਾਲੀ ਬੁੱਲੇਵਾਲ ਤੇ ਪ੍ਰਿੰਸ ਖੇੜਾ ਮੌਜੂਦ ਸਨ।


ਜਲਾਲਾਬਾਦ



ਫਿਰੋਜ਼ਪੁਰ


ਲਹਿਰਾ ਮੁਹੱਬਤ


ਸ਼ਿਕਾਗੋ ਦੇ ਸ਼ਹੀਦਾਂ ਦੀ ਯਾਦ ਵਿੱਚ ਜੀ ਐੱਚ ਟੀ ਪੀ ਕੰਟਰੈਕਟਰ ਵਰਕਰ ਯੂਨੀਅਨ ਏਟਕ (ਰਜਿ. 8) ਵੱਲੋਂ ਸ਼ਰਧਾਂਜਲੀ ਦਿੰਦਿਆਂ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਮੇਨ ਗੇਟ 'ਤੇ ਝੰਡਾ ਲਹਿਰਾਇਆ ਗਿਆ। (ਵੇਰਵਾ : ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

# 'ਆਪ' ਦੀ ਲੀਡਰਸ਼ਿਪ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ

**ਬਟਾਲਾ/ਫਤਿਹਗੜ੍ਹ ਚੂੜੀਆਂ (ਤਰਲੋਕ ਬੱਗਾ)**-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਭਾਖੜਾ ਡੈਮ ਤੋਂ 8500 ਕਿਊਸਿਕ ਪਾਣੀ ਹਰਿਆਣਾ ਨੂੰ ਦੇਣ ਦੇ ਕੀਤੇ ਗਏ ਫੈਸਲੇ ਨੂੰ ਪੰਜਾਬ ਦੇ ਹੱਕਾਂ ਤੇ ਵੱਡਾ ਡਾਕਾ ਦੱਸਦਿਆਂ ਅੱਜ ਫਤਿਹਗੜ੍ਹ ਚੂੜੀਆਂ ਵਿਖੇ ਬਲਬੀਰ ਸਿੰਘ ਪੰਨੂ, ਚੇਅਰਮੈਨ ਪਨਸਪ ਪੰਜਾਬ ਦੀ ਅਗਵਾਈ ਹੇਠ ਭਾਜਪਾ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਅਤੇ ਪੁਤਲਾ ਫੂਕਿਆ ਗਿਆ।ਇਸ ਮੌਕੇ ਹਲਕਾ ਫਤਿਹਗੜ੍ਹ ਚੂੜੀਆਂ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਧਾਨਾਂ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਲੋਕਾਂ ਨੂੰ ਬਰਬਾਦ ਕਰਨ ਵਾਲਾ ਮੰਦਭਾਗਾ ਕਦਮ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿਰੋਧੀ ਨਵਾਂ ਫੈਸਲਾ ਲੈਂਦਿਆਂ ਹੁਣ ਕੇਂਦਰ ਸਰਕਾਰ ਨੇ ਹਰਿਆਣਾ ਸਰਕਾਰ ਨੇ ਮਿਲ ਕਿ ਇੱਕ ਅਜਿਹਾ ਫੈਸਲਾ ਲਿਆ ਹੈ ਜੋ ਨਾ ਸਿਰਫ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰੇਗਾ ਸਗੋਂ ਪੰਜਾਬ ਦੇ ਵਪਾਰੀ ਵਰਗ ਸਮੇਤ ਹਰੇਕ ਵਿਅਕਤੀ ਤੇ ਇਸ ਦਾ ਮਾਰੂ ਪ੍ਰਭਾਵ ਪਵੇਗਾ, ਜਦ ਕਿ ਦੇਸ਼ ਦਾ ਢਿੱਡ ਭਰਨ ਵਾਲੇ ਸੂਬੇ ਪੰਜਾਬ ਵਿੱਚ 80 ਫੀਸਦੀ ਵੱਸੋਂ ਖੇਤੀਬਾੜੀ ਤੇ ਨਿਰਭਰ ਹੈ ਅਤੇ ਖੇਤੀਬਾੜੀ ਪਾਣੀ ਤੋਂ ਬਿਨਾਂ ਸੰਭਵ ਨਹੀਂ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਦੇ



ਪਾਣੀ ਦੀ ਵੱਡੀ ਮਾਤਰਾ ਹਰਿਆਣਾ ਸਮੇਤ ਹੋਰ ਸੂਬਿਆਂ ਨੂੰ ਦੇ ਦਿੱਤੇ ਜਾਣ ਕਾਰਨ ਪੰਜਾਬ ਵਿੱਚ ਪਾਣੀ ਦੀ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ। ਪਰ ਪੰਜਾਬ ਦੇ ਗੰਭੀਰ ਸੰਕਟ ਨੂੰ ਸਮਝਣ ਦੀ ਬਜਾਏ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਨੇ ਨਾਦਰਸ਼ਾਹੀ ਫਰਮਾਨ ਥੋਪ ਦਿੱਤਾ ਹੈ।ਬੁਲਾਰਿਆਂ ਨੇ ਕਿਹਾ ਕਿ ਪਾਣੀ ਦੀ ਕਮੀ ਕਾਰਨ ਪੰਜਾਬ ਦੀ ਕਿਸਾਨੀ 'ਤੇ ਸੂਬੇ ਦਾ ਵਪਾਰੀ ਵਰਗ ਵੀ ਤਬਾਹ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਪੰਜਾਬ ਨੂੰ ਕਈ ਸਹੂਲਤਾਂ ਚੋਂ ਵਾਂਝੇ ਰੱਖ ਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦੇ ਚੁੱਕੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਵਿਸ਼ੇਸ਼ ਪੈਕਜ ਅਤੇ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਕੋਈ ਵਿਸ਼ੇਸ਼ ਰਾਹਤ ਨਹੀਂ ਦਿੱਤੀ ਹੈ, ਜਦੋਂ ਕਿ ਹੋਰਨਾਂ ਸੂਬਿਆਂ ਨੂੰ ਕਈ ਰਿਆਇਤਾਂ ਦਿੱਤੀਆਂ ਜਾ ਚੁੱਕੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਾਸੀ ਪਹਿਲਾਂ ਹੀ ਕੇਂਦਰ ਸਰਕਾਰ ਦੇ ਰਵੱਈਏ ਤੋਂ ਬੇਹੱਦ ਮਾਯੂਸ ਹਨ, ਹੁਣ ਸੂਬੇ ਦੇ ਪਾਣੀਆਂ ਨੂੰ ਖੋਹਣ ਦਾ ਵੱਡਾ ਫੈਸਲਾ ਕਰਕੇ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਵਾਸੀਆਂ ਦੇ ਜ਼ਖਮਾਂ ਤੇ ਲੂਣ ਛਿੜਕਿਆ ਹੈ।ਇਸ ਮੌਕੇ ਸੁਖਦੇਵ ਸਿੰਘ, ਸ਼ਮਸ਼ੇਰ ਸਿੰਘ, ਹਰਦੀਪ ਸਿੰਘ, ਰਘਬੀਰ ਸਿੰਘ, ਸਰਬਜੀਤ ਸਿੰਘ, ਜਸਬੀਰ ਸਿੰਘ, ਹਰਪ੍ਰੀਤ ਸਿੰਘ, ਜਗਜੀਤ ਸਿੰਘ, ਮਲਜਿੰਦਰ ਸਿੰਘ, ਪਲਵਿੰਦਰ ਸਿੰਘ, ਹਰਦੀਪ ਦਮੋਦਰ ਪਰਮਜੀਤ ਸਿੰਘ, ਸੈਮੂਅਲ ਮਸੀਹ, ਸੁਰਜਨ ਸਿੰਘ, ਲਖਵਿੰਦਰ ਸਿੰਘ ਬੱਲ, ਅਨੂਪ ਕੁਮਾਰ, ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ, ਪਰਗਟ ਸਿੰਘ, ਨਵਿਸ਼ ਨੰਦਾ, ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ ਡਾਕਟਰ ਸੋਨੀ ਤੇ ਮੰਗਲ ਸਿੰਘ ਆਦਿ ਹਾਜ਼ਰ ਸਨ।

# ਮੰਡੀਆਂ 'ਚ ਕਣਕ ਦੀ ਖਰੀਦ ਦਾ ਅੰਕੜਾ 5 ਲੱਖ ਮੀਟਰਿਕ ਟਨ ਪਹੁੰਚਿਆ: ਡੀ ਸੀ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਅੰਕੜਾ 5 ਲੱਖ ਮੀਟਰਿਕ ਟਨ ਦੇ ਕਰੀਬ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 1150.01 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 508105 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 498010 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 138054 ਮੀਟਰਿਕ ਟਨ, ਮਾਰਕਫੈੱਡ ਨੇ 135396 ਮੀਟਰਿਕ ਟਨ, ਪਨਸਪ ਨੇ 119272 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 75885 ਮੀਟਰਿਕ ਟਨ ਅਤੇ ਐੱਫ਼.ਸੀ.ਆਈ. ਨੇ 21251 ਮੀਟਰਿਕ ਟਨ ਕਣਕ ਖ਼ਰੀਦੀ ਹੈ। ਇਸ ਤੋਂ ਇਲਾਵਾ 8152 ਮੀਟਰਿਕ ਟਨ ਵਪਾਰੀਆਂ ਵੱਲੋਂ ਖਰੀਦੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 1150.01 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਤੋਂ ਬਾਅਦ ਕਣਕ ਦੀ ਲਿਫਟਿੰਗ ਵੀ ਤੇਜ਼ ਕਰ ਦਿੱਤੀ ਗਈ ਹੈ ਅਤੇ ਬੀਤੀ ਸ਼ਾਮ ਤੱਕ 210122 ਮੀਟਰਿਕ ਟਨ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ।

# ਮਈ ਦਿਵਸ ਸੰਸਾਰ ਭਰ ਦੇ ਮਜ਼ਦੂਰਾਂ ਨੂੰ ਪੂੰਜੀਵਾਦ ਦੀ ਗੁਲਾਮੀ ਵਿਰੁੱਧ ਸੰਘਰਸ਼ ਦੀ ਪ੍ਰੇਰਨਾ ਦਿੰਦਾ: ਵਲਟੋਹਾ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਵਲਟੋਹਾ ਵੱਲੋਂ ਪਾਰਟੀ ਦਫਤਰ ਵਲਟੋਹਾ ਅਤੇ ਜੋਧ ਸਿੰਘ ਵਾਲਾ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ। ਝੰਡਾ ਚੜ੍ਹਾਉਣ ਦੀ ਰਸਮ ਬਲਾਕ ਸਕੱਤਰ ਕਿਰਨਜੀਤ ਕੌਰ ਵਲਟੋਹਾ ਅਤੇ ਖੇਤ ਮਜ਼ਦੂਰ ਸਭਾ ਦੇ ਆਗੂ ਜਗੀਰ ਸਿੰਘ ਲੌਂਗਵਿੰਡ ਨੇ ਨਿਭਾਈ। ਆਗੂਆਂ ਨੇ ਬੋਲਦੇ ਹੋਏ ਕਿਹਾ ਕਿ ਮਜ਼ਦੂਰ ਦਿਵਸ ਪੂੰਜੀਵਾਦ ਲੁਟੇਰੇ ਪ੍ਰਬੰਧ ਤੋਂ ਖਲਾਸੀ ਲਈ ਲਹੂ ਵੀਟਵੇਂ ਸੰਘਰਸ਼ ਅਤੇ ਕੀਤੀਆਂ ਕੁਰਬਾਨੀਆਂ ਦਾ ਪ੍ਰਤੀਕ ਹੈ।ਇਹ ਸਿਰਫ ਮਜ਼ਦੂਰਾਂ ਦਾ ਹੀ ਨਹੀਂ ਸਗੋਂ ਲੁੱਟੇ-ਪੁੱਟੇ ਜਾਂਦੇ ਉਨ੍ਹਾਂ ਲੋਕਾਂ ਦਾ ਵੀ ਹੈ ਜਿਹੜੇ ਬੇਕਿਰਕ ਆਰਥਿਕ ਲੁੱਟ-ਖਸੁੱਟ, ਅਨਿਆਂ, ਜ਼ੁਲਮ ਅਤੇ ਪੂੰਜੀਵਾਦ ਅਮਾਨਵੀ ਪ੍ਰਬੰਧ ਤੋਂ ਪੀੜਤ ਹਨ।ਇਨ੍ਹਾਂ 'ਚ ਵੱਡੀ ਬੇਰੁਜ਼ਗਾਰ ਤੇ ਰਜਵੀਂ ਰੋਟੀ ਲਈ ਤਰਸਦੇ ਲੱਖਾਂ ਲੋਕ ਸ਼ਾਮਲ ਹਨ ਅਤੇ ਬੁਨਿਆਦੀ ਲੋੜਾਂ ਸਿੱਖਿਆ, ਸਿਹਤ ਸਹੂਲਤਾਂ ਤੋਂ ਵਾਂਝੇ ਹਨ।ਅੱਧੀ ਦੇ ਕਰੀਬ ਆਬਾਦੀ ਔਰਤਾਂ ਦੀ ਹੈ ਜੋ ਸਿਰਫ ਆਰਥਿਕ ਲੁੱਟ ਦਾ ਹੀ ਸ਼ਿਕਾਰ ਨਹੀਂ ਸਗੋਂ ਮਰਦ ਪ੍ਰਧਾਨ ਸਮਾਜ ਵਿੱਚ ਸਮਾਜਿਕ, ਸੱਭਿਆਚਾਰਕ ਆਦਿ ਅਨੇਕਾਂ ਵਿਤਕਰਿਆਂ ਕਾਰਨ ਪ੍ਰੇਸ਼ਾਨ ਹਨ। ਬ੍ਰਾਂਚ ਸਕੱਤਰ ਮੇਜਰ ਸਿੰਘ ਦੀ ਅਗਵਾਈ ਵਿੱਚ ਜੋਧ



ਸਿੰਘ ਵਾਲਾ ਵਿਖੇ ਵੀ ਮਜ਼ਦੂਰ ਦਿਵਸ ਮਨਾਇਆ ਗਿਆ ਜਿੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਬਹਾਦਰ ਨਗਰ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਘੰਟਿਆਂ ਦਾ ਕੰਮ ਸੈਕਿੰਡਾਂ ਵਿੱਚ ਹੋ ਰਿਹਾ ਹੈ।ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੈ।ਅੱਜ ਕੰਮ ਦਿਹਾੜੀ ਹੋਰ ਛੋਟੀ ਭਾਵ ਅੱਠ ਘੰਟੇ ਦੀ ਬਜਾਏ ਛੇ ਘੰਟੇ ਜਾਂ ਚਾਰ ਵੀ ਹੋ ਸਕਦੀ ਹੈ।ਇਸ ਨਾਲ ਬੇਰੁਜ਼ਗਾਰੀ ਵੀ ਦੂਰ ਹੋਵੇਗੀ ਤੇ ਕਿਰਤੀ ਮਨੁੱਖ ਨੂੰ ਸੁਖ ਵੱਧ ਮਿਲੇਗਾ।ਅੱਜ ਮਜ਼ਦੂਰ ਸਮਾਜ ਨੂੰ ਇਸ ਗੱਲ ਲਈ ਸੰਘਰਸ਼ ਕਰਨਾ ਪਵੇਗਾ।ਭਾਰਤ ਵਰਗੇ ਦੇਸ਼ ਵਿੱਚ ਮਜ਼ਦੂਰੀ 35000 ਰੁਪਏ ਮਹੀਨਾ ਜ਼ਰੂਰ ਹੋਣੀ ਚਾਹੀਦੀ ਹੈ ਤੇ ਬੁਢਾਪਾ ਪੈਨਸ਼ਨ ਘੱਟੋ-ਘੱਟ ਦਸ ਹਜ਼ਾਰ ਰੁਪਏ ਚਾਹੀਦੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਕੋਟਲੀ, ਕਾਬਲ ਸਿੰਘ ਆਸਲ, ਗੁਰਲਾਲ ਸਿੰਘ, ਗੁਰਬੀਰ ਸਿੰਘ, ਮਨਜੀਤ ਕੌਰ, ਬਲਜੀਤ ਕੌਰ, ਪਰਮਜੀਤ ਕੌਰ, ਸਰਬਜੀਤ ਕੌਰ, ਸਨਾਵਰ ਸਿੰਘ, ਅਭੀਜੋਤ ਸਿੰਘ, ਲਾਲ ਸਿੰਘ, ਮੰਗਤ ਸਿੰਘ, ਬਲਜੀਤ ਸਿੰਘ, ਚਰਨਜੀਤ ਸਿੰਘ, ਗੁਰਨੂਰ ਸਿੰਘ, ਅਤੇ ਮੇਜਰ ਸਿੰਘ ਜੋਧ ਸਿੰਘ ਵਾਲਾ ਤੋਂ ਸਾਥੀ ਹਾਜ਼ਰ ਸਨ।

## ਭਾਜਪਾ ਨੂੰ ਪੰਜਾਬ ਦੇ ਹੱਕ ਦਾ ਪਾਣੀ ਖੋਹਣ ਦੇ ਯਤਨਾਂ 'ਚ ਕਾਮਯਾਬ ਨਹੀਂ ਹੋਣ ਦੇਵਾਂਗੇ : ਸ਼ਮਸ਼ੇਰ ਸਿੰਘ

ਗੁਰਦਾਸਪੁਰ (ਜਨਕ ਮਹਾਜਨ)-ਭਾਜਪਾ ਵੱਲੋਂ ਭਾਖੜਾ ਬਿਆਸ ਪ੍ਰਬੰਧਕ ਬੋਰਡ ਜ਼ਰੀਏ ਪੰਜਾਬ ਤੇ ਪੰਜਾਬੀਆਂ ਦੇ ਹੱਕ ਦਾ ਪਾਣੀ ਖੋਹਣ ਦੇ ਕੋਝੇ ਯਤਨਾਂ ਨੂੰ ਕਦੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ ਡਾਕੇ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ ਨੇ ਦੀਨਾਨਗਰ ਵਿਖੇ ਭਾਜਪਾ ਦੇ ਪੰਜਾਬ ਵਿਰੋਧੀ ਫੈਸਲੇ ਦਾ ਵਿਰੋਧ ਕਰਦਿਆਂ ਲਗਾਏ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਅਤੇ ਦਿੱਲੀ ਤੇ ਹਰਿਆਣਾ ਦੀ ਭਾਜਪਾ ਸਰਕਾਰ ਪੰਜਾਬ ਦਾ ਪਾਣੀ ਖੋਹਣ ਲਈ ਪੰਜਾਬ ਖਿਲਾਫ ਇੱਕਜੁੱਟ ਹੋ ਗਈਆਂ ਹਨ।ਉਨ੍ਹਾਂ ਕਿਹਾ ਕਿ ਭਾਜਪਾ ਨੂੰ ਆਪਣੇ ਮਨਸੂਬਿਆਂ ਵਿੱਚ ਸਫਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਇਸ ਲਈ ਪੰਜਾਬ ਸਰਕਾਰ ਨੂੰ ਜੋ ਚਾਰਾਜੋਈ ਕਰਨੀ ਹੋਵੇਗੀ, ਉਹ ਕੀਤੀ ਜਾਵੇਗੀ।

## ਡੀਆਈਜੀ ਚਰਨਜੀਤ ਸਿੰਘ ਦੀ ਯਾਦ 'ਚ ਲੰਗਰ ਲਗਾਇਆ ਜਾਵੇਗਾ: ਨੇਪਾਲ/ਬਾਜਵਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੁਸਾਇਟੀ ਅਜਨਾਲਾ ਜੋ ਹਰ ਸਾਲ ਦੀ ਤਰ੍ਹਾਂ ਰਿਸ਼ੀ ਕੇਸ਼ ਤੋਂ ਹੇਮਕੁੰਡ ਸਾਹਿਬ ਦੇ ਰਸਤੇ ਵਿਚਕਾਰ ਲੰਗਰ ਸੁਸਾਇਟੀ ਦੇ ਸੇਵਾਦਾਰ ਸਵਰਗਵਾਸੀ ਡੀਆਈਜੀ ਚਰਨਜੀਤ ਸਿੰਘ ਦੀ ਮਿੱਠੀ ਯਾਦ ਵਿੱਚ ਲਗਾਇਆ ਜਾਵੇਗਾ। ਉਕਤ ਵਿਚਾਰਾਂ ਦਾ



ਪ੍ਰਗਟਾਵਾ ਮੁੱਖ ਸੇਵਾਦਾਰ ਸਰਵਣ ਸਿੰਘ ਨੇਪਾਲ ਅਤੇ ਅਮਰਜੀਤ ਸਿੰਘ ਬਾਜਵਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਭਗਤ ਨਾਮਦੇਵ ਕਲੋਨੀ ਅਜਨਾਲਾ ਤੋਂ ਲੰਗਰਾਂ ਲਈ ਜਥਾ 24 ਮਈ ਦਿਨ ਸ਼ਨੀਵਾਰ ਨੂੰ ਰਵਾਨਾ ਹੋਵੇਗਾ। ਜੋ ਵੀ ਦਾਨੀ ਸੱਜਣ ਸੇਵਾ ਕਰਨੀ ਚਾਹੁੰਦਾ ਹੈ ਕਰ ਸਕਦਾ ਹੈ। ਇਹ ਲੰਗਰ ਰਿਸ਼ੀ ਕੇਸ ਤੋਂ 60 ਕਿਲੋਮੀਟਰ ਅੱਗੇ ਵਸੀਲੀ ਖਾਲ ਵਿਖੇ ਲਗਾਇਆ ਜਾਵੇਗਾ।ਉਹ ਸੁਸਾਇਟੀ ਦੇ ਕਿਸੇ ਵੀ ਸੇਵਾਦਾਰ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਖਜ਼ਾਨਚੀ ਵਿਜੇ ਕੁਮਾਰ ਜਸਵੀਰ ਸਿੰਘ ਢਿੱਲੋ ਬਾਬਾ ਮਹਿੰਦਰ ਸਿੰਘ ਸੂਰੇਪੁਰ ਹਰਜਿੰਦਰ ਸਿੰਘ ਨਿੱਕੂ ਸੁਰਾਂ ਮਲਕੀਅਤ ਸਿੰਘ ਪਵਿੱਤਰ ਸਿੰਘ ਫੈਂਸੀ ਪਰਮਜੀਤ ਸਿੰਘ ਪੰਮਾ ਤਜਿੰਦਰ ਸਿੰਘ ਸੋਨੂ ਚੱਕੀ ਵਾਲੇ ਬਾਬਾ ਲਾਡੀ ਜੀ ਸ਼ਿਵਦੀਪ ਸਿੰਘ ਚਾਹਲ ਡਾਕਟਰ ਦਲਬੀਰ ਸਿੰਘ ਸੁਖਜਿੰਦਰ ਸਿੰਘ ਉੱਠੀਆਂ ਭਗਵੰਤ ਸਿੰਘ ਗੁਜਰਪੁਰਾ ਮਿਸਤਰੀ ਕੁਲਦੀਪ ਸਿੰਘ ਭੋਲਾ ਸਿੰਘ ਆਦੀ ਹਾਜਰ ਸਨ

## ਸੰਵਿਧਾਨ ਬਚਾਓ ਰੈਲੀ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕਾਂਗਰਸ ਹਾਈਕਮਾਂਡ ਵੱਲੋਂ ਸੰਵਿਧਾਨ ਬਚਾਓ ਮੁਹਿੰਮ ਨੂੰ ਤੇਜ਼ ਕਰਦਿਆਂ ਹਲਕਾ ਮਜੀਠਾ ਦੇ ਕਾਂਗਰਸ ਪਾਰਟੀ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ



ਅਨੁਸਾਰ ਮਜੀਠਾ ਹਲਕੇ ਵਿੱਚ ਹੋਣ ਵਾਲੀ ਸੰਵਿਧਾਨ ਬਚਾਓ ਰੈਲੀ ਨੂੰ ਕਾਮਯਾਬ ਬਣਾਉਣ ਲਈ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਜਿਸ ਵਿੱਚ ਸੈਂਕੜੇ ਪਰਿਵਾਰਾਂ ਨੇ ਕਣਕ ਦੇ ਸੀਜ਼ਨ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਵੱਖ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪਰੰਤ ਪਿੰਡ ਸਾਧਪੁਰ ਵਿੱਚ ਸੀਨੀਅਰ ਕਾਂਗਰਸੀ ਆਗੂ ਝਿਲਮਿਲ ਸਿੰਘ ਬਾਠ ਦੇ ਗ੍ਰਹਿ ਵਿੱਖੇ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੇ ਸੰਵਿਧਾਨ ਦੀ ਰੱਖਿਆ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ। ਇਸ ਮੌਕੇ ਸਾਬਕਾ ਚੇਅਰਮੈਨ ਗੁਰਮੀਤ ਸਿੰਘ ਭੀਲੋਵਾਲ, ਸਾਬਕਾ ਚੇਅਰਮੈਨ ਜਗਦੇਵ ਸਿੰਘ ਬੱਗਾ, ਬਲਾਕ ਕਾਂਗਰਸ ਦੇ ਪ੍ਰਧਾਨ ਨਵਤੇਜਪਾਲ ਸਿੰਘ, ਸਰਪੰਚ ਜਤਿੰਦਰ ਸਿੰਘ ਕੱਥੂਨੰਗਲ, ਸੁਲੱਖਣ ਸਿੰਘ, ਡਾਕਟਰ ਮੋਹਨ ਸਿੰਘ, ਮਹਿੰਦਰ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ ।

## ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਗੁਰਦਾਸਪੁਰ (ਜਨਕ ਮਹਾਜਨ)-ਸੀਆਈਐੱਸਸੀਈ ਨਵੀਂ ਦਿੱਲੀ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿਚ ਲਿਟਲ ਫਲਾਵਰ ਕਾਨਵੈਂਟ ਸਕੂਲ ਪੁਰਾਣਾ ਸ਼ਾਲਾ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ



ਸਕੂਲ ਦੇ ਡਾਇਰੈਕਟਰ ਫਾਦਰ ਪੋਲ ਅਤੇ ਪ੍ਰਿੰਸੀਪਲ ਬੈਨਸੀ ਨੇ ਦੱਸਿਆ ਸਕੂਲ ਦੇ ਮਿਹਨਤੀ ਸਟਾਫ਼ ਦੀ ਬਦੌਲਤ ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ ਜਮਾਤ ਵਿਚੋਂ ਵਧੀਆ ਅੰਕ ਹਾਸਲ ਕਰਕੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੇ ਹੋਣਹਾਰ ਵਿਦਿਆਰਥੀ ਹਰਸਿਮਰਨਜੀਤ ਸਿੰਘ ਨੇ 96 ਫ਼ੀਸਦੀ ਅੰਕ ਹਾਸਲ ਕਰਕੇ ਸਕੂਲ ਵਿਚੋਂ ਪਹਿਲਾ, ਅਰਜੁਨ ਸ਼ਰਮਾ ਨੇ 92 ਫ਼ੀਸਦੀ ਅੰਕ ਹਾਸਲ ਕਰਕੇ ਦੂਜਾ ਸਥਾਨ ਅਤੇ ਪ੍ਰਗਤੀ ਕਟੋਚ ਨੇ 91.1 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬਾਕੀ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ। ਸਕੂਲ ਡਾਇਰੈਕਟਰ ਫਾਦਰ ਪੋਲ ਅਤੇ ਪ੍ਰਿੰਸੀਪਲ ਬੈਨਸੀ ਨੇ ਵਧੀਆ ਨਤੀਜੇ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੇ ਸਕੂਲ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਬੱਚਿਆਂ ਨੂੰ ਅਗਾਂਹ ਤੋਂ ਮਨ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਆਪਣੇ ਜੀਵਨ ਵਿਚ ਵਧੀਆ ਮੁਕਾਮ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਲਿਟਲ ਫਲਾਵਰ ਸਕੂਲ ਪੁਰਾਣਾ ਸ਼ਾਲਾ ਬੇਟ ਇਲਾਕੇ ਲਈ ਚਾਨਣਾ ਮੁਨਾਰਾ ਸਾਬਤ ਹੋ ਰਿਹਾ ਹੈ ਜਿਥੋਂ ਚੰਗੀ ਸਿੱਖਿਆ ਹਾਸਲ ਕਰਕੇ ਬੱਚੇ ਆਪਣਾ ਭਵਿੱਖ ਉਜਵਲ ਬਣਾ ਰਹੇ ਹਨ। ਇਸ ਮੌਕੇ ਸਕੂਲ ਸਟਾਫ਼ ਮੈਂਬਰ ਹਾਜ਼ਰ ਸਨ।

# ਬਲਾਕ ਗੰਡੀਵਿੰਡ ਤੇ ਨੌਸ਼ਹਿਰਾ ਪੰਨੂਆਂ ਨੂੰ ਤੋੜਨਾ ਮੰਦਭਾਗਾ: ਰਾਣਾ ਗੰਡੀਵਿੰਡ

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਬਲਾਕ ਗੰਡੀਵਿੰਡ ਤੇ ਨੌਸ਼ਹਿਰਾ ਪੰਨੂਆਂ ਨੂੰ ਤੋੜਨ ਦੀ ਤਿਆਰੀ ਸ਼ੁਰੂ ਕੀਤੀ ਗਈ ਹੈ ਜੋ ਕਿ ਬਹੁਤ ਹੀ ਮੰਦਭਾਗਾ ਤੇ ਜਲਦਬਾਜ਼ੀ ਵਿੱਚ ਲਿਆ ਜਾ ਰਿਹਾ ਫੈਸਲਾ ਹੈ।ਇਹ ਗੰਡੀਵਿੰਡ ਬਲਾਕ ਇੱਕ ਸਰਹੱਦੀ ਇਲਾਕੇ ਵਿੱਚ ਹੈ। ਜੇਕਰ ਇਸ ਨੂੰ ਤੋੜਿਆ ਜਾਂਦਾ ਹੈ ਤਾਂ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਆਪਣੇ ਕੰਮਾਂ ਲਈ ਤਰਨਤਾਰਨ ਤੱਕ ਖੱਜਲ ਖੁਆਰ ਹੋਣਾ ਪਵੇਗਾ ਤੇ ਉਹ ਵੀ ਪਤਾ ਨਹੀਂ ਕਿੰਨੀ ਵਾਰ ਚੱਕਰ ਲਗਾਉਣੇ ਪੈਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਗੰਡੀਵਿੰਡ ਦੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਗੰਡੀਵਿੰਡ ਬਲਾਕ ਬਿਲਕੁਲ ਅੰਤਰਰਾਸ਼ਟਰੀ ਸਰਹੱਦ ਤੇ ਹੈ ਤੇ ਇਸ ਬਲਾਕ ਅਧੀਨ 45 ਪੰਚਾਇਤਾਂ ਆਉਂਦੀਆਂ ਹਨ ਤੇ ਇਸ ਦੇ ਟੁੱਟਣ ਨਾਲ ਇਹ ਸਾਰੀਆਂ ਪੰਚਾਇਤਾਂ ਦੇ ਲੋਕ ਤਰਨਤਾਰਨ ਦੇ



ਚੱਕਰ ਮਾਰ ਕੇ ਖੱਜਲ ਖੁਆਰ ਹੋਣ ਲਈ ਮਜਬੂਰ ਹੋ ਕੇ ਰਹਿ ਜਾਣਗੇ ਜੋ ਕਿ ਲੋਕਾਂ ਦੀ ਵੱਡੀ ਤਰਾਸਦੀ ਹੋਵੇਗੀ।ਉਨ੍ਹਾਂ ਕਿਹਾ ਕਿ ਇਹ ਹੋਰ ਵੀ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਕਹਿ ਰਹੀ ਹੈ ਕਿ ਅਸੀਂ ਲੋਕਾਂ ਨੂੰ ਨੌਕਰੀਆਂ ਦੇ ਰਹੇ ਹਾਂ ਪਰ ਜੇਕਰ ਇਹ ਦੋ ਬਲਾਕ ਤੋੜ ਦਿੱਤੇ ਜਾਂਦੇ ਹਨ ਤਾਂ ਇਨ੍ਹਾਂ ਦੋਵਾਂ ਬਲਾਕਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਕਿੱਥੇ ਜਾਣਗੇ।ਇਹੋ ਜਿਹੇ ਬਲਾਕਾਂ ਵਿੱਚ ਕੰਮ ਕਰਨ ਵਾਲੇ ਸਾਰੇ ਮੁਲਾਜ਼ਮ ਵਿਹਲੇ ਹਨ।ਉਨ੍ਹਾਂ ਇਲਾਕੇ ਦੇ ਸਰਪੰਚਾਂ, ਪੰਚਾਂ ਨੂੰ ਅਪੀਲ ਕੀਤੀ ਕਿ ਬਲਾਕ ਤੋੜਨ ਸਬੰਧੀ ਕੋਈ ਵੀ ਮਤਾ ਨਾ ਪਾਇਆ ਜਾਵੇ ਤਾਂ ਜੋ ਆਪਣੇ ਪੈਰਾਂ 'ਤੇ ਕੁਹਾੜਾ ਮਾਰਨ ਵਾਲੀ ਗੱਲ ਹੋਵੇ।ਉਨ੍ਹਾਂ ਕਿਹਾ ਕਿ ਆਓ ਸਾਰੇ ਮਿਲ ਕੇ ਹਾਅ ਦਾ ਨਾਅਰਾ ਮਾਰੀਏ ਤਾਂ ਜੋ ਸੁੱਤੀ ਹੋਈ ਸਰਕਾਰ ਨੂੰ ਇਹ ਪਤਾ ਲੱਗ ਸਕੇ ਕਿ ਇਹ ਲੋਕਾਂ ਨਾਲ ਸਰਾਸਰ ਧੱਕਾ ਹੈ।ਉਨ੍ਹਾਂ ਕਿਹਾ ਕਿ ਜਲਦੀ ਹੀ ਡੀਸੀ ਨੂੰ ਇੱਕ ਮੰਗ ਪੱਤਰ ਦੀ ਦਿੱਤਾ ਜਾਵੇਗਾ ਕਿ ਇਹ ਬਲਾਕਾਂ ਨੂੰ ਨਾ ਤੋੜਿਆ ਜਾਵੇ।

## ਪੰਜਾਬ ਦੇ ਪਾਣੀ ਖੋਹ ਕੇ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ : ਰਮਨ ਬਹਿਲ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਭਾਖੜਾ ਡੈਮ ਤੋਂ 8500 ਕਿਊਸਿਕ ਪਾਣੀ ਹਰਿਆਣਾ ਨੂੰ ਦੇਣ ਦੇ ਕੀਤੇ ਗਏ ਫੈਸਲੇ ਨੂੰ ਪੰਜਾਬ ਦੇ ਹੱਕਾਂ 'ਤੇ ਵੱਡਾ ਡਾਕਾ ਦੱਸਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਹ ਫੈਸਲਾ ਪੰਜਾਬ ਦੇ ਲੋਕਾਂ ਨੂੰ ਤਬਾਹੀ ਦੇ ਕੰਢੇ 'ਤੇ ਲਿਆਉਣ ਵਾਲਾ ਮੰਦਭਾਗਾ ਕਦਮ ਹੈ।ਚੇਅਰਮੈਨ ਬਹਿਲ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਇਸ ਤੋਂ ਪਹਿਲਾਂ ਵੀ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨੂੰ ਤਬਾਹ ਕਰਨ ਦੇ ਕਈ ਫੈਸਲੇ ਲੈ ਚੁੱਕੀ ਹੈ, ਪਰ ਹੁਣ ਕੇਂਦਰ ਸਰਕਾਰ ਨੇ ਹਰਿਆਣਾ ਸਰਕਾਰ ਨੇ ਮਿਲ ਕੇ ਇੱਕ ਅਜਿਹਾ ਫੈਸਲਾ ਲਿਆ ਹੈ ਜੋ ਨਾ ਸਿਰਫ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰੇਗਾ ਸਗੋਂ ਪੰਜਾਬ ਦੇ ਵਪਾਰੀ ਵਰਗ ਸਮੇਤ ਹਰੇਕ ਵਿਅਕਤੀ ਤੇ ਇਸ ਦਾ ਮਾੜਾ ਪ੍ਰਭਾਵ ਦੇਖਣ ਨੂੰ ਮਿਲੇਗਾ।ਚੇਅਰਮੈਨ ਸਬਹਿਲ ਨੇ ਕਿਹਾ ਕਿ ਪਾਣੀ ਦੀ ਕਮੀ ਕਾਰਨ ਜੇਕਰ ਪੰਜਾਬ ਦੀ ਕਿਸਾਨੀ 'ਤੇ ਅਸਰ ਪਿਆ ਤਾਂ ਇਸ ਨਾਲ ਸੂਬੇ ਦਾ ਵਪਾਰੀ ਵਰਗ ਵੀ ਤਬਾਹ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਇਸ ਰਿਪੇਰੀਅਨ ਸੂਬੇ ਦੇ ਪਾਣੀਆਂ ਨੂੰ ਖੋਹਣ ਦਾ ਵੱਡਾ ਫੈਸਲਾ ਕਰਕੇ ਇੱਕ ਵਾਰ ਫਿਰ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਵਾਸੀਆਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ।

# ਸੇਂਟ ਵਾਰੀਅਰਜ਼ ਸਕੂਲ ਦੇ ਆਈ ਸੀ ਐੱਸ ਈ ਦੇ ਨਤੀਜੇ ਰਹੇ ਸ਼ਾਨਦਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਕੂਲ ਦੇ ਵਿਦਿਆਰਥੀ ਲਵਪ੍ਰੀਤ ਸਿੰਘ ਨੇ 89 ਪ੍ਰਤੀਸ਼ਤ ਅੰਕ ਹਾਸਲ ਕਰ ਕੇ ਸਕੂਲ 'ਚ ਪਹਿਲਾ ਸਥਾਨ ਹਾਸਲ ਕੀਤਾ। ਆਈ ਸੀ ਐੱਸ ਈ ਬੋਰਡ ਵੱਲੋਂ ਐਲਾਨੇ 10ਵੀਂ ਅਤੇ 12ਵੀਂ ਦੇ ਨਤੀਜੇ ਵਿੱਚੋਂ ਸੇਂਟ ਵਾਰੀਅਰਜ਼ ਸਕੂਲ ਬਸਰਾਏ ਕਾਦੀਆਂ ਦੇ ਨਤੀਜੇ ਸ਼ਾਨਦਾਰ ਰਹੇ।ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਸਰਵਣ ਸਿੰਘ ਧੰਦਲ ਅਤੇ ਪ੍ਰਿੰਸੀਪਲ ਪਰਮਵੀਰ ਸਿੰਘ ਨੇ ਦੱਸਿਆ ਕਿ ਸਕੂਲ ਦੇ ਸਾਰੇ ਹੀ ਵਿਦਿਆਰਥੀ ਸ਼ਾਨਦਾਰ ਨਤੀਜਿਆਂ ਨਾਲ ਪਾਸ ਹੋਏ ਹਨ।



ਉਨ੍ਹਾਂ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਲਵਪ੍ਰੀਤ ਸਿੰਘ ਨੇ 89 ਪ੍ਰਤੀਸ਼ਤ, ਅੰਗਦਬੀਰ ਸਿੰਘ ਨੇ 86.6, ਸਮਾਈਲ ਨੇ 86.6 ਅਤੇ ਰਿਤਿਸ਼ ਇੰਦਰਪ੍ਰੀਤ ਸਿੰਘ ਨੇ 85.8 ਪ੍ਰਤੀਸ਼ਤ ਨੰਬਰ ਲੈ ਕੇ ਸਕੂਲ ਵਿੱਚੋਂ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਗੁਰਨੂਰ ਸਿੰਘ ਨੇ 84.4, ਅਰਸ਼ਪ੍ਰੀਤ ਸਿੰਘ ਨੇ 83.3, ਸਿਮਰਨਜੀਤ ਕੌਰ ਨੇ 83.8 ਅਤੇ ਪਵਨਪ੍ਰੀਤ ਸਿੰਘ ਨੇ 82.2 ਪ੍ਰਤੀਸ਼ਤ ਨੰਬਰ ਲੈ ਕੇ ਸਕੂਲ ਦਾ ਨਾਂਅ ਇਲਾਕੇ 'ਚ ਰੋਸ਼ਨ ਕੀਤਾ ਹੈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਸਰਵਣ ਸਿੰਘ ਧੰਦਲ ਨੇ ਦੱਸਿਆ ਕਿ ਸਕੂਲ ਦੇ ਨਤੀਜੇ ਪਿਛਲੀ ਵਾਰ ਵਾਂਗ ਇਸ ਵਾਰ ਵੀ ਸ਼ਾਨਦਾਰ ਰਹੇ ਜਿਸ ਦਾ ਸਿਹਰਾ ਸਕੂਲ ਦੇ ਪ੍ਰਿੰਸੀਪਲ ਪਰਮਵੀਰ ਸਿੰਘ, ਸਟਾਫ ਅਤੇ ਵਿਦਿਆਰਥੀਆਂ ਦੇ ਸਿਰ ਜਾਂਦਾ ਹੈ।ਇਸ ਮੌਕੇ ਉਨ੍ਹਾਂ ਨੇ ਵਿਦਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸਕੂਲ ਦੇ ਪ੍ਰਮੋਟ ਹੋਏ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਵਿਦਿਆਰਥੀਆਂ ਨੂੰ ਇਸ ਖੁਸ਼ੀ ਦੇ ਮੌਕੇ ਲੱਡੂ ਵੀ ਵੰਡੇ ਗਏ।

# ਦਾਣਾ ਮੰਡੀ ਝਬਾਲ ਵਿਖੇ ਮਜ਼ਦੂਰ ਯੂਨੀਅਨ ਨੇ ਮਜ਼ਦੂਰ ਦਿਹਾੜਾ ਮਨਾਇਆ

ਝਬਾਲ,(ਹਰਜਿੰਦਰ ਸਿੰਘ ਸੋਨੀ)-ਦੁਨੀਆ ਭਰ ਵਿੱਚ ਮਨਾਏ ਜਾਂ ਰਹੇ ਮਜ਼ਦੂਰ ਦਿਵਸ ਤੇ ਦਾਣਾ ਮੰਡੀ ਝਬਾਲ ਵਿਖੇ ਮਜ਼ਦੂਰ ਦਿਵਸ ਦੇ ਸਬੰਧ ਵਿੱਚ ਅਨਾਜ ਮੰਡੀ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰਕੇਸ਼ ਕੁਮਾਰ ਤੁਲੀ ਦੇ ਆਦੇਸ਼ਾਂ ਤੇ ਅਨਾਜ ਮੰਡੀ ਮਜ਼ਦੂਰ ਯੂਨੀਅਨ ਝਬਾਲ ਦੇ ਪ੍ਰਧਾਨ ਜੋਗਾ ਸਿੰਘ ਚੀਮਾ ਦੀ ਅਗਵਾਈ ਹੇਠ ਮਜ਼ਦੂਰਾਂ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ।



ਇਸ ਮੌਕੇ ਮਾਰਕੀਟ ਕਮੇਟੀ ਝਬਾਲ ਵਿਖੇ ਝੰਡਾ ਲਹਿਰਾਇਆ ਗਿਆ ਤੇ ਲੱਡੂ ਵੰਡ ਕੇ ਮਜ਼ਦੂਰ ਦਿਹਾੜੇ ਨੂੰ ਜੋਸ਼ੋ ਖਰੋਸ਼ ਨਾਲ ਮਨਾਉਂਦਿਆਂ ਪ੍ਰਧਾਨ ਜੋਗਾ ਸਿੰਘ ਚੀਮਾ ਨੇ ਵੱਡੀ ਗਿਣਤੀ ਵਿੱਚ ਇਕੱਤਰ ਮਜ਼ਦੂਰਾਂ ਨੂੰ ਮਜ਼ਦੂਰ ਦਿਵਸ ਦੀ ਮਹੱਤਤਾ ਅਤੇ ਆਪਣੇ ਹੱਕਾਂ ਬਾਰੇ ਵਿਸਥਾਰ ਨਾਲ ਦੱਸਿਆ ਜਦਕਿ ਇਸ ਸਮੇਂ ਮਾਰਕੀਟ ਕਮੇਟੀ ਚੇਅਰਮੈਨ ਬਲਵਿੰਦਰ ਸਿੰਘ ਕੋਟ ਨੂੰ ਪ੍ਰਧਾਨ ਜੋਗਾ ਸਿੰਘ ਚੀਮਾ ਅਤੇ ਇੱਕਤਰ ਮਜ਼ਦੂਰਾਂ ਵੱਲੋਂ ਮੰਡੀ ਝਬਾਲ ਵਿਖੇ ਦਰਪੇਸ਼ ਮੁਸ਼ਕਿਲਾਂ ਅਤੇ ਕਣਕ ਦੇ ਤੋੜਿਆ ਦੀ ਅਣਪਛਾਤੇ ਨੌਜਵਾਨਾਂ ਵੱਲੋਂ ਚੋਰੀ ਕੀਤੇ ਜਾਣ ਤੇ ਰੋਕ ਲਗਾਉਣ ਹਿੱਤ ਮੰਡੀ ਦੇ ਮੁੱਖ ਰਸਤਿਆਂ ਤੇ ਗੇਟ ਲਾਉਣ ਸਮੇਤ ਹੋਰ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ।ਚੇਅਰਮੈਨ ਬਲਵਿੰਦਰ ਸਿੰਘ ਦਿਉਲ ਕੋਟ ਨੇ ਮਜ਼ਦੂਰਾਂ ਦੀਆਂ ਮੰਗਾਂ ਦੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ ਗਿਆ।

## ਮੇਲਾ ਸਿੰਘ ਖੋਸਾ ਦੀ ਪਤਨੀ ਉਪਿੰਦਰ ਕੌਰ ਖੋਸਾ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ. ਨੰਬਰ 41 ਦੀ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਫਿਰੋਜ਼ਪੁਰ ਸਰਕਲ ਦੇ ਪ੍ਰਧਾਨ ਮੇਲਾ ਸਿੰਘ ਖੋਸਾ ਦੀ ਪਤਨੀ ਉਪਿੰਦਰ ਕੌਰ ਖੋਸਾ ਦੀ



ਬੀਤੇ ਦਿਨੀਂ ਮੌਤ ਹੋ ਜਾਣ 'ਤੇ ਫੈਡਰੇਸ਼ਨ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਹੌਰੀਆ, ਸੂਬਾ ਆਗੂ ਦਰਸ਼ਨ ਲਾਲ ਅਤੇ ਜ਼ੋਨ ਕਨਵੀਨਰ ਸੁਖਦੇਵ ਸਿੰਘ ਬਾਬਾ ਆਦਿ ਨੇ ਇਸ ਦੁੱਖ ਦੀ ਘੜੀ ਸਮੇਂ ਪਰਿਵਾਰ ਨਾਲ ਹਮਦਰਦੀ ਜ਼ਾਹਰ ਕੀਤੀ।ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਖੰਡ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ 4 ਮਈ 2025 ਦਿਨ ਐਤਵਾਰ ਨੂੰ 12 ਤੋਂ 1 ਵਜੇ ਤੱਕ ਕੀਰਤਨ ਉਪਰੰਤ ਅੰਤਿਮ ਅਰਦਾਸ ਬਾਹਰਲਾ ਗੁਰਦੁਆਰਾ ਸਾਹਿਬ ਪਿੰਡ ਕੋਟ ਕਰੋੜ ਕਲਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਵੇਗੀ।

# ਪੰਜਾਬ ਨੈਸ਼ਨਲ ਬੈਂਕ ਤਲਵੰਡੀ 'ਚ ਗਾਹਕਾਂ ਨਾਲ ਹੁੰਦੀ ਹੇਰਾ-ਫੇਰੀ ਖਿਲਾਫ ਜਨਤਕ ਜਥੇਬੰਦੀਆਂ 'ਚ ਰੋਸ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਨੈਸ਼ਨਲ ਬੈਂਕ ਤਲਵੰਡੀ ਹਾਲ ਅਜਨਾਲਾ ਦੇ ਮੈਨੇਜਰ ਤੇ ਦੂਸਰਾ ਸੀਨੀਅਰ ਸਟਾਫ ਆਪਣੇ ਗਾਹਕਾਂ ਨੂੰ ਪੈਸੇ ਦੇ ਲੈਣ-ਦੇਣ ਸਮੇਂ ਬਹੁਤ ਹੇਰਾਫੇਰੀ ਕਰਦਾ ਹੈ। ਜਦੋਂ ਕੋਈ ਵੱਡੀ ਰਕਮ ਜਮ੍ਹਾ ਕਰਾਉਣ ਆਉਂਦਾ ਹੈ ਤਾਂ ਉਸ ਨੂੰ ਬਰਗਲਾ ਕੇ ਉਸ ਦਾ ਬੀਮਾ



ਕਰ ਦਿੰਦੇ ਹਨ ਜਾਂ ਗਾਹਕ ਦੀ ਮਰਜ਼ੀ ਤੋਂ ਬਗੈਰ ਐੱਫ਼ਡੀ ਕਰ ਦਿੰਦੇ ਹਨ। ਇਸ ਬੈਂਕ ਦੀਆਂ ਜਨਤਕ ਜਥੇਬੰਦੀਆਂ ਕੋਲ ਕਾਫੀ ਸ਼ਿਕਾਇਤਾਂ ਆਈਆਂ ਹਨ ਜਿਸ ਕਰਕੇ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੇ ਅਜਨਾਲਾ ਵਿਖੇ ਵਿਸ਼ੇਸ਼ ਮੀਟਿੰਗ ਬੁਲਾ ਕੇ ਪੱਤਰਕਾਰਾਂ ਨੂੰ ਦੱਸਿਆ ਕਿ (ਪੰਜਾਬ ਨੈਸ਼ਨਲ ਬੈਂਕ ਤਲਵੰਡੀ) ਦੀਆਂ ਲੋਕ ਵਿਰੋਧੀ ਕਾਰਵਾਈਆਂ ਵਿਰੁੱਧ 12 ਮਈ ਨੂੰ ਇਸ ਬੈਂਕ ਸਾਹਮਣੇ ਇਨਸਾਫ ਲੈਣ ਲਈ ਵਿਸ਼ਾਲ ਧਰਨਾ ਦਿੱਤਾ ਜਾਵੇਗਾ! ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਪੱਤਰਕਾਰਾਂ ਨੂੰ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਿਹੜੀ ਛੋਟੇ ਕਿਸਾਨਾਂ ਨੂੰ 2-2 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦੇ ਕੇਸ ਬੈਂਕ ਨੂੰ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਭੇਜੇ ਜਾਂਦੇ ਹਨ ਤਾਂ ਉਸ ਵੇਲੇ ਵੀ ਬੈਂਕ ਹੇਰਾਫੇਰੀ ਕਰਦਾ ਹੈ, ਜਿਸ ਕਾਰਨ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ! ਡਾ. ਅਜਨਾਲਾ ਨੇ ਦੱਸਿਆ ਕਿ ਕਰਜ਼ੇ ਦੀ ਅਦਾਇਗੀ ਕਰਨ ਤੋਂ ਬਾਅਦ ਵੀ ਬੈਂਕ ਮੈਨੇਜਰ ਤੇ ਹੋਰ ਸਬੰਧਿਤ ਸਟਾਫ ਆਨੇ ਬਹਾਨੇ ਕਰਜ਼ਾ ਅਦਾ ਕਰਨ ਵਾਲੇ ਨੂੰ ਕਲੀਅਰੈਂਸ ਸਰਟੀਫਿਕੇਟ ਨਹੀਂ ਦਿੰਦੇ। ਇਸ ਪ੍ਰੈੱਸ ਕਾਨਫਰੰਸ ਵਿੱਚ ਸਮਾਜ ਸੇਵਕਾ ਪ੍ਰੋ. ਮਾਲਕ ਸਿੰਘ ਗੁਰਾਲਾ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੀਨੀਅਰ ਆਗੂ ਬਲਕਾਰ ਸਿੰਘ ਗੁੱਲਗੜ੍ਹ ਤੇ ਸੁਰਜੀਤ ਸਿੰਘ ਭੂਰੇ ਗਿੱਲ ਬੈਂਕ ਤੋਂ ਪੀੜਤ ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰ, ਗਾਇਕ ਗੁਰਪਾਲ ਗਿੱਲ ਸੈਦਪੁਰ, ਸੰਤੋਖ ਸਿੰਘ ਅਜਨਾਲਾ, ਮਹਿੰਦਰ ਸਿੰਘ ਗੁਰਾਲਾ, ਬੱਗਾ ਮਸੀਹ ਨੇ ਵੀ ਇਸ ਬੈਂਕ ਵਿਰੁੱਧ ਸਖ਼ਤ ਟਿੱਪਣੀ ਕੀਤੀਆਂ।

## ਐੱਸਡੀਐੱਮ ਦੀਨਾਨਗਰ ਨੇ ਪਿੰਡ ਵਾਸੀਆਂ ਦਾ ਨਸ਼ਾ ਮੁਕਤੀ ਮੁਹਿੰਮ 'ਚ ਸਾਥ ਮੰਗਿਆ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਜਸਪਿੰਦਰ ਸਿੰਘ ਆਈਏਐੱਸ ਉਪ ਮੰਡਲ ਮੈਜਿਸਟਰੇਟ



ਦੀਨਾਨਗਰ ਵੱਲੋਂ ਸਬ ਡਵੀਜ਼ਨ ਦੀਨਾਨਗਰ ਦੇ ਨਸ਼ਾ ਹਾਟ ਸਪਾਟ ਪਿੰਡ ਅਵਾਂਖਾ ਵਿਚ ਐਂਟੀ ਡਰੱਗ ਵਿਜੀਲੈਂਸ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਵਿਚ ਉਪ ਮੰਡਲ ਮੈਜਿਸਟਰੇਟ ਦੀਨਾਨਗਰ ਵੱਲੋਂ ਸਮੂਹ ਐਂਟੀ ਡਰੱਗ ਵਿਜੀਲੈਂਸ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਨ੍ਹਾਂ ਦੇ ਧਿਆਨ ਵਿਚ ਪਿੰਡ ਵਿਚ ਕੋਈ ਨਸ਼ਾ ਤਸਕਰੀ ਕਰਦਾ ਜਾਂ ਨਸ਼ੇ ਨੂੰ ਬੜ੍ਹਾਵਾ ਦੇਣ ਵਾਲੀਆਂ ਗਤੀਵਿਧੀਆਂ ਕਰਦਾ ਨਜ਼ਰ ਆਉਂਦਾ ਹੈ ਤਾਂ ਉਸ ਬਾਰੇ ਪੁਲਸ ਅਤੇ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ।ਇਸ ਦੇ ਨਾਲ ਹੀ ਉਨ੍ਹਾਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀਨਾਨਗਰ ਨੂੰ ਹਦਾਇਤ ਕੀਤੀ ਗਈ ਕਿ ਪਿੰਡ ਅਵਾਂਖਾ ਵਿਖੇ ਖੇਡ ਮੈਦਾਨ ਬਣਾਇਆ ਜਾਵੇ, ਤਾਂ ਜੋ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ। ਐੱਸਡੀਐੱਮ ਜਸਪਿੰਦਰ ਸਿੰਘ ਨੇ ਪਿੰਡ ਦੇ ਮੋਹਤਬਰਾਂ ਅਤੇ ਹੋਰ ਵਸਨੀਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਸਾਥ ਦੇ ਕੇ ਆਪਣੇ ਪਿੰਡ ਅਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਯੋਗਦਾਨ ਪਾਉਣ।

## ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ 6 ਨੂੰ

ਬਟਾਲਾ (ਡਾ. ਮਲਵਿੰਦਰ ਸਿੰਘ)-ਬਿਰਹਾ ਦੇ ਸੁਲਤਾਨ ਪੰਜਾਬ ਦੇ ਸਿਰਮੌਰ ਕਵੀ, ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ 6 ਮਈ ਦਿਨ ਮੰਗਲਵਾਰ ਨੂੰ ਸ਼ਿਵ ਕੁਮਾਰ ਬਟਾਲਵੀ ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਮਨਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਡਾ. ਰਵਿੰਦਰ, ਪ੍ਰਧਾਨ ਸ਼ਿਵ ਕੁਮਾਰ ਬਟਾਲਵੀ ਕਲਾ



ਅਤੇ ਸਭਿਆਚਾਰਕ ਸੁਸਾਇਟੀ ਬਟਾਲਾ ਨੇ ਦੱਸਿਆ ਕਿ ਸ਼ਿਵ ਕੁਮਾਰ ਬਟਾਲਵੀ ਕਲਾ ਅਤੇ ਸਭਿਆਚਾਰਕ ਸੁਸਾਇਟੀ ਵੱਲੋਂ ਇਸ ਮੌਕੇ ਕਵੀ ਦਰਬਾਰ ਕਰਵਾਇਆ ਜਾਵੇਗਾ। ਡਾ. ਰਵਿੰਦਰ ਨੇ ਅੱਗੇ ਦੱਸਿਆ ਕਿ 6 ਮਈ ਨੂੰ ਸ਼ਾਮ 4 ਵਜੇ ਸਮਾਗਮ ਦੀ ਸ਼ੁਰੂਆਤ ਹੋਵੇਗੀ। ਸਭ ਤੋਂ ਪਹਿਲਾਂ ਸ਼ਿਵ ਕੁਮਾਰ ਬਟਾਲਵੀ ਦੇ ਬੁੱਤ ਨੂੰ ਫੁੱਲ ਅਰਪਣ ਕੀਤੇ ਜਾਣਨਗੇ। ਉਪਰੰਤ ਸ਼ਿਵ ਕੁਮਾਰ ਬਟਾਲਵੀ ਦੀ ਪੰਜਾਬੀ ਕਾਵਿ ਨੂੰ ਦੇਣ ਬਾਰੇ ਵਿਚਾਰ ਚਰਚਾ ਅਤੇ ਸ਼ਿਵ ਕਾਵਿ ਗਾਇਨ ਹੋਵੇਗਾ। ਇਸ ਸਬੰਧ ਸ਼ਿਵ ਕੁਮਾਰ ਬਟਾਲਵੀ ਕਲਾ ਅਤੇ ਸੱਭਿਆਚਾਰਕ ਸੁਸਾਇਟੀ ਬਟਾਲਾ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਡਾ. ਰਵਿੰਦਰ, ਡਾ. ਅਨੂਪ ਸਿੰਘ, ਦੇਵਿੰਦਰ ਦੀਦਾਰ, ਰਜਿੰਦਰਪਾਲ ਸਿੰਘ ਧਾਲੀਵਾਲ, ਪੂਰਨ ਪਿਆਸਾ, ਡਾ. ਪਰਮਜੀਤ ਸਿੰਘ ਕਲਸੀ ਅਤੇ ਡੀਪੀਆਰਓ ਹਰਜਿੰਦਰ ਸਿੰਘ ਕਲਸੀ ਅਤੇ ਹੋਰ ਸਾਹਿਤਕਾਰ ਸ਼ਾਮਲ ਸਨ। ਉਨਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਹਾਰਦਿਕ ਸੱਦਾ ਦਿੱਤਾ।

# ਰਾਏਚੱਕ 'ਚ ਤੇਜ਼ ਝੱਖੜ ਤੇ ਅੱਗ ਕਾਰਨ ਗੁੱਜਰਾਂ ਦੇ ਦੋ ਕੁੱਲ ਸੜ ਕੇ ਸਵਾਹ

## *25 ਮੱਝਾਂ 15 ਬੱਕਰੀਆਂ ਦੀ ਮੌਤ, 70 ਦੇ ਕਰੀਬ ਮੱਝਾਂ ਝੁਲਸੀਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀਤੀ ਰਾਤ ਆਏ ਤੇਜ਼ ਹਨੇਰੀ ਝੱਖੜ ਕਾਰਨ ਪੁਲਸ ਥਾਣਾ ਕੋਟਲੀ ਸੂਰਤ ਮੱਲ੍ਹੀ ਅਧੀਨ ਆਉਂਦੇ ਪਿੰਡ ਰਾਏਚੱਕ ਵਿੱਚ ਕਣਕ ਦੇ ਨਾੜ ਨੂੰ ਲੱਗੀ ਅੱਗ ਨੇ ਗੁੱਜਰਾਂ ਦੀਆਂ ਦੋ ਡੇਅਰੀਆਂ ਨੂੰ ਆਪਣੀ ਲਪੇਟ ਲੈ ਲਿਆ। ਭਿਆਨਕ ਅੱਗ ਕਾਰਨ 20 ਮੱਝਾਂ, 15 ਬੱਕਰੀਆਂ ਅੱਗ ਨਾਲ ਸੜ ਕੇ ਮਰਨ ਤੋਂ ਇਲਾਵਾ ਦਰਜਨਾਂ ਪਸ਼ੂ ਝੁਲਸ ਗਏ।ਅੱਗ ਇੰਨੀ ਭਿਆਨਕ ਸੀ ਕਿ ਕੁੱਲ ਪੂਰੀ ਤਰ੍ਹਾਂ ਸੜ ਕੇ ਸਵਾਹ ਹੋ ਗਿਆ। ਟਰੈਕਟਰ, ਦੋ ਰੇਹੜੇ, 9 ਲੱਖ ਰੁਪਏ ਦੀ ਨਕਦੀ ਅਤੇ ਸੋਨਾ ਵੀ ਸੜ ਗਿਆ। ਪੀੜਤ ਗੁੱਜਰ ਹਜ਼ੂਰਦੀਨ ਪੁੱਤਰ ਲਾਲ ਹੁਸੈਨ ਤੇ ਰਹਿਮਤ ਅਲੀ ਪੁੱਤਰ ਲਾਲ ਹੁਸੈਨ ਅਤੇ ਹੋਰ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਤੋਂ ਉਸਨੇ ਪਿੰਡ ਰਾਏ ਚੱਕ ਦੇ ਖੇਤਾਂ 'ਚ ਕੁੱਲ ਬਣਾਇਆ ਹੋਇਆ ਸੀ ਜਿਸ ਵਿੱਚ 60-70 ਮੱਝਾਂ ਤੇ ਦੋ ਦਰਜਨ ਤੋਂ ਵੱਧ ਬੱਕਰੀਆਂ ਤੇ ਹੋਰ ਸਾਮਾਨ ਸੀ।ਉਸਨੇ ਭਾਵੁਕ ਹੁੰਦਿਆਂ ਦੱਸਿਆ ਕਿ ਇਸ ਦੌਰਾਨ ਉਸ ਦੀਆਂ 20 ਦੁਧਾਰੂ ਮੱਝਾਂ ਅਤੇ 15 ਬੱਕਰੀਆਂ ਦੀ ਅੱਗ ਲੱਗਣ ਨਾਲ ਮੌਤ ਹੋ ਗਈ ਜਦਕਿ ਤਿੰਨ ਦਰਜਨ ਦੇ ਕਰੀਬ ਮੱਝਾਂ, ਗਾਵਾਂ ਅਤੇ ਹੋਰ ਪਸ਼ੂ ਅੱਗ ਨਾਲ ਝੁਲਸ ਗਏ।

ਘਰੇਲੂ ਸਾਮਾਨ ਪੱਖੇ, ਕੱਪੜੇ, ਕਰੀਬ 9 ਲੱਖ ਰੁਪਏ ਦੀ ਨਗਦੀ, ਪੰਜ ਤੋਲੇ ਸੋਨਾ ਵੀ ਅੱਗ ਦੀ ਭੇਟ ਚੜ੍ਹ ਗਿਆ ।ਇਸ ਤੋਂ ਇਲਾਵਾ ਗੁੱਜਰਾਂ ਦਾ ਟਰੈਕਟਰ ਵੀ ਸੜ ਕੇ ਸਵਾਹ ਹੋ ਗਿਆ



ਹੈ।ਪੀੜਤ ਪਰਿਵਾਰ ਨੇ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ ਹੈ।ਇਸ ਘਟਨਾ ਦੀ ਖਬਰ ਸੁਣਦਿਆਂ ਹੀ ਪੁਲਸ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਐੱਸਐੱਚਓ ਪੁਲਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚੇ ਅਤੇ ਪੀੜਤ ਗੁੱਜਰ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।ਉਧਰ ਇਸ ਘਟਨਾ ਦਾ ਪਤਾ ਚਲਦੇ ਹੀ ਉਘੇ ਸਮਾਜ ਸੇਵੀ ਤੇ ਬੀਜੇਪੀ ਦੇ ਮੰਡਲ ਪ੍ਰਧਾਨ ਵਿਜੇ ਕੁਮਾਰ ਸੋਨੀ ਮੋਹਲੋਵਾਲੀ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਆਰਥਿਕ ਮਦਦ ਕੀਤੀ।

# ਤੇਜ਼ ਹਨੇਰੀ ਤੇ ਮੀਂਹ ਕਾਰਨ ਦੋ ਮੰਜ਼ਿਲਾ ਪੋਲਟਰੀ ਫਾਰਮ ਤੇ ਟ੍ਰਾਂਸਫਾਰਮਰ ਢਹਿ-ਢੇਰੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀਤੀ ਰਾਤ ਪੰਜਾਬ ਭਰ ਵਿੱਚ ਆਏ ਤੇਜ਼ ਤੂਫਾਨ ਦੇ ਕਾਰਨ ਜਿੱਥੇ ਕਈ ਜਗ੍ਹਾ ਤੋਂ ਨੁਕਸਾਨ ਦੀਆਂ ਖਬਰਾਂ ਆ ਰਹੀਆਂ ਨੇ ਉਥੇ ਹੀ ਡੇਰਾ ਬਾਬਾ ਨਾਨਕ ਦੇ ਪਿੰਡ ਦਰਗਾਬਾਦ ਦੀ ਗੱਲ ਕਰੀਏ ਤਾਂ ਇੱਥੇ ਵੀ ਤੇਜ਼ ਹਨੇਰੀ ਤੇ ਤੂਫਾਨ ਦੇ ਕਾਰਨ ਵੱਡਾ ਨੁਕਸਾਨ ਹੋਇਆ ਹੈ। ਪਿੰਡ ਵਿੱਚ ਇੱਕ ਦੋ ਮੰਜ਼ਲਾ ਪੋਲਟਰੀ ਫਾਰਮ ਦੀਆਂ ਛੱਤਾਂ ਤੱਕ ਉੱਡ ਗਈਆਂ, ਦੀਵਾਰਾਂ ਡਿੱਗ ਗਈਆਂ। ਥਰੀ ਫੇਸ ਬਿਜਲੀ ਦਾ ਟਰਾਂਸਫਾਰਮਰ ਡਿੱਗਣ ਨਾਲ ਬੱਤੀ ਵੀ ਗੁਲ ਹੋ ਗਈ।ਪੋਲਟਰੀ ਫਾਰਮ ਦੇ ਮਾਲਕਾਂ ਦਾ ਵੱਡਾ ਨੁਕਸਾਨ ਹੋਇਆ ਹੈ।ਇਸ ਮੌਕੇ ਗੱਲਬਾਤ ਦੌਰਾਨ ਪੋਲਟਰੀ ਫਾਰਮ ਦੇ ਮਾਲਕ ਸਰਵਨ ਸਿੰਘ, ਸਾਬਕਾ ਸਰਪੰਚ ਗੁਰਮੇਜ ਸਿੰਘ, ਸਤਨਾਮ ਸਿੰਘ, ਹਰਬੰਸ ਸਿੰਘ, ਜਸਬੀਰ ਸਿੰਘ, ਡਾਕਟਰ ਹਰਪਿੰਦਰ ਸਿੰਘ, ਗੁਰਪ੍ਰੀਤ ਸਿੰਘ ਵਾਸੀ ਪਿੰਡ ਦਰਗਾਬਾਦ ਨੇ ਦੱਸਿਆ ਕਿ ਉਨ੍ਹਾਂ ਦਾ ਪੰਜ ਹਜ਼ਾਰ ਮੁਰਗੇ ਦਾ ਪੋਲਟਰੀ ਫਾਰਮ ਹੈ ਜਿਸ ਵਿੱਚ ਕਰੀਬ 3000 ਮੁਰਗੇ ਪਲ ਕੇ ਤਿਆਰ ਹੋ ਚੁੱਕੇ ਸਨ ਪਰ ਬੀਤੀ ਰਾਤ ਇਸ ਆਏ ਤੇਜ਼ ਹਨੇਰੀ ਤੇ ਤੂਫਾਨ ਦੀ ਲਪੇਟ ਵਿੱਚ ਆਉਣ ਕਾਰਨ ਸਾਰੇ ਦੇ ਸਾਰੇ ਮੁਰਗੇ ਸ਼ੈੱਡ ਦੀ ਛੱਤ ਹੇਠਾਂ ਆ ਕੇ ਮਰ ਗਏ।ਉਨ੍ਹਾਂ ਕਿਹਾ ਕਿ ਇਸ ਤੇਜ਼ ਝੱਖੜ ਦੇ ਕਾਰਨ ਉਨ੍ਹਾਂ ਦਾ ਕਰੀਬ 14 ਤੋਂ 15 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਉਨ੍ਹਾਂ ਸਰਕਾਰ ਕੋਲੋਂ ਮਦਦ ਦੀ ਮੰਗ ਕੀਤੀ ਹੈ।

# ਕਰਮਚਾਰੀ ਦਲ ਨੇ ਸਬ-ਡਵੀਜ਼ਨ ਝਬਾਲ ਵਿਖੇ ਲਾਲ ਝੰਡਾ ਲਹਿਰਾਇਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਮਜ਼ਦੂਰ ਦਿਵਸ ਵਾਲੇ ਦਿਨ ਕਰਮਚਾਰੀ ਦਲ ਵੱਲੋਂ ਸਬ ਡਵੀਜ਼ਨ ਝਬਾਲ ਤੇ ਸਰਕਲ ਤਰਨਤਾਰਨ ਵਿਖੇ ਝੰਡੇ ਲਹਿਰਾਇਆ ਗਿਆ ਜਿਸ ਵਿਚ ਸੂਬਾ ਆਗੂ ਚਰਨਜੀਤ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਮੰਨਣ, ਗੁਰਭੇਜ ਸਿੰਘ ਵਡਾਲਾ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਦੀ ਮੁਰਦਾਬਾਦ ਕੀਤੀ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਦੀਆਂ ਬਣਦੀਆਂ ਡੀਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਤੇ ਮੁਲਾਜ਼ਮ ਜਥੇਬੰਦੀਆਂ ਦੀਆ ਮੰਗਾਂ ਮੰਨੀਆਂ ਜਾਣ। ਮੁਲਾਜ਼ਮਾਂ ਦੇ ਬੰਦ ਕੀਤੇ ਭੱਤੇ ਲਾਗੂ ਕੀਤੇ ਜਾਣ। ਇਸ ਮੌਕੇ ਸਰਕਲ ਪ੍ਰਧਾਨ ਧਰਮਵੀਰ ਸਿੰਘ, ਸਰਕਲ ਸਕੱਤਰ ਨਿਰਵੈਲ ਸਿੰਘ, ਕਰਮਜੀਤ ਸਿੰਘ, ਡਵੀਜ਼ਨ ਪ੍ਰਧਾਨ ਰਤਨ ਸਿੰਘ ਲਾਲੂ ਘੁੰਮਣ, ਸਕੱਤਰ ਰਾਜਬਿੰਦਰ ਸਿੰਘ, ਕੈਸ਼ੀਅਰ ਸੁਖਚੈਨ ਸਿੰਘ, ਸਾਹਿਬ ਸਿੰਘ, ਗੁਰਪ੍ਰੀਤ ਸਿੰਘ ਮੂਸੇ, ਦਿਲਬਾਗ ਸਿੰਘ, ਬੂਟਾ ਸਿੰਘ, ਗੁਰਚਰਨ ਸਿੰਘ, ਤਰਸੇਮ ਸਿੰਘ, ਨਰਿੰਦਰ ਸਿੰਘ, ਮੇਜਰ ਸਿੰਘ, ਮਨਦੀਪ ਸਿੰਘ, ਸਤਪਿੰਦਰ ਸਿੰਘ, ਭੁਪਿੰਦਰ ਸਿੰਘ, ਸੁਰਜੀਤ ਸਿੰਘ, ਸਤਨਾਮ ਸਿੰਘ ਮਹਿਤਾ, ਦਿਲਬਾਗ ਸਿੰਘ ਭੁੱਲਰ, ਸੁਖਵੰਤ ਸਿੰਘ, ਬਲਵਿੰਦਰ ਸਿੰਘ, ਧਨਵੰਤ ਸਿੰਘ, ਨੱਥਾ ਸਿੰਘ, ਸਤੀਸ਼ ਕੁਮਾਰ, ਠਾਕੁਰ ਪੁਸ਼ਵਿੰਦਰ ਸਿੰਘ, ਨਰਿੰਦਰ ਸਿੰਘ ਜੋਧਪੁਰ ਆਦਿ ਹਾਜ਼ਰ ਸਨ।

## ਸੀਐੱਮਐੱਫ ਵੱਲੋਂ ਚਾਰ ਨਵੇਂ ਉਤਪਾਦ ਲਾਂਚ ਕਰਨ ਦਾ ਐਲਾਨ

ਚੰਡੀਗੜ੍ਹ: ਲੰਡਨ-ਅਧਾਰਤ ਤਕਨਾਲੋਜੀ ਕੰਪਨੀ ਨਥਿੰਗ ਦੇ ਸਬ-ਬ੍ਰਾਂਡ, ਸੀਐੱਮਐੱਫ ਨੇ ਚਾਰ ਨਵੇਂ ਉਤਪਾਦਾਂ-ਸੀਐੱਮਐੱਫ ਫੋਨ 2 ਪ੍ਰੋ, ਬੱਡਜ਼ 2, ਬੱਡਜ਼ 2 ਪਲੱਸ ਅਤੇ ਬੱਡਜ਼ 2ਏ ਦਾ ਐਲਾਨ ਕੀਤਾ ਹੈ।ਨਥਿੰਗ ਨੇ ਸਾਲ ਦੀ ਆਪਣੀ ਮਜ਼ਬੂਤ ਸ਼ੁਰੂਆਤ ਨੂੰ ਜਾਰੀ ਰੱਖਿਆ ਹੈ ਜਿਸ ਨਾਲ ਕਾਊਂਟਰ ਪੁਆਇੰਟ ਰਿਸਰਚ ਕੁਆਟਰ 1 2025 ਇੰਡੀਆ ਸਮਾਰਟਫੋਨ ਸ਼ਿਪਮੈਂਟ ਰਿਪੋਰਟ ਵਿੱਚ ਇਸ ਤਿਮਾਹੀ ਵਿੱਚ ਇਸਨੂੰ ਭਾਰਤ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸਮਾਰਟਫੋਨ ਬ੍ਰਾਂਡ ਦੱਸਿਆ ਗਿਆ ਹੈ ਜਿਸ ਨੇ ਸਾਲ-ਦਰ-ਸਾਲ ਪ੍ਰਭਾਵਸ਼ਾਲੀ 156% ਵਾਧਾ ਦਰਜ ਕੀਤਾ ਗਿਆ ਹੈ। ਸੀਐੱਮਐੱਫ ਫੋਨ 2 ਪ੍ਰੋ :ਸੈਗਮੈਂਟ ਦੇ ਇੱਕ ਬਿਹਤਰੀਨ ਤਿੰਨ-ਕੈਮਰਾ ਸਿਸਟਮ, ਇੱਕ ਸ਼ਾਨਦਾਰ ਬ੍ਰਾਇਟ ਡਿਸਪਲੇਅ ਅਤੇ ਇੱਕ ਪ੍ਰੀਮੀਅਮ ਡਿਜ਼ਾਈਨ ਦੇ ਨਾਲ, ਸੀਐੱਮਐੱਫ ਫੋਨ 2 ਪ੍ਰੋ ਇੱਕ ਸ਼ਾਨਦਾਰ ਰੋਜ਼ਾਨਾ ਇਸਤੇਮਾਲ ਵਾਲਾ ਸਮਾਰਟਫੋਨ ਹੈ।ਇਹ ਸਮਾਰਟਫੋਨ ਚਾਰ ਰੰਗਾਂ: ਚਿੱਟੇ, ਕਾਲੇ, ਸੰਤਰੀ ਅਤੇ ਹਲਕੇ ਹਰੇ ਵਿੱਚ ਉਪਲਬਧ ਹੈ ਅਤੇ ਹਰੇਕ ਵਿੱਚ ਵਿਲੱਖਣ ਫਿਨਿਸ਼ ਅਤੇ ਟੈਕਸਚਰ ਮੌਜੂਦ ਹਨ।

# ਕੌਮੀ ਮਾਰਗ 'ਤੇ ਨਿਰਮਾਣ ਦਾ ਕੰਮ ਪੂਰਾ ਹੋਣ ਦੀ ਆਸ ਬੱਝੀ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਭਾਰਤ ਮਾਲਾ ਪ੍ਰੋਜੈਕਟ ਅਧੀਨ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਅੰਮ੍ਰਿਤਸਰ ਤੇ ਅਖੀਰਲੇ ਕਸਬਾ ਰਮਦਾਸ ਤੱਕ ਬਣਨ ਵਾਲੇ ਕੌਮੀ ਮਾਰਗ 354 ਦੇ ਨਿਰਮਾਣ ਵਿੱਚ ਆਈ ਖੜੋਤ ਦੇ ਮੱਦੇਨਜ਼ਰ ਰਾਹਗੀਰਾਂ ਨੂੰ ਹੋ ਰਹੀਆਂ ਪਰੇਸ਼ਾਨੀਆਂ ਕਾਰਨ ਅਜਨਾਲਾ ਪ੍ਰਸ਼ਾਸਨ ਹਰਕਤ ਵਿੱਚ ਆਇਆ ਹੈ ਅਤੇ ਕੌਮੀ ਮਾਰਗ ਦੇ ਨਿਰਮਾਣ ਨੂੰ ਪੂਰਾ ਕਰਨ ਲਈ ਅਕਵਾਇਰ ਕੀਤੀ ਗਈ ਜ਼ਮੀਨ ਦਾ ਕਬਜ਼ਾ ਨਾ ਦੇਣ ਵਾਲੇ ਕਿਸਾਨਾਂ ਨੂੰ ਨੋਟਿਸ ਭੇਜ ਕੇ ਵੀਰਵਾਰ ਐਸ ਡੀ ਐਮ ਅਜਨਾਲਾ ਰਵਿੰਦਰ ਸਿੰਘ ਅਰੋੜਾ ਨੇ ਕਿਸਾਨਾਂ ਦੇ ਪੱਖ ਸੁਣ ਕੇ ਹਾਜ਼ਰ ਅਧਿਕਾਰੀਆਂ ਨੂੰ ਤੁਰੰਤ ਰਹਿੰਦੇ ਮਸਲੇ ਹੱਲ ਕਰਨ ਦੇ ਆਦੇਸ਼ ਦੇਣ ਨਾਲ ਹੁਣ ਸੜਕ ਦਾ ਕੰਮ ਮੁਕੰਮਲ ਹੋਣ ਦੀ ਆਸ ਬੱਝ ਗਈ ਹੈ ।


## ਪਬਲਿਕ ਨੋਟਿਸ

ICICI Bank Registered Office: ICICI Bank Tower, Near Chakli Circle, Old Padra Road, Vadodara- 390007
Corporate Office: ICICI Bank Towers, Bandra-Kurla Complex Mumbai 400051

### ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 14 ਮਈ 2025 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਜਨਾਲਾ | |
| 108362008217 | ਮਲਕੀਤ ਸਿੰਘ |
| ਬਰਾਂਚ ਦਾ ਨਾਂਅ : ਅਮਰਗੜ੍ਹ | |
| 381162000528 | ਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਰਣਜੀਤ ਐਵੇਨਿਊ | |
| 060862000782 | ਸਾਗਰ ਸਿੰਘ |
| ਬਰਾਂਚ ਦਾ ਨਾਂਅ : ਅਰਨੀਵਾਲਾ ਸ਼ੇਖ ਸੁਭਾਣਾ | |
| 411962004705 | ਗੁਰਜੀਤ ਸਿੰਘ |
| 411962003766 | ਮਨਮੋਹਨ ਸਿੰਘ |
| ਬਰਾਂਚ ਦਾ ਨਾਂਅ : ਬਠਿੰਡਾ-ਬੈਂਕ ਸਟਰੀਟ | |
| 659062600993 | ਦੀਪਕ ਗੋਇਲ |
| 659062601050 | ਦੀਪਕ ਗੋਇਲ |
| ਬਰਾਂਚ ਦਾ ਨਾਂਅ : ਚੋਗਾਵਾਂ | |
| 380262002018 | ਬਲਜੀਤ ਕੌਰ |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਦੀਨਾਨਗਰ, ਪੰਜਾਬ | |
| 355962002717 | ਰਜਨੀਬਾਲਾ |
| ਬਰਾਂਚ ਦਾ ਨਾਂਅ : ਫਰੀਦਕੋਟ | |
| 078362003393 | ਬਾਬੂ ਸਿੰਘ |
| ਬਰਾਂਚ ਦਾ ਨਾਂਅ : ਫਿਰੋਜ਼ਪੁਰ | |
| 044862004307 | ਨਰਾਇਣ ਨਰਾਇਣ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150962001800 | ਰਾਜ ਕੁਮਾਰ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202162002732 | ਮਲਕੀਤ ਸਿੰਘ |
| 202162002968 | ਮਲਕੀਤ ਸਿੰਘ |
| 202162003102 | ਮਲਕੀਤ ਸਿੰਘ |
| 202162003289 | ਮਲਕੀਤ ਸਿੰਘ |
| ਬਰਾਂਚ ਦਾ ਨਾਂਅ : ਕਰਤਾਰਪੁਰ | |
| 163462001413 | ਸੁਖਵੀਰ ਸਿੰਘ |
| ਬਰਾਂਚ ਦਾ ਨਾਂਅ : ਮੌੜ ਮੰਡੀ, ਪੰਜਾਬ | |
| 355662004200 | ਜਸਵੀਰ ਸਿੰਘ |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਮੁਹਾਲੀ-ਫੇਸ਼-1 | |
| 340762000855 | ਸ਼ਿਲਪਾ |
| ਬਰਾਂਚ ਦਾ ਨਾਂਅ : ਮੁਕਤਸਰ ਮੰਡੀ, ਪੰਜਾਬ | |
| 355762001857 | ਜਰਮਨਜੋਤ ਸਿੰਘ ਮਾਨ |
| ਬਰਾਂਚ ਦਾ ਨਾਂਅ : ਪਠਾਨਕੋਟ | |
| 027162002667 | ਦੀਨੇਸ਼ ਕੁਮਾਰ |
| ਬਰਾਂਚ ਦਾ ਨਾਂਅ : ਪਟਿਆਲਾ-ਲੀਲਾਭਵਨ | |
| 016262008039 | ਇੰਦਰਜੀਤ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ-ਮਾਡਲ ਟਾਊਨ | |
| 367362000193 | ਅਮਿਤ ਸਰਲਾਚ |
| ਬਰਾਂਚ ਦਾ ਨਾਂਅ : ਕਾਦੀਆਂ | |
| 411862001572 | ਰਾਜਵਿੰਦਰ ਕੌਰ |
| ਬਰਾਂਚ ਦਾ ਨਾਂਅ : ਸਾਹਨੇਵਾਲ | |
| 151762001363 | ਆਨੰਦ ਕੁਮਾਰ ਕੁਸ਼ਵਾਹਾ |

ਮਿਤੀ : 03-05-2025
ਸਥਾਨ : ਅੰਮ੍ਰਿਤਸਰ, ਲੁਧਿਆਣਾ, ਮਾਲੇਰਕੋਟਲਾ, ਪਠਾਨਕੋਟ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਬਠਿੰਡਾ, ਫਰੀਦਕੋਟ, ਫਾਜ਼ਿਲਕਾ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਮੁਕਤਸਰ

ਸਹੀ/-
ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

# 300 ਗਰਾਮ ਅਫੀਮ, ਦੇਸੀ ਪਿਸਤੌਲ ਤੇ 2 ਲੱਖ ਰੁਪਏ ਸਮੇਤ ਕਾਬੂ



ਅੰਡਾ ਸਰਾਂ (ਜਸਵੀਰ ਕਾਜਲ, ਓਂਕਾਰ, ਜਸਵਿੰਦਰ)- ਟਾਂਡਾ ਪੁਲਸ ਨੇ ਪਿੰਡ ਸਾਹਿਬਾਜਪੁਰ ਮੋੜ ਨਜ਼ਦੀਕ ਇੱਕ ਵਿਅਕਤੀ ਨੂੰ ਅਫੀਮ, ਦੇਸੀ ਪਿਸਤੌਲ ਤੇ ਨਗਦੀ ਸਮੇਤ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਡੀ ਐਸ ਪੀ ਦਵਿੰਦਰ ਸਿੰਘ ਬਾਜਵਾ ਅਤੇ ਐਸ ਐਚ ਓ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਨਸ਼ੇ ਖਿਲਾਫ ਵਿੱਢੀ ਮੁਹਿਮ ਤਹਿਤ ਏ ਐਸ ਆਈ ਮਨਿੰਦਰ ਕੌਰ ਦੀ ਟੀਮ ਨੇ ਇਹ ਸਫਲਤਾ ਹਾਸਲ ਕੀਤੀ ਹੈ। ਉਹਨਾਂ ਨੇ ਦੱਸਿਆ ਕਿ ਪਿੰਡ ਪੁਲ ਪੁਖਤਾ ਵੱਲ ਗਸ਼ਤ ਕਰ ਜਾ ਰਹੀ ਪੁਲਸ ਟੀਮ ਨੇ ਪਿੰਡ ਸਹਿਬਾਜਪੁਰ ਮੋੜ ਨਜ਼ਦੀਕ ਗੁਰਪ੍ਰੀਤ ਸਿੰਘ ਜੱਸੀ ਪੁੱਤਰ ਗੁਰਮਿੰਦਰ ਸਿੰਘ ਵਾਸੀ ਦਾਤੋਵਾਲ (ਬੁੱਲ੍ਹੋਵਾਲ) ਹਾਲ ਵਾਸੀ ਟਾਂਡਾ ਨੂੰ 300 ਗ੍ਰਾਮ ਅਫੀਮ ਇੱਕ ਦੇਸੀ ਪਿਸਤੌਲ ਅਤੇ 2 ਲੱਖ ਰੁਪਏ ਸਮੇਤ ਗ੍ਰਿਫਤਾਰ ਕਰਕੇ ਇਸ ਦੇ ਖਿਲਾਫ ਐਨ ਡੀ ਪੀ ਐਸ ਐਕਟ ਦੇ ਅਧੀਨ ਮਾਮਲਾ ਦਰਜ ਕਰ ਇਹ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਉਹਨਾਂ ਦੱਸਿਆ ਕਿ ਮੁਲਜ਼ਮ ਕੋਲੋਂ ਨਸ਼ੇ ਦੀ ਸਪਲਾਈ ਲਾਈਨ ਬਾਰੇ ਪਤਾ ਲਾਉਣ ਲਈ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪੁਲਸ ਵੱਲੋਂ ਮੁਕਾਬਲੇ ਦੌਰਾਨ ਖ਼ਤਰਨਾਕ ਅਪਰਾਧੀ ਗ੍ਰਿਫ਼ਤਾਰ

## 3 ਪਿਸਤੌਲਾਂ ਸਮੇਤ 17 ਰੌਂਦ ਬਰਾਮਦ



ਜਲੰਧਰ (ਸ਼ੈਲੀ ਐਲਬਰਟ)- ਨਸ਼ਾ ਤਸਕਰੀ ਅਤੇ ਅਪਰਾਧਿਕ ਤੱਤਾਂ ਵਿਰੁੱਧ ਚੱਲ ਰਹੀ ਰੋਕਥਾਮ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਪੁਲਸ ਵੱਲੋਂ ਇਕ ਮੁਕਾਬਲੇ ਦੌਰਾਨ ਇਕ ਖ਼ਤਰਨਾਕ ਅਪਰਾਧੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 3 ਪਿਸਤੌਲਾਂ ਸਮੇਤ 17 ਰੌਂਦ ਬਰਾਮਦ ਕੀਤੇ ਗਏ ਹਨ। ਸੀਨੀਅਰ ਸੁਪਰਡੈਂਟ ਆਫ਼ ਪੁਲਸ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਵੀਰਵਾਰ ਨੂੰ ਜਲੰਧਰ ਦਿਹਾਤੀ ਦੀ ਇਕ ਟੀਮ ਪਿੰਡ ਅਮਾਨਤਪੁਰ ਮੋੜ 'ਤੇ ਨਾਕਾਬੰਦੀ ਕਰਕੇ ਵਾਹਨਾਂ ਦੀ ਜਾਂਚ ਕਰ ਰਹੀ ਸੀ ਤਾਂ ਨਾਕਾਬੰਦੀ ਦੌਰਾਨ ਇਕ ਨੌਜਵਾਨ ਬਿਧੀਪੁਰ ਰੇਲਵੇ ਫਾਟਕ ਤੋਂ ਬਿਨਾਂ ਨੰਬਰ ਪਲੇਟ ਦੇ ਕਾਲੇ ਸਪਲੈਂਡਰ ਮੋਟਰਸਾਈਕਲ 'ਤੇ ਆਇਆ। ਜਦੋਂ ਪੁਲਸ ਪਾਰਟੀ ਨੇ ਸ਼ੱਕ ਹੋਣ 'ਤੇ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ, ਤਾਂ ਉਸ ਨੇ ਰੁਕਣ ਦੀ ਬਜਾਏ ਪੁਲਸ ਪਾਰਟੀ 'ਤੇ ਗੋਲੀਬਾਰੀ ਕੀਤੀ ਅਤੇ ਮੋਟਰਸਾਈਕਲ ਮਕਸੂਦਾਂ ਵੱਲ ਭਜਾ ਕੇ ਲੈ ਗਿਆ।ਪੁਲਸ ਪਾਰਟੀ ਵੱਲੋਂ ਮੁਲਜ਼ਮ ਦਾ ਪਿੱਛਾ ਕੀਤਾ ਗਿਆ, ਜੋ ਪਿੰਡ ਸੁਰਾਂ ਵਿਖੇ ਸਥਿਤ ਸੁੰਨਸਾਨ ਗਲੂਕੋਜ਼ ਫੈਕਟਰੀ ਅੰਦਰ ਮੁੜ ਗਿਆ। ਜਦੋਂ ਪੁਲਸ ਪਾਰਟੀ ਨੇ ਗੱਡੀ ਰੋਕ ਹੇਠਾਂ ਉਤਰਨ ਲਈ ਖਿੜਕੀ ਖੋਲ੍ਹੀ, ਤਾਂ ਮੁਲਜ਼ਮ ਵੱਲੋਂ ਪੁਲਸ ਪਾਰਟੀ ਦੀ ਸਰਕਾਰੀ ਸਕਾਰਪੀਓ ਗੱਡੀ 'ਤੇ ਗੋਲੀ ਚਲਾਈ ਗਈ। ਮੁਕਾਬਲੇ ਦੌਰਾਨ ਮੁਲਜ਼ਮ ਨੂੰ ਕਾਬੂ ਕੀਤਾ ਗਿਆ। ਜਿਸ ਦੀ ਪਛਾਣ ਸਾਜਨ ਨਈਅਰ ਪੁੱਤਰ ਵਿਜੇ ਨਈਅਰ ਵਾਸੀ ਮੁਹੱਲਾ ਫੱਟਾ ਹਰੀਪੁਰਾ, ਇਸਲਾਮਾਬਾਦ, ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਮੁਲਜ਼ਮ ਪਾਸੋਂ ਕੁੱਲ 3 ਪਿਸਤੌਲ ਅਤੇ 17 ਰੌਂਦ ਜ਼ਿੰਦਾ ਬਰਾਮਦ ਹੋਏ ਹਨ। ਗ੍ਰਿਫਤਾਰ ਮੁਲਜ਼ਮ ਸਾਜਨ ਨਈਅਰ ਵਿਰੁੱਧ ਥਾਣਾ ਮਕਸੂਦਾਂ ਜਲੰਧਰ ਦਿਹਾਤੀ ਪੁਲਸ ਵੱਲੋਂ ਅਪਰਾਧ 109,132,221 BNS, 25(1)(1)(6), (7), (8)-54-59 ਅਸਲਾ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# 'ਨਸ਼ਿਆਂ ਦੀ ਦੁਰਵਰਤੋਂ ਨੁਕਸਾਨ ਤੇ ਰੋਕਥਾਮ' ਵਿਸ਼ੇ 'ਤੇ ਸੈਮੀਨਾਰ



ਆਦਮਪੁਰ (ਪਰਮਜੀਤ ਸਿੰਘ)- ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਦੇ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ, ਸ. ਹਰਦਮਨ ਸਿੰਘ ਮਿਨਹਾਸ (ਸਕੱਤਰ,) ਦੇ ਦਿਸ਼ਾ ਨਿਰਦੇਸ਼ ਤਹਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ੇ ਦੀ ਲਤ ਤੋਂ ਬਚਾਉਣਾ ਅਤੇ ਸਮਾਜ ਵਿਚ ਇਸ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਸਮਾਰੋਹ ਦੀ ਸ਼ੁਰੂਆਤ ਗੁਰਮਤਿ ਸ਼ਬਦ ਗਾਇਨ ਨਾਲ ਹੋਈ। ਇਸ ਤੋਂ ਬਾਅਦ ਸ਼ਮ੍ਹਾ ਰੌਸ਼ਨ ਕੀਤੀ ਗਈ। ਇਸ ਮੌਕੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਨੇ ਆਏ ਸੰਬੋਧਨ ਵਿਚ ਆਏ ਹੋਏ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨਸ਼ੇ ਦੀ ਲੱਤ ਨੂੰ ਸਮਾਜਿਕ ਵਿਕਾਸ ਤੇ ਮਨੁੱਖੀ ਜੀਵਨ ਲਈ ਇੱਕ ਭਿਆਨਕ ਬਿਮਾਰੀ ਕਿਹਾ, ਜੋ ਨੌਜਵਾਨਾਂ ਦੀ ਜਵਾਨੀ ਨੂੰ ਖ਼ਤਮ ਕਰ ਰਹੀ ਹੈ।ਡਾ.ਹਰਪ੍ਰੀਤ ਸਿੰਘ ਨੇ ਯੂਨੀਵਰਸਿਟੀ ਵੱਲੋਂ ਨਿਰੰਤਰ ਕੀਤੀਆਂ ਜਾਂ ਰਹੀਆਂ ਨਸ਼ਿਆਂ ਦੀ ਰੋਕਥਾਮ ਸਬੰਧੀ ਗਤੀਵਿਧੀਆਂ ਉੱਤੇ ਰੋਸ਼ਨੀ ਪਾਈ।ਇਸ ਮੌਕੇ ਮੁੱਖ ਮਹਿਮਾਨ ਡਾ. ਨੀਸ਼ਾ ਛਾਬੜਾ ਸਹਾਇਕ ਪ੍ਰੋ. ਮਨੋਵਿਗਿਆਨ (ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ) ਨੇ ਸ਼ਿਰਕਤ ਕੀਤੀ।ਉਨ੍ਹਾਂ ਨੇ ਨਸ਼ੇ ਦੀ ਸਮੱਸਿਆ ਨੂੰ ਸਮਾਜ ਲਈ ਇੱਕ ਘਾਤਕ ਚੁਣੌਤੀ ਦੱਸਿਆ। ਅਤੇ ਨਸ਼ੇ ਦੀ ਲਤ ਦੇ ਮਨੋਵਿਗਿਆਨਕ ਕਾਰਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਇਹ ਸੈਮੀਨਾਰ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਵਿਕਾਸ ਸ਼ਰਮਾ, (ਕਨਵੀਨਰ) ਡਾ. ਵਿਜੈ ਧੀਰ, ਡੀਨ ਅਕਾਦਮਿਕਸ (ਕਨਵੀਨਰ) ਡਾ. ਇੰਦੂ ਸ਼ਰਮਾ (ਕਨਵੀਨਰ) ਡਾ.ਮਨਜੀਤ ਕੌਰ (ਕੋਆਰਡੀਨੇਟਰ), ਡਾ. ਰਿਆਜ਼ ਅਹਿਮਦ ਮੀਰ (ਕੋਆਰਡੀਨੇਟਰ), ਸ. ਅਨਮੋਲਪ੍ਰੀਤਪਾਲ ਸਿੰਘ (ਕੋਆਰਡੀਨੇਟਰ) ਦੀ ਨਿਗਰਾਨੀ ਹੇਠ ਹੋਇਆ। ਇਸ ਮੌਕੇ ਸ.ਰੂਪ ਸਿੰਘ (ਡਿਪਟੀ ਰਜਿਸਟਰਾਰ) ਵੱਖ-ਵੱਖ ਵਿਭਾਗਾਂ ਦੇ ਡੀਨ, ਪ੍ਰੋਫੈਸਰ ਸਹਿਬਾਨ ਵੀ ਹਾਜ਼ਰ ਸਨ। ਡਾ. ਸਿਮ੍ਰਿਤੀ ਠਾਕੁਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ। ਇਸ ਸੈਮੀਨਾਰ ਰਾਹੀਂ ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਨੁਕਸਾਨ ਸਬੰਧੀ ਇੱਕ ਨਵੀਂ ਸੋਚ ਪੈਦਾ ਹੋਈ ਜਿਸ ਨਾਲ ਭਵਿੱਖ ਵਿਚ ਇਕ ਸਿਹਤਮੰਦ ਅਤੇ ਨਸ਼ਾ-ਰਹਿਤ ਸਮਾਜ ਦੀ ਨੀਂਹ ਰੱਖੀ ਜਾ ਸਕੇ।ਅੰਤ ਵਿਚ ਡਾ. ਵਿਕਾਸ ਸ਼ਰਮਾ (ਰਜਿਸਟਰਾਰ) ਨੇ ਸਭ ਦਾ ਧੰਨਵਾਦ ਕੀਤਾ।

# ਜ਼ਿਲ੍ਹੇ 'ਚ ਨੀਟ (ਯੂ ਜੀ) ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ 'ਚ ਇਕੱਠੇ ਹੋਣ ਉਤੇ ਪਾਬੰਦੀ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਨੈਸ਼ਨਲ ਟੈਸਟਿੰਗ ਏਜੰਸੀ, ਨਵੀਂ ਦਿੱਲੀ ਵੱਲੋਂ 4 ਮਈ ਨੂੰ ਦੁਪਹਿਰ 2.00 ਵਜੇ ਤੋਂ ਸ਼ਾਮ 5 ਵਜੇ ਤੱਕ ਨੈਸ਼ਨਲ ਇਲੀਜੀਬਿਲਟੀ ਕਮ ਇੰਟਰੈਂਸ ਟੈਸਟ (ਨੀਟ (ਯੂਜੀ)-2025) ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪੀ ਐਮ ਸ੍ਰੀ ਕੇ ਵੀ ਮੋਹਾਲੀ, ਸਰਕਾਰੀ ਮੌਡਲ ਸੈਕੰਡਰੀ ਸਕੂਲ, ਐਸ ਓ ਈ, ਫੇਜ਼ 3ਬੀ1 ਸੈਕਟਰ 60 ਮੋਹਾਲੀ, ਜੇ ਐਨ ਵੀ ਮੋਹਾਲੀ ਤੇ ਪੀ ਐਮ ਸ੍ਰੀ ਕੇ ਵੀ ਜ਼ੀਰਕਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਉਤਰ ਪ੍ਰਦੇਸ਼ ਪ੍ਰੀਖਿਆ ਦੀ ਨਿਰਵਘਨਤਾ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਮੈਜਿਸਟਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸ੍ਰੀਮਤੀ ਕੋਮਲ ਮਿੱਤਲ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ 'ਚ ਸਥਿਤ ਨੀਟ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ 5 ਜਾਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ ਡਿਊਟੀ 'ਤੇ ਤਾਇਨਾਤ ਸਰਕਾਰੀ ਅਮਲੇ ਅਤੇ ਪ੍ਰੀਖਿਆ ਦੇ ਰਹੇ ਪ੍ਰੀਖਿਆਰਥੀਆਂ 'ਤੇ ਲਾਗੂ ਨਹੀਂ ਹੋਣਗੇ। ਇਹ ਮਨਾਹੀ ਦੇ ਆਦੇਸ਼ ਪੀ ਐਮ ਸ੍ਰੀ ਕੇ ਵੀ ਮੋਹਾਲੀ, ਜੀ ਐਸ ਐਸ ਐਸ (ਐਸ ਓ ਈ) ਫੇਜ਼ 3 ਬੀ1 ਸੈਕਟਰ 60 ਮੋਹਾਲੀ, ਜੇ ਐਨ ਵੀ ਮੋਹਾਲੀ, ਪੀ ਐਮ ਸ੍ਰੀ ਕੇ ਵੀ ਜ਼ੀਰਕਪੁਰ ਪ੍ਰੀਖਿਆ ਕੇਂਦਰ ਦੇ 100 ਮੀਟਰ ਦੇ ਘੇਰੇ ਅੰਦਰ ਮਿਤੀ 3 ਮਈ ਤੋਂ 4 ਮਈ ਤੱਕ ਲਾਗੂ ਰਹਿਣਗੇ।

# ਅਸੀਂ ਪਾਣੀ ਦੀ ਰਾਖੀ ਲਈ ਪੂਰੀ ਤਾਕਤ ਨਾਲ ਲੜਾਂਗੇ : ਅਜੇ ਮੰਗੂਪੁਰ



ਬਲਾਚੌਰ (ਜਸਵਿੰਦਰ ਬੈਂਸ)- ਕਾਂਗਰਸ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐਮ ਬੀ) ਦੇ ਇਕਤਰਫਾ ਫੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ, ਜਿਸ ਵਿੱਚ ਪੰਜਾਬ ਸਰਕਾਰ ਅਤੇ ਇਸ ਦੀ ਜਨਤਾ ਦੇ ਸਖ਼ਤ ਵਿਰੋਧ ਦੇ ਬਾਵਜੂਦ ਭਾਖੜਾ ਡੈਮ ਤੋਂ ਹਰਿਆਣਾ ਨੂੰ 8,500 ਕਿਊਸਿਕ ਪਾਣੀ ਛੱਡਣ ਦਾ ਫੈਸਲਾ ਕੀਤਾ ਗਿਆ ਹੈ। ਇਹ ਕਦਮ ਪੰਜਾਬ ਦੇ ਪਾਣੀ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਪੰਜਾਬ ਨੂੰ ਪਾਣੀ ਦੀ ਗੰਭੀਰ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿੱਚ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਕਾਫ਼ੀ ਘੱਟ ਹੈ। ਹਰਿਆਣਾ, ਜਿਸ ਨੇ ਮੌਜੂਦਾ ਜਲ ਸੀਜ਼ਨ ਲਈ ਆਪਣੇ ਨਿਰਧਾਰਤ ਪਾਣੀ ਦੇ ਹਿੱਸੇ ਦਾ 104% ਪਹਿਲਾਂ ਹੀ ਵਰਤ ਲਿਆ ਹੈ, ਨੂੰ ਹੁਣ ਬੀ ਬੀ ਐਮ ਬੀ ਦੇ ਫੈਸਲੇ ਦੁਆਰਾ ਅਨੁਚਿਤ ਤਰਜੀਹ ਦਿੱਤੀ ਜਾ ਰਹੀ ਹੈ। ਇਹ ਪੰਜਾਬ ਦੇ ਜਾਇਜ਼ ਹਿੱਸੇ ਦੀ ਦਿਨ-ਦਿਹਾੜੇ ਲੁੱਟ ਤੋਂ ਘੱਟ ਨਹੀਂ ਹੈ, ਜੋ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਹਰਿਆਣਾ ਦੇ ਸਿਆਸੀ ਦਬਾਅ ਹੇਠ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸਾਡੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ, ਜੋ ਆਪਣੀ ਰੋਜ਼ੀ-ਰੋਟੀ ਲਈ ਹਰ ਬੂੰਦ ਪਾਣੀ 'ਤੇ ਨਿਰਭਰ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਸੂਬੇ ਨੂੰ ਉਸ ਦੇ ਜਾਇਜ਼ ਹਿੱਸੇ ਤੋਂ ਵਾਂਝਾ ਨਹੀਂ ਹੋਣ ਦੇਵਾਂਗੇ, ਖਾਸਕਰ ਜਦੋਂ ਸਾਡੇ ਖੇਤ ਸੁੱਕ ਰਹੇ ਹਨ ਅਤੇ ਸਾਡੇ ਕਿਸਾਨ ਸੰਘਰਸ਼ ਕਰ ਰਹੇ ਹਨ। ਅਜੇ ਮੰਗੂਪੁਰ ਨੇ ਬੀ ਬੀ ਐਮ ਬੀ ਦੇ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਸਾਡਾ ਪਾਣੀ ਸਾਡੀ ਜੀਵਨ ਰੇਖਾ ਹੈ ਅਤੇ ਅਸੀਂ ਇਸ ਦੀ ਰਾਖੀ ਲਈ ਪੂਰੀ ਤਾਕਤ ਨਾਲ ਲੜਾਂਗੇ।

# ਸਰਮਾਏਦਾਰ ਤੇ ਨਿਕੰਮੀਆਂ ਸਰਕਾਰਾਂ ਨੇ ਮਜ਼ਦੂਰਾਂ ਦੇ ਹੱਕਾਂ ਤੇ ਹਿੱਤਾਂ ਨੂੰ ਦੋਹੀਂ ਹੱਥੀਂ ਲੁੱਟਿਆ : ਤਲਵਿੰਦਰ ਹੀਰ



ਮਾਹਿਲਪੁਰ (ਸਫ਼ਰੀ)- ਮਈ 1896 ਵਿੱਚ ਸਦੀਆਂ ਤੋਂ ਲੁੱਟੇ ਪੁੱਟੇ ਜਾਂਦੇ ਮਜ਼ਦੂਰਾਂ ਨੇ ਸ਼ਿਕਾਗੋ ਅਮਰੀਕਾ ਚ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਕੇ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਾਉਣ ਲਈ ਮੁੱਢ ਬੰਨ੍ਹਿਆ ਸੀ ਤੇ ਇਸ ਸਮੇਂ ਸਮੇਂ 'ਤੇ ਕਿਰਤ ਸੁਧਾਰਾਂ ਸਬੰਧੀ ਹੋਰ ਕਾਨੂੰਨ ਬਣਾਉਣ ਲਈ ਮਜਬੂਰ ਕੀਤਾ।ਪਰ ਹੁਣ ਫੇਰ ਮਜ਼ਦੂਰਾਂ ਦੀ ਹਾਲਤ ਕੱਖੋਂ ਹੌਲੀ ਹੈ। ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਢਿੱਡੋਂ ਭੁੱਖੇ ਸੌਣ ਲਈ ਮਜਬੂਰ ਨੇ।ਨਿਕੰਮੇ ਹਾਕਮਾਂ ਦੇ ਚਹੇਤੇ ਲੁਟੇਰੇ ਸਰਮਾਏਦਾਰ ਦੇਸ਼ ਦੇ ਸਾਰੇ ਆਰਥਿਕ ਵਸੀਲਿਆਂ ਅਤੇ ਜਾਇਦਾਦਾਂ 'ਤੇ ਕਾਬਜ਼ ਹੋ ਚੁੱਕੇ ਹਨ।ਸਰਮਾਏਦਾਰਾਂ ਤੇ ਮਿਹਨਤਕਸ਼ਾਂ ਵਿਚਕਾਰ ਆਰਥਿਕ ਪਾੜਾ ਦਿਨੋ ਦਿਨ ਵਧ ਰਿਹਾ ਹੈ।ਅਜਿਹੇ ਪਾੜੇ ਤੇ ਵਰਤਾਰੇ ਵਿਰੁੱਧ ਦੁਨੀਆ ਭਰ ਦੇ ਕਿਰਤੀ ਲੋਕ ਜਥੇਬੰਦ ਹੋ ਕੇ ਆਵਾਜ਼ ਉਠਾਉਂਦੇ ਅਤੇ ਰੋਸ ਪ੍ਰਗਟ ਕਰਦੇ ਰਹੇ ਹਨ। ਹੁਣ ਇਸ ਸਮੇਂ ਦੀਆਂ ਸਰਕਾਰਾਂ ਤੇ ਉਨ੍ਹਾਂ ਦੇ ਚਹੇਤੇ ਸਰਮਾਏਦਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਉਣ ਅਤੇ ਆਪਣੇ ਹੱਕਾਂ ਹਿੱਤਾਂ ਦੀ ਰਾਖੀ ਕਰਦਿਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਬਚਾਉਣ ਖਾਤਰ ਸਾਂਝੇ ਯੋਜਨਾਬੱਧ ਸ਼ਾਂਤੀਪੂਰਵਕ ਸੰਘਰਸ਼ਾਂ ਵਿੱਚ ਜੁਝਣਾ ਪਵੇਗਾ।ਇਹੀ ਅੱਜ ਤੱਕ ਕੁੱਲ ਦੁਨੀਆ ਦੇ ਕਿਰਤੀਆਂ ਦੇ ਹੱਕਾਂ ਹਿੱਤਾਂ ਦੀ ਰਾਖੀ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ ਸਿਰੜੀ ਕਾਮਿਆਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਜ਼ਿਲਾ ਹੁਸ਼ਿਆਰਪੁਰ ਦੇ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਦੁਕਾਨਦਾਰਾਂ ਤੇ ਨੌਜਵਾਨਾਂ ਨੂੰ ਇੱਕਜੁੱਟ ਹੋਣ ਤੇ ਲੁਟੇਰੇ ਸਰਮਾਏਦਾਰਾਂ ਤੇ ਅਕ੍ਰਿਤਘਣ ਸਰਕਾਰਾਂ ਵਿਰੁੱਧ ਆਰ ਪਾਰ ਦੀ ਲੜਾਈ ਲੜਨ ਲਈ ਤਿਆਰ ਬਰ ਤਿਆਰ ਰਹਿਣ ਲਈ ਕਿਹਾ।ਇਸ ਮੌਕੇ ਪ੍ਰਿਥੀ ਚੰਦ ਮਿਸਤਰੀ, ਠੇਕੇਦਾਰ ਕਾਲਾ ਸ਼ੇਰਪੁਰ, ਹਰਜਿੰਦਰ ਸਿੰਘ ਪ੍ਰਧਾਨ, ਮਲਕੀਤ ਸਿੰਘ ਹੀਰ, ਅਮਰੀਕ ਸਿੰਘ ਨੰਗਲ ਖਿਲਾੜੀਆਂ, ਸੁਰਜੀਤ ਸਿੰਘ ਫੌਜੀ, ਸੁਖਵਿੰਦਰ ਸਿੰਘ ਘੁੱਗ ਤੇ ਜਗਦੀਸ਼ ਰਾਏ ਸਮੇਤ ਵੱਡੀ ਗਿਣਤੀ ਵਿੱਚ ਮਜ਼ਦੂਰ, ਕਿਸਾਨ ਤੇ ਇਨਸਾਫ਼ਪਸੰਦ ਲੋਕ ਹਾਜ਼ਰ ਸਨ।



ਨਵਾਂ ਜ਼ਮਾਨਾ ਦੇ ਪਰਮ ਸਨੇਹੀ ਐਡਵੋਕੇਟ ਰਜਿੰਦਰ ਸਿੰਘ ਰਾਣਾ ਦੇ ਪੋਤਰੇ ਅਤੇ ਡਾਕਟਰ ਅਮਿਤੇਸ਼ ਸਿੰਘ ਦੇ ਪੁੱਤਰ ਖਾਲਿਸ ਸਿੰਘ ਦਾ ਪਹਿਲਾ ਜਨਮ ਦਿਨ ਮਨਾਉਣ ਮੌਕੇ ਗੁਰੂ ਘਰ ਪਿੰਡ ਚੱਕ ਕੇਂਦਲਾ ਵਿਖੇ ਖੱਬਿਓਂ ਗੁਰਜੀਤ ਸਿੰਘ ਆਜ਼ਾਦੀਆਂ ਵਾਲਾ ਮਧੂ, ਕਰਤਾਰ ਸਿੰਘ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ ਸੁਲਤਾਨਪੁਰ ਲੋਧੀ, ਗੁਰਬਖਸ਼ ਸਿੰਘ ਸ਼ੁਭਾ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ ਪੰਜਾਬ, ਗਿਆਨ ਸੈਦਪੁਰੀ ਪ੍ਰੈਸ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਡਾਕਟਰ ਅਮਿਤੇਸ਼ ਸਿੰਘ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਅਮਰਜੀਤ ਕੋਮਲ ਇੰਚਾਰਜ 'ਅਜੀਤ' ਕਪੂਰਥਲਾ, ਕਸ਼ਮੀਰ ਸਿੰਘ ਅਰਾਈਆਂ ਵਾਲਾ ਮਧੂ, ਸਰਵਣ ਸਿੰਘ ਕਰਮਜੀਤ ਪੁਰ ਸੀਨੀਅਰ ਮੀਤ ਪ੍ਰਧਾਨ ਆਲ ਇੰਡੀਆ ਕਿਸਾਨ ਸਭਾ ਕਪੂਰਥਲਾ, ਅਜੀਤ ਸਿੰਘ ਔਜਲਾ ਮੀਤ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਕਪੂਰਥਲਾ, ਹਰਵੰਤ ਸਿੰਘ ਵੜੈਚ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਕਪੂਰਥਲਾ, ਮੁਕੰਦ ਸਿੰਘ ਪ੍ਰੈਸ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਕਪੂਰਥਲਾ, ਮਨਜੀਤ ਕੌਰ, ਗੁਰਮਨਦੀਪ ਸਿੰਘ ਸੰਧੂ, ਅਰਸ਼ ਚੋਪੜਾ ਤੇ ਮਾਨਵੀ ਮਲਹੋਤਰਾ। ਤਸਵੀਰ ਤੇ ਵੇਰਵਾ : ਗਿਆਨ ਸੈਦਪੁਰੀ

# ਮਹਿੰਦਰ ਭਗਤ ਗੁਰਕੰਵਲ ਦੇ ਘਰ ਗਏ ਤੇ ਵਧਾਈ ਦਿੱਤੀ

ਜਲੰਧਰ (ਸ਼ੈਲੀ ਐਲਬਰਟ)— ਸਤਪਾਲ ਸਿੰਘ ਮੁਲਤਾਨੀ ਦੇ ਪੁੱਤਰ ਗੁਰਕੰਵਲ ਸਿੰਘ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਦੀ ਪ੍ਰੀਖਿਆ ਵਿੱਚ 353ਵਾਂ ਰੈਂਕ



ਪ੍ਰਾਪਤ ਕਰਕੇ ਜਲੰਧਰ ਅਤੇ ਪਰਵਾਰ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਖੁਸ਼ੀ ਦੇ ਮੌਕੇ 'ਤੇ, ਜਲੰਧਰ ਪੱਛਮੀ ਤੋਂ ਵਿਧਾਇਕ ਅਤੇ ਪੰਜਾਬ ਦੇ ਬਾਗਬਾਨੀ, ਆਜ਼ਾਦੀ ਘੁਲਾਟੀਏ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਆਪਣੀ ਪਤਨੀ ਅਰੁਣਾ ਭਗਤ ਨਾਲ ਗੁਰਕੰਵਲ ਦੇ ਘਰ ਪਹੁੰਚੇ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਅਤੇ ਵਧਾਈ ਦਿੱਤੀ। ਭਗਤ ਨੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਗੁਰਕੰਵਲ ਨੇ ਇਹ ਉਪਲਬਧੀ ਹਾਸਲ ਕੀਤੀ ਹੈ। ਜਿਸ ਕਾਰਨ ਜਲੰਧਰ ਦਾ ਨਾਂਅ ਮਸ਼ਹੂਰ ਹੋਇਆ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਗੁਰਕੰਵਲ ਭਵਿੱਖ ਵਿੱਚ ਹੋਰ ਤਰੱਕੀ ਕਰੇਗਾ।

# ਪੰਜਾਬ ਸਰਕਾਰ ਵੱਲੋਂ ਕਿਰਤੀ ਵਰਗ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਉਪਰਾਲੇ ਜਾਰੀ

ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)- ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਕਿਹਾ ਕਿ ਰਾਜ ਸਰਕਾਰ ਕਿਰਤੀ ਕਾਮਿਆਂ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਕਾਰਜਸ਼ੀਲ ਹੈ ਅਤੇ ਕਿਰਤ ਵਿਭਾਗ ਵਲੋਂ ਪੰਜਾਬ ਲੇਬਰ ਭਲਾਈ ਬੋਰਡ ਦੀ ਸਥਾਪਨਾ ਕਰਕੇ ਕਿਰਤੀ ਕਾਮਿਆਂ ਨੂੰ ਵੱਖ-ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਨੇੜਲੇ ਪਿੰਡ ਅੱਜੋਵਾਲ ਵਿਖੇ ਹੋਮ ਫਾਰ ਹੋਮਲੈਸ ਸੁਸਾਇਟੀ ਵਲੋਂ ਕਿਰਤੀ ਕਾਮਿਆਂ ਦੇ ਸਨਮਾਨ ਵਿਚ ਰੱਖੇ ਸਮਾਗਮ ਦੌਰਾਨ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਹੋਮ ਫਾਰ ਹੋਮਲੈਸ ਸੁਸਾਇਟੀ ਵਲੋਂ ਹੁਣ ਤੱਕ 200 ਦੇ ਕਰੀਬ ਪਰਿਵਾਰਾਂ ਨੂੰ ਘਰ ਬਣਾ ਕੇ ਦੇਣ ਨਾਲ ਭਲਾਈ ਦੇ ਖੇਤਰ ਵਿਚ ਨਵੀਂ ਮਿਸਾਲ ਕਾਇਮ ਕੀਤੀ ਗਈ ਹੈ। ਉਨ੍ਹਾਂ ਨੇ ਸੁਸਾਇਟੀ ਨੂੰ ਇਕ ਘਰ ਬਣਾਉਣ ਦਾ ਮੁਕੰਮਲ ਖਰਚਾ ਦੇਣ ਦਾ ਐਲਾਨ ਕਰਨ ਮੌਕੇ ਪ੍ਰਧਾਨ ਵਰਿੰਦਰ ਸਿੰਘ ਪਰਹਾਰ ਅਤੇ ਸਮੁੱਚੀ ਟੀਮ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਅਜਿਹੀਆਂ ਸੰਸਥਾਵਾਂ ਵਲੋਂ ਕਿਰਤੀਆਂ, ਕਾਮਿਆਂ ਅਤੇ ਲੋੜਵੰਦਾਂ ਦੀ ਬਾਂਹ ਫੜਨੀ ਸਮਾਜ ਸੇਵਾ ਵਿਚ ਵੱਡਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੀਆਂ ਸੰਸਥਾਵਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ।ਜ਼ਿਲ੍ਹੇ ਨਾਲ ਸਬੰਧਤ ਕਿਰਤੀ ਕਾਮਿਆਂ ਨੂੰ ਕਿਰਤ ਵਿਭਾਗ ਦੇ ਦਫ਼ਤਰ ਵਿਚ ਰਜਿਸਟਰੇਸ਼ਨ ਕਰਾਉਣ ਦਾ ਸੱਦਾ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੌਜੂਦਾ ਸਮੇਂ 11750 ਤੋਂ ਵੱਧ ਕਾਮੇ ਰਜਿਸਟਰਡ ਹਨ, ਜਿਹੜੇ ਸਮੇਂ-



ਸਮੇਂ ਸਿਰ ਸਰਕਾਰੀ ਸਕੀਮਾਂ ਦਾ ਲਾਭ ਲੈ ਰਹੇ ਹਨ। ਸੁਸਾਇਟੀ ਦੇ ਪ੍ਰਧਾਨ ਵਰਿੰਦਰ ਸਿੰਘ ਪਰਹਾਰ ਨੇ ਕੈਬਨਿਟ ਮੰਤਰੀ ਵਲੋਂ ਇਕ ਘਰ ਬਣਾ ਕੇ ਦੇਣ ਦੇ ਐਲਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਵਾਸੀ ਪੰਜਾਬੀ ਅੰਮ੍ਰਿਤਪਾਲ ਸਿੰਘ ਕੈਲੀਫੋਰਨੀਆ ਅਤੇ ਅਮਰੀਕ ਸਿੰਘ ਸੀਹਰਾ ਨਿਊਯਾਰਕ ਵਲੋਂ ਵੀ ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਇਕ-ਇਕ ਘਰ ਬਣਾਉਣ ਦੀ ਸ਼ੁਰੂਆਤ ਕਰਵਾਈ ਗਈ। ਕੈਬਨਿਟ ਮੰਤਰੀ ਨੇ ਭਾਰਤੀ ਫੌਜ ਦੇ ਸੇਵਾ ਮੁਕਤ ਜਨਰਲ ਜਸਵੀਰ ਸਿੰਘ ਢਿੱਲੋਂ, ਸਿੱਖ ਪ੍ਰਚਾਰਕ ਸਰਬਜੀਤ ਸਿੰਘ ਧੂੰਦਾ, ਸਰਪੰਚ ਰਚਨਾ ਸ਼ਰਮਾ ਸਮੇਤ ਹੋਮ ਫਾਰ ਹੋਮਲੈਸ ਸੁਸਾਇਟੀ ਦੇ ਕਿਰਤੀਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ। ਇਸ ਮੌਕੇ ਬਹਾਦਰ ਸਿੰਘ ਸਨੇਤ, ਬੱਬੂ ਸੰਧੂ, ਲਵਲੀ ਪਹਿਲਵਾਨ, ਗੁਰਸ਼ਰਨ ਠਾਕੁਰ, ਜਪਿੰਦਰ ਪਾਲ, ਗੁਰਪ੍ਰੀਤ ਸਿੰਘ, ਜੋਗਿੰਦਰ ਕੌਰ, ਗੀਤਾ ਰਾਣੀ, ਸਾਈਕਲਿਸਟ ਬਲਰਾਜ ਚੌਹਾਨ, ਬੀਬੀ ਮਹਿੰਦਰ ਕੌਰ ਰਹੀਮਪੁਰ, ਸਰਵਣ ਦਾਸ ਢੋਲਣਵਾਲ ਅਤੇ ਅਮਰਜੀਤ ਸਿੰਘ ਆਦਿ ਵੀ ਮੌਜੂਦ ਸਨ।

# ਸ਼ਾਹਕੋਟ 'ਚ ਖੱਬੀਆਂ ਪਾਰਟੀਆਂ ਨੇ ਮਈ ਦਿਵਸ ਮਨਾਇਆ



ਸ਼ਾਹਕੋਟ (ਗਿਆਨ ਸੈਦਪੁਰੀ)- ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ਼ਾਹਕੋਟ ਵਿਖੇ ਸਾਂਝੇ ਤੌਰ 'ਤੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ। ਸੀ. ਪੀ. ਆਈ.(ਐਮ) ਦੇ ਆਗੂ ਕਾਮਰੇਡ ਬਚਿੱਤਰ ਸਿੰਘ ਤੱਗੜ ਨੇ ਨਾਹਰਿਆਂ ਦੀ ਬੁਲੰਦ ਆਵਾਜ਼ ਦੌਰਾਨ ਝੰਡਾ ਲਹਿਰਾਉਣ ਦੀ ਇਨਕਲਾਬੀ ਰਸਮ ਨਿਭਾਈ। ਉਪਰੰਤ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੌਜੂਦਾ ਦੌਰ ਵਿੱਚ ਮਈ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ 29 ਲੇਬਰ ਕਾਨੂੰਨਾਂ ਨੂੰ ਰੱਦ ਕਰਕੇ 4 ਲੇਬਰ ਕੋਡ ਬਣਾਉਣ ਦੇ ਸਰਕਾਰੀ ਕਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ। ਸਮਾਗਮ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂ ਕਾਮਰੇਡ ਨਿਰਮਲ ਸਿੰਘ ਮਲਸੀਆਂ, ਤਾਰਾ ਸਿੰਘ ਥੰਮੂਵਾਲ, ਸਰਬਣ ਕੁਮਾਰ ਬਿੱਲਾ, ਸੀ. ਪੀ. ਆਈ (ਐਮ) ਦੇ ਆਗੂ ਬਚਿੱਤਰ ਸਿੰਘ ਤੱਗੜ, ਸਟੇਟ ਕਮੇਟੀ ਮੈਂਬਰ, ਵਰਿੰਦਰ ਪਾਲ ਕਾਲਾ, ਕੇਵਲ ਸਿੰਘ ਦਾਨੇਵਾਲ, ਸੀ. ਪੀ. ਆਈ. ਦੇ ਜ਼ਿਲ੍ਹਾ ਐਗਜ਼ੈਕਟਿਵ ਮੈਂਬਰ ਗਿਆਨ ਸਿੰਘ ਅਤੇ ਬਹੁਜਨ ਕ੍ਰਾਂਤੀ ਕਿਰਤੀ ਪਾਰਟੀ ਦੇ ਆਗੂ ਸ਼ਿੰਦਰ ਪਾਲ ਸਹੋਤਾ ਆਦਿ ਨੇ ਸੰਬੋਧਨ ਕੀਤਾ।

# ਐੱਮ ਏ ਹਿੰਦੀ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ



ਮਾਹਿਲਪੁਰ (ਸਫ਼ਰੀ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐਮ ਏ ਹਿੰਦੀ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਕਾਲਜ ਦੇ ਪ੍ਰਿੰਸੀਪਲ ਪਰਵਿੰਦਰ ਸਿੰਘ ਅਤੇ ਹਿੰਦੀ ਵਿਭਾਗ ਦੇ ਮੁਖੀ ਲੈਫਟੀਨੈਂਟ ਡਾ. ਦੀਪਕ ਨੇ ਦੱਸਿਆ ਕਿ ਐਮ ਏ ਹਿੰਦੀ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਵਿਦਿਆਰਥਣ ਕ੍ਰਿਤਿਕਾ ਸੋਨੀ ਨੇ 74.7 ਫੀਸਦੀ ਅੰਕਾਂ ਨਾਲ ਪਹਿਲਾ, ਰਜਿੰਦਰ ਕੌਰ ਨੇ 72.2 ਫੀਸਦੀ ਅੰਕਾਂ ਨਾਲ ਦੂਜਾ ਅਤੇ ਰੇਨੂ ਕੁਮਾਰੀ ਨੇ 65.5 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਪਰਵਿੰਦਰ ਸਿੰਘ, ਡਾ. ਦੀਪਕ, ਡਾ. ਪਰਮਿੰਦਰ ਕੌਰ, ਅਤੇ ਪ੍ਰੋਫੈਸਰ ਨੈਨਸੀ ਨੇ ਇਨ੍ਹਾਂ ਵਿਦਿਆਰਥਣਾਂ ਨੂੰ ਚੰਗੇ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ

ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ) ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ /ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁੱਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੋਰਡ ਵਲੋਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਲਈ ਸਕੂਲਾਂ ਵਿੱਚ ਦਾਖਲਾ ਲੈਣ ਵਾਲੇ ਰੈਗੂਲਰ ਵਿਦਿਆਰਥੀਆਂ ਵਾਸਤੇ ਦਾਖਲੇ ਦੀ ਅੰਤਿਮ ਮਿਤੀ 15 ਜੁਲਾਈ 2025 ਨਿਰਧਾਰਿਤ ਕੀਤੀ ਜਾਂਦੀ ਹੈ।

# ਬੀ.ਬੀ.ਐਮ.ਬੀ. ਦਾ ਫੈਸਲਾ ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ : ਡਾ. ਚੱਬੇਵਾਲ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਪੰਜਾਬ ਸਰਕਾਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਪੰਜਾਬ ਦੇ ਹਿੱਸੇ 'ਚੋਂ ਗੁਆਂਢੀ ਸੂਬੇ ਹਰਿਆਣਾ ਨੂੰ ਭਾਖੜਾ ਡੈਮ ਤੋਂ ਫੌਰੀ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕਾ ਅਤੇ ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ ਕਰਾਰ ਦਿੱਤਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲੇ ਨੂੰ ਪੰਜਾਬ ਦੇ ਪਾਣੀਆਂ 'ਤੇ ਡਾਕਾ ਦੱਸਦਿਆਂ ਚੱਬੇਵਾਲ ਨੇ ਕਿਹਾ ਕਿ ਰਾਜ ਦੇ ਹੱਕਾਂ ਨਾਲ ਸਿੱਧੇ ਤੌਰ 'ਤੇ ਜੁੜੇ ਇਸ ਗੰਭੀਰ ਮੁੱਦੇ 'ਤੇ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਨੂੰ ਪੰਜਾਬ ਦੇ ਹਿੱਤ ਲਈ ਖੜ੍ਹਨਾ ਚਾਹੀਦਾ ਹੈ ਤਾਂ ਜੋ ਸੰਘੀ ਢਾਂਚੇ 'ਤੇ



ਹਮਲੇ ਦੀ ਇਸ ਕੋਝੀ ਸਾਜਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੁਆਉਣ ਲਈ ਪੰਜਾਬ ਦੀ ਬਾਂਹ ਮਰੋੜਨੀ ਸੂਬਿਆਂ ਦੇ ਅਖਤਿਆਰ 'ਤੇ ਸਿੱਧਾ ਹਮਲਾ ਹੈ ਜੋ ਕਿ ਨਾ ਸਹਿਣਯੋਗ ਹੈ। ਆਉਂਦੇ ਝੋਨੇ ਦੇ ਸੀਜ਼ਨ ਦਾ ਹਵਾਲਾ ਦਿੰਦਿਆਂ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੰਜਾਬ ਕੋਲ ਆਪਣੀਆ ਜ਼ਰੂਰਤਾਂ ਤੋਂ ਵੀ ਘੱਟ ਪਾਣੀ ਹੈ ਅਤੇ ਹਰਿਆਣਾ, ਜੋ ਹੁਣ ਤੱਕ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ, ਨੂੰ ਹੋਰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਵਲੋਂ ਬੋਰਡ ਦੀ ਮੀਟਿੰਗ ਸੱਦ ਕੇ ਗੈਰ-ਕਾਨੂੰਨੀ ਢੰਗ ਨਾਲ ਮਤਾ ਪਾਸ ਕਰਕੇ ਪੰਜਾਬ ਦੇ ਹੱਕਾਂ ਨੂੰ ਬੁਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ ਹੈ ਪਰ ਪੰਜਾਬ ਸਰਕਾਰ ਸੂਬੇ ਦਾ ਹੱਕ ਖੋਹਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਸੌੜੇ ਸਿਆਸੀ ਹਿੱਤਾਂ ਨੂੰ ਲਾਂਭੇ ਕਰਦਿਆਂ ਸਾਰੀਆਂ ਪਾਰਟੀਆਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣਾ ਚਾਹੀਦਾ ਹੈ।

# ਗੁ: ਸਿੰਘ ਸ਼ਹੀਦਾਂ ਵਿਖੇ ਕਾਰ ਪਾਰਕਿੰਗ ਦੀ ਪਹਿਲੀ ਮੰਜ਼ਲ ਦਾ ਲੈਂਟਰ ਪਾਇਆ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)— ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬਨਣ ਵਾਲੀ ਬਹੁਮੰਜਿਲੀ ਕਾਰ ਪਾਰਕਿੰਗ ਦੀ ਪਹਿਲੀ ਮੰਜਿਲ ਦਾ ਲੈਂਟਰ ਪਾਇਆ ਗਿਆ। ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਅਮਰ



ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਦੇ ਅਸ਼ੀਰਵਾਦ ਸਦਕਾ ਸੰਗਤਾਂ ਦੀ ਸਹੂਲਤ ਲਈ ਬਹੁਮੰਜਿਲੀ ਕਾਰ ਪਾਰਕਿੰਗ ਦਾ ਨਿਰਮਾਣ ਕੀਤਾ ਜਾ ਰਿਹਾ ਹੈ।ਪਹਿਲੀ ਮੰਜਿਲ ਦੇ ਲੈਂਟਰ ਦੀ ਅਰੰਭਤਾ ਲਈ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਪੰਜ ਪਿਆਰਿਆਂ ਦੀ ਅਗਾਵਾਈ ਅਤੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਪਹਿਲੀ ਮੰਜਿਲ ਦੇ ਲੈਂਟਰ ਦੀ ਅਰੰਭਤਾ ਕਰਵਾਈ ਗਈ। ਅਧੁਨਿਕ ਸਹੂਲਤਾਂ ਵਾਲੀ ਇਹ ਕਾਰ ਪਾਰਕਿੰਗ ਬੇਸਮੇਂਟ ਸਮੇਤ 7 ਮੰਜਿਲਾ ਬਣਵਾਈ ਜਾ ਰਹੀ ਹੈ । ਇਸ ਮੌਕੇ 'ਤੇ ਕਈ ਸੰਤ ਮਹਾਂਪੁਰਖ, ਸਿਆਸੀ ਆਗੂ, ਪਿੰਡ ਅਤੇ ਇਲਾਕੇ ਦੇ ਪਤਵੰਤੇ ਸੱਜਣ ਉਚੇਚੇ ਤੌਰ ਤੇ ਕਾਰ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਪੁੱਜੇ ਹੋਏ ਸਨ। ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਮਠਿਆਈਆਂ ਅਤੇ ਦੁੱਧ ਚਾਹ ਦਾ ਅਤੁੱਟ ਲੰਗਰ ਵਰਤਾਇਆ ਗਿਆ।

# ਮਜ਼ਦੂਰ ਮਾਰੂ ਨੀਤੀਆਂ ਵਿਰੁੱਧ ਤਿੱਖੇ ਸੰਘਰਸ਼ ਸਮੇਂ ਦੀ ਮੁੱਖ ਲੋੜ : ਦੇਵੀ ਕੁਮਾਰੀ

ਸ਼ਾਹਕੋਟ (ਗਿਆਨ ਸੈਦਪੁਰੀ)- ਭਾਰਤੀ ਕਮਿਊਨਿਸਟ ਪਾਰਟੀ ਫਤਿਹਗੜ੍ਹ ਸਾਹਿਬ ਦੀ ਜ਼ਿਲ੍ਹਾ ਸਕੱਤਰ ਕਾਮਰੇਡ ਸਿਮਰਤ ਕੌਰ ਦੀ ਅਗਵਾਈ ਵਿੱਚ ਗੋਬਿੰਦਗੜ੍ਹ ਵਿਖੇ ਮਜ਼ਦੂਰ ਦਿਵਸ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇੱਥੇ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰਨ ਲਈ ਸੀ ਪੀ ਆਈ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਉਚੇਚੇ ਤੌਰ 'ਤੇ ਪਹੁੰਚੇ।ਝੰਡਾ ਲਹਿਰਾਉਣ ਉਪਰੰਤ ਕਮਿਊਨਿਸਟ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਮੌਜੂਦਾ ਦੌਰ ਵਿੱਚ ਮਈ ਦਿਹਾੜੇ ਦਾ ਵਿਸ਼ੇਸ਼ ਮਹੱਤਵ ਹੈ। ਸਾਨੂੰ ਇਹ ਪਤਾ ਹੈ ਕਿ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਸਦਕਾ ਮਜ਼ਦੂਰ ਵਰਗ ਨੂੰ ਕੰਮ ਘੰਟਿਆਂ ਦੀ ਰਾਹਤ ਮਿਲੀ। ਉਨ੍ਹਾਂ ਦੀਆਂ ਸ਼ਹਾਦਤਾਂ ਦੇ ਫਲਸਰੂਪ 8 ਘੰਟੇ ਦੀ ਕੰਮ ਦਿਹਾੜੀ ਦਾ ਕਾਨੂੰਨ ਬਣਿਆ। ਅੱਜ ਹਲਾਤ ਫਿਰ ਉਨ੍ਹਾਂ ਸਮਿਆਂ ਵੱਲ ਮੋੜਾ ਕੱਟ ਰਹੇ ਹਨ। ਮਜ਼ਦੂਰਾਂ ਦੇ ਹੱਕਾ ਵਿੱਚ ਬਣੇ 29 ਕਾਨੂੰਨ ਰੱਦ ਕਰਕੇ 4 ਲੇਬਰ ਕੋਡ ਬਣਾ ਦਿੱਤੇ ਗਏ ਹਨ। ਇਹ ਮਜ਼ਦੂਰਾਂ ਦੇ ਹੱਕਾ 'ਤੇ ਡਾਕਾ ਹੈ। ਮਜ਼ਦੂਰਾਂ ਕੋਲੋਂ 12-12 ਘੰਟੇ ਕੰਮ ਕਰਨ ਦੀਆ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਵਿਰੁੱਧ ਸੁਚੇਤ ਹੋ ਕੇ ਸ਼ੰਘਰਸ਼ਾ ਨੂੰ ਤਿੱਖਾ ਕਰਨਾ ਸਮੇਂ ਦੀ ਲੋੜ ਬਣ ਗਿਆ ਹੈ। ਸਮਾਗਮ ਨੂੰ ਕਾਮਰੇਡ ਸਿਮਰਤ ਕੌਰ ਜ਼ਿਲ੍ਹਾ ਸਕੱਤਰ ਸੀ ਪੀ ਆਈ, ਕਾਮਰੇਡ ਹਰਦੇਵ ਸਿੰਘ ਬਡਲਾ, ਕਾਮਰੇਡ ਕਿਰਪਾਲ ਸਿੰਘ, ਕਾਮਰੇਡ ਸਲਾਮਦੀਨ, ਕਾਮਰੇਡ ਹਰਜਿੰਦਰ ਸਿੰਘ ਢੀਂਡਸਾ, ਕਾਮਰੇਡ ਦਰਸ਼ਨ ਸਿੰਘ, ਕਾਮਰੇਡ ਪ੍ਰਗਟ ਸਿੰਘ, ਕਾਮਰੇਡ ਪਰਮਜੀਤ ਸਿੰਘ ਅਤੇ ਕਾਮਰੇਡ ਬਲਵੰਤ ਸਿੰਘ ਆਦਿ ਨੇ ਸੰਬੋਧਨ ਕੀਤਾ।




# ਟਾਂਡਾ ਵਿਖੇ 'ਆਪ' ਵਰਕਰਾਂ ਵੱਲੋਂ ਮੋਦੀ ਦਾ ਪੁਤਲਾ ਸਾੜ ਰੋਸ ਪ੍ਰਦਰਸ਼ਨ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)- ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹਰਿਆਣਾ ਨੂੰ ਪੰਜਾਬ ਦਾ ਪਾਣੀ ਦਿੱਤੇ ਜਾਣ ਦੇ ਮੁੱਦੇ ਤੇ ਵਿਰੋਧ ਕਰਦੇ ਹੋਏ ਆਮ ਆਦਮੀ ਪਾਰਟੀ ਨੇ ਟਾਂਡਾ ਵਿਖੇ ਰੋਸ ਪ੍ਰਦਰਸ਼ਨ ਕੀਤਾ। ਪਾਰਟੀ ਹਾਈ ਕਮਾਂਡ ਅਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਦੀ ਅਗਵਾਈ ਵਿੱਚ ਆਪ ਪਾਰਟੀ ਦੇ ਦਫਤਰ ਤੋਂ ਪੈਦਲ ਰੋਸ ਮਾਰਚ ਕਰਦੇ ਹੋਏ ਸਰਕਾਰੀ ਹਸਪਤਾਲ ਚੌਂਕ ਟਾਂਡਾ ਵਿੱਚ ਪਹੁੰਚੇ ਆਪ ਵਰਕਰਾਂ ਮੋਦੀ ਸਰਕਾਰ ਦਾ ਪੁਤਲਾ ਸਾੜਿਆ। ਇਸ ਮੌਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਆਪ ਪਾਰਟੀ ਦੇ ਬਲਾਕ ਪ੍ਰਧਾਨ ਪ੍ਰਧਾਨ ਕੇਸ਼ਵ ਸਿੰਘ ਸੈਣੀ, ਚੇਅਰਮੈਨ ਹਰਮੀਤ ਸਿੰਘ ਔਲਖ, ਚੇਅਰਮੈਨ ਚੌਧਰੀ ਰਾਜਵਿੰਦਰ ਸਿੰਘ ਰਾਜਾ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਕੌਂਸਲਰ ਹਰਕ੍ਰਿਸ਼ਨ ਸੈਣੀ, ਸਰਪੰਚ ਪਰਮਜੀਤ ਬਿੱਟੂ ਜੌਹਲ, ਬਲਾਕ ਪ੍ਰਧਾਨ ਸਰਬਜੀਤ ਸਿੰਘ ਵਿਕੀ, ਪ੍ਰੇਮ ਪਡਵਾਲ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਰਿਆਣਾ ਨੂੰ ਪਾਣੀ ਦੇਣ ਦਾ ਫੈਸਲਾ ਕਰਕੇ ਇੱਕ ਵਾਰ ਫਿਰ ਤੋਂ ਪੰਜਾਬ ਵਿਰੋਧੀ ਹੋਣ ਦਾ ਪ੍ਰਤੱਖ ਸਬੂਤ ਦਿੱਤਾ ਹੈ। ਇਸ ਰੋਸ ਪ੍ਰਦਰਸ਼ਨ ਦੌਰਾਨ, ਸੁਰਿੰਦਰ ਸਿੰਘ ਝੱਜੀ ਪਿੰਡ, ਗੁਰਸ਼ਮਿੰਦਰ ਸਿੰਘ ਰੰਮੀ ਕਾਲਕੱਟ, ਸੋਨੂ ਖੰਨਾ, ਰਾਹੁਲ ਖੰਨਾ, ਨਿਖਲੇਸ਼ ਜਸਰਾ, ਅਨਿਲ ਗੋਰਾ, ਮਨੀਸ਼ ਸੋਧੀ, ਲਖਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸੰਧੂ, ਸੁਖਵਿੰਦਰ ਸਿੰਘ ਬਿੱਲੂ, ਗੁਰਦੀਪ ਸਿੰਘ ਹੈਪੀ ਤੋਂ ਇਲਾਵਾ ਬਲਜੀਤ ਸੈਣੀ, ਸਚਿਨ ਪੁਰੀ, ਸੁਰਿੰਦਰ ਸਿੰਘ ਭਾਟੀਆ, ਗੋਲਡੀ ਵਰਮਾ, ਜਸਵੀਰ ਬੰਗੜ, ਮਨਮੋਹਨ ਸਿੰਘ ਸ਼ਾਲਾਪੁਰ, ਜਰਨੈਲ ਸਿੰਘ ਕੁਰਾਲਾ,ਕਰਨੈਲ ਸਿੰਘ ਕਲਸੀ, ਵਿਵੇਕ ਗੁਪਤਾ, ਚੰਦਰ ਮੋਹਨ ਲਾਡੀ, ਗੋਲਡੀ ਵਰਮਾ, ਮਾਸਟਰ ਕੁਲਵੰਤ ਸਿੰਘ ਜਹੂਰਾ, ਰਘਵੀਰ ਸਿੰਘ ਹੇਜਮਾ, ਗੁਰਮੀਤ ਬਿੱਟੂ, ਅਤਵਾਰ ਸਿੰਘ ਪਲਾ ਚੱਕ ਵੀ ਹਾਜ਼ਰ ਸਨ।

# ਲਾਇਨਜ਼ ਕਲੱਬ ਰਾਇਲ ਨੇ ਖ਼ੂਨਦਾਨ ਕੈਂਪ ਲਗਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਲਾਇਨਜ਼ ਕਲੱਬ ਹੁਸ਼ਿਆਰਪੁਰ ਰਾਇਲ ਵੱਲੋਂ ਲਾਇਨ ਅਜੀਤ ਸਿੰਘ ਬਾਲੀ ਦੀ ਪ੍ਰਧਾਨਗੀ ਅਤੇ ਲਾਇਨ ਮਹਾਂਵੀਰ ਸਿੰਘ ਢਿੱਲੋਂ ਪ੍ਰੋਜੈਕਟ ਚੇਅਰਮੈਨ ਦੀ



ਰਹਿਨੁਮਾਈ ਹੇਠ ਖ਼ੂਨਦਾਨ ਕੈਂਪ ਸਤਨਾਮ ਹਸਪਤਾਲ ਅਤੇ ਬਲੱਡ ਬੈਂਕ ਹੁਸ਼ਿਆਰਪੁਰ ਵਿਖੇ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਲਾਇਨ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵੀ ਖ਼ੂਨ ਦਾਨ ਕੀਤਾ ਗਿਆ। ਜਿਸ ਵਿੱਚ ਤਕਰੀਬਨ 33 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਇਹ ਖ਼ੂਨਦਾਨ ਕੈਂਪ ਲਾਇਨ ਮੁਕੇਸ਼ ਬੱਗਾ ਦੀ ਰਿਟਾਇਰਮੈਂਟ ਨੂੰ ਸਮਰਪਿਤ ਕੀਤਾ ਗਿਆ ਜੋ ਨੈਸ਼ਨਲ ਇੰਸ਼ੋਰੰਸ ਹੁਸ਼ਿਆਰਪੁਰ ਤੋਂ ਅੱਜ ਰਿਟਾਇਰ ਹੋਣ ਜਾ ਰਹੇ ਹਨ। ਇਸ ਮੌਕੇ ਲਾਇਨ ਮੁਕੇਸ਼ ਬੱਗਾ, ਲਾਇਨ ਉਂਕਾਰ ਸਿੰਘ ਭਾਰਜ, ਲਾਇਨ ਨਰਿੰਦਰ ਸਿੰਘ ਸੈਣੀ, ਲਾਇਨ ਸਤੀਸ਼ ਕੁਮਾਰ ਗੁਪਤਾ, ਲਾਇਨ ਨਵੀਨ ਬੱਗਾ ਅਤੇ ਲਾਇਨ ਹਰਦੀਪ ਸਿੰਘ ਆਦਿ ਹਾਜ਼ਰ ਸਨ। ਇੱਸ ਮੌਕੇ ਲਾਇਨ ਅਜੀਤ ਸਿੰਘ ਬਾਲੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਕਲੱਬ ਵੱਲੋਂ ਹੋਰ ਪ੍ਰੋਜੈਕਟ ਕਰਨ ਦਾ ਭਰੋਸਾ ਦਿੱਤਾ।

# ਮਜ਼ਦੂਰ ਦਿਹਾੜਾ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਮਈ ਦੇ ਸ਼ਹੀਦਾਂ ਨੂੰ ਮਹਾਵੀਰ ਫੈਕਟਰੀ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਅਤੇ ਗੜ੍ਹਸ਼ੰਕਰ ਵਿਖੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਝੰਡੇ ਝੁਲਾਏ ਗਏ। ਇਸ ਮੌਕੇ ਸੀਟੂ ਦੇ ਮੀਤ ਪ੍ਰਧਾਨ ਮਹਿੰਦਰ ਬੱਡੋਆਣ ਖੇਤ ਮਜ਼ਦੂਰਾ ਦੇ ਪੰਜਾਬ ਦੇ ਆਗੂ ਕਾਮਰੇਡ ਗੁਰਮੇਸ਼ ਸਿੰਘ ਆਗਣਵਾੜੀ ਦੀ ਆਗੂ ਗੁਰਬਖਸ਼ ਕੋਰ ਜਨਵਾਦੀ ਇਸਤਰੀ ਸਭਾ ਦੀ ਜਿਲਾ ਪ੍ਰਧਾਨ ਨੀਲਮ ਬੱਡੋਆਣ ਧਨਪਤ ਕਿਸਾਨਾ ਦੇ ਆਗੂ ਗੁਰਨੇਕ ਭੱਜਲ ਦਰਸ਼ਨ ਸਿੰਘ ਮੱਟੂ ਨੇ ਕਿਹਾ ਕਿ ਮੋਦੀ ਦੀ ਸਰਕਾਰ ਨੇ 12 ਘੰਟੇ ਦੀ ਡਿਊਟੀ ਕਰਨ 4 ਲੇਬਰ ਕੋਡ ਲਾਗੂ ਕਰਕੇ ਸ਼ਿਕਾਗੋ ਦੇ ਸ਼ਹੀਦਾ ਦਾ ਅਪਮਾਨ ਕੀਤਾ ਹੈ ਜਿਹਨਾ ਨੇ ਫਾਂਸੀ ਦੇ ਫੰਦੇ ਚੁੰਮ ਕੇ 8 ਘੰਟੇ ਡਿਊਟੀ ਕਰਨ ਦਾ ਕਾਨੂੰਨ ਦੁਨੀਆ ਭਰ ਵਿੱਚ ਲਾਗੂ ਕਰਾਇਆ ਸੀ ਮੋਦੀ ਸਰਕਾਰ ਦੀਆ ਮਜ਼ਦੂਰਾ ਮੁਲਾਜ਼ਮਾ ਵਿਰੋਧੀ ਨੀਤੀਆ ਵਿਰੁਧ ਦੇਸ਼ ਦੀਆ 10 ਪਰਮੁੱਖ ਟਰੇਡ ਯੂਨੀਅਨਾ ਮੁਲਾਜ਼ਮਾ ਦੀਆ ਫੈਡਰੇਸ਼ਨਾ ਨੇ 18 ਮਾਰਚ ਨੂੰ ਦਿੱਲੀ ਕਨਵੈਨਸ਼ਨ ਕਰਕੇ 20 ਮਈ ਦਾ ਜਨਰਲ




ਹੜਤਾਲ ਕਰਨ ਦਾ ਸੱਦਾ ਦਿੱਤਾ ਤਾਂਕਿ ਮੋਦੀ ਸਰਕਾਰ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ। ਆਗੂਆ ਨੇ ਕਿਹਾ ਕਿ ਘੱਟੋ ਘੱਟ 26000 ਰੁਪਏ ਉਜਰਤ ਕੀਤੀ ਜਾਵੇ 700 ਰੁਪਏ ਦਿਹਾੜੀ ਕੀਤੀ ਜਾਵੇ 4 ਲੇਬਰ ਕੋਡ ਰੱਦ ਕੀਤੇ ਜਾਣ ਠੇਕੇਦਾਰੀ ਆਊਟ ਸੋਰਸਿੰਗ ਰਾਹੀ ਕੰਮ ਲੈਣਾ ਬੰਦ ਕੀਤਾ ਜਾਵੇ। ਸਾਰੇ ਕਿਰਤੀਆ ਨੂੰ ਪੱਕਾ ਕੀਤਾ ਜਾਵੇ ਸਕੀਮ ਵਰਕਰ ਪੱਕੇ ਕੀਤੇ ਜਾਣ ਘੱਟ ਘੱਟ ਪੈਨਸ਼ਨ 10000 ਰੁਪਏ ਕੀਤੀ ਜਾਵੇ, ਜੇ ਸਰਕਾਰ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ 20 ਮਈ ਦੀ ਹੜਤਾਲ ਤੋ ਬਾਅਦ ਸ਼ੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਉਪਰੋਕਤ ਆਗੂਆ ਤੋ ਇਲਾਵਾ ਇਸ ਮੌਕੇ ਨਰਿੰਦਰ ਨਿੰਦੀ ਪਾਲੋ ਸੁੰਨੀ ਗਿਆਨ ਚੰਦ ਰਾਮ ਨਿਵਾਸ ਸੁਖਵਿੰਦਰ ਕੋਰ ਜੋਗਿੰਦਰ ਕੋਰ ਨੇ ਵੀ ਸਬੋਧਨ ਕੀਤਾ।

# ਇਫਟੂ ਵੱਲੋਂ ਮਜਦੂਰ ਦਿਹਾੜੇ 'ਤੇ ਵਿਸ਼ਾਲ ਕਾਨਫਰੰਸ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵੱਲੋਂ ਕੌਮਾਂਤਰੀ ਮਜਦੂਰ ਦਿਵਸ ਮੌਕੇ ਮਜਦੂਰ ਸੰਮੇਲਨ ਕੀਤਾ ਗਿਆ।ਸ਼ਹਿਰ ਵਿਚ ਮੁਜ਼ਾਹਰਾ ਕਰਨ ਉਪਰੰਤ ਵਿਸ਼ਵਕਰਮਾ ਮੰਦਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਵਿਸ਼ਾਲ ਮਜਦੂਰ ਸੰਮੇਲਨ ਕੀਤਾ ਗਿਆ।ਜਥੇਬੰਦੀ ਦੇ ਲਾਲ ਝੰਡਿਆਂ ਨਾਲ ਸਜੇ ਪੰਡਾਲ ਵਿਚ ਮਜਦੂਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਈ ਦਿਵਸ ਦੇ ਸ਼ਹੀਦ ਪੂੰਜੀਵਾਦ ਨੂੰ ਨਫ਼ਰਤ ਕਰਦੇ ਸਨ ਕਿਉਂਕਿ ਇਹ ਕੁਝ ਲੋਕਾਂ ਦੁਆਰਾ ਬਹੁਤ ਸਾਰੇ ਲੋਕਾਂ ਦੇ ਸ਼ੋਸ਼ਣ 'ਤੇ ਅਧਾਰਤ ਹੈ ਅਤੇ ਸਮਾਜਵਾਦ ਦੀ ਵਕਾਲਤ ਕਰਦੇ ਸਨ ਕਿਉਂਕਿ ਇਹ ਹਰੇਕ ਮਨੁੱਖ ਦੀ ਭਲਾਈ ਨੂੰ ਸੁਰੱਖਿਅਤ ਕਰ ਸਕਦਾ ਹੈ। ਇਹਨਾਂ ਸ਼ਹੀਦਾਂ ਵੱਲੋਂ ਪੂੰਜੀਵਾਦ ਦੇ ਬਦਲ ਵਜੋਂ ਸਮਾਜਵਾਦ ਲਈ ਦਿੱਤਾ ਗਿਆ ਸੱਦਾ ਅਜੋਕੇ ਪੂੰਜੀਵਾਦ ਦੇ ਸੰਸਾਰ ਵਿੱਚ ਬਹੁਤ ਸਾਰਥਕ ਹੈ, ਜਿੱਥੇ ਪੂੰਜੀਵਾਦ ਵਿਸ਼ਾਲ ਲੋਕਾਂ ਦੀ ਗਰੀਬੀ, ਵੱਧ ਰਹੀ ਬੇਰੁਜ਼ਗਾਰੀ ਅਤੇ ਸਮਾਜ ਵਿੱਚ ਅਸਮਾਨਤਾਵਾਂ ਦਾ ਕਾਰਨ ਬਣ ਰਿਹਾ ਹੈ। ਇਫਟੂ ਦੇ ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਬਛੌੜੀ, ਆਸ਼ਾ ਵਰਕਰ ਅਤੇ ਫੈਸਲੀਟੇਟਰ ਯੂਨੀਅਨ ਦੀ ਜਿਲਾ ਪ੍ਰਧਾਨ ਸ਼ਕੁੰਤਲਾ ਸਰੋਏ ਨੇ ਕਿਹਾ ਕਿ ਅੱਜ ਕੌਮੀ ਪੱਧਰ ਅਤੇ ਕੌਮਾਂਤਰੀ ਪੱਧਰ ਉੱਤੇ ਕਿਰਤੀ ਵਰਗ ਅੱਗੇ ਬੜੀਆਂ ਵੱਡੀਆਂ ਚਣੌਤੀਆਂ ਹਨ।ਮੋਦੀ ਸਰਕਾਰ ਨੇ ਪਹਿਲੇ ਮਜਦੂਰ ਪੱਖੀ ਕਿਰਤ ਕਾਨੂੰਨ ਰੱਦ ਕਰਕੇ ਮਜਦੂਰ ਵਿਰੋਧੀ ਅਤੇ ਪੂੰਜੀਪਤੀ ਪੱਖੀ ਚਾਰ ਕਿਰਤ ਕੋਡ ਲਿਆਂਦੇ ਹਨ ਜੋ ਕਿਰਤੀ ਵਰਗ ਉੱਤੇ ਮੋਦੀ ਸਰਕਾਰ ਦਾ ਬਹੁਤ ਵੱਡਾ ਹਮਲਾ ਹੈ।ਦੇਸ਼ ਵਿਚ ਕੰਮ ਸਥਾਨਾਂ ਦੀ ਅਸੁਰੱਖਿਆ ਨਿੱਤ ਮਜਦੂਰਾਂ ਦੀਆਂ ਜਾਨਾਂ ਲੈ ਰਹੀ ਹੈ। ਮਾਲਕਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬਾ ਸਰਕਾਰਾਂ ਮਾਲਕਾਂ ਦੀ ਪਿੱਠ ਥਾਪੜ ਰਹੀਆਂ ਹਨ।ਇਹ ਸਰਕਾਰਾਂ ਕਿਰਤੀਆਂ, ਕਿਸਾਨਾਂ, ਮੁਲਾਜਮਾ ਦੇ ਪੁਰਅਮਨ ਰੈਲੀਆਂ, ਧਰਨਿਆਂ ਅਤੇ ਮੁਜਾਹਰਿਆਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀਆਂ ਹਨ।ਸਰਕਾਰਾਂ ਲੋਕਾਂ ਵਿਚ ਧਾਰਮਿਕ ਜਨੂੰਨ ਭੜਕਾ ਕੇ ਉਹਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਪੂੰਜੀਪਤੀਆਂ ਦੀ ਸੇਵਾ ਕਰ ਰਹੀਆਂ ਹਨ।ਮਹਿੰਗਾਈ ,ਬੇਰੁਜ਼ਗਾਰੀ ,ਭ੍ਰਿਸ਼ਟਾਚਾਰ ਤੋਂ ਦੁਖੀ ਆਮ ਜਨਤਾ ਕਰਾਹ ਰਹੀ ਹੈ।ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਖੁਦ ਹੀ ਪੈਰਾਂ ਹੇਠ ਦਰੜ ਰਹੀਆਂ ਹਨ।ਇਸ ਮੌਕੇ ਡੀ.ਟੀ.ਐਫ ਦੇ ਜਿਲਾ ਪ੍ਰਧਾਨ ਜਸਵਿੰਦਰ ਔਜਲਾ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਔੜ ਦੇ ਪ੍ਰਧਾਨ ਡਾਕਟਰ ਅਸ਼ੋਕ ਸ਼ਰਮਾ ਨੇ ਵੀ ਸੰਬੋਧਨ ਕੀਤਾ।

# ਮਜ਼ਦੂਰ ਦਿਵਸ ਮੌਕੇ ਖਾਲਸਾ ਕਾਲਜ ਮਾਹਿਲਪੁਰ 'ਚ ਦਰਜਾ ਚਾਰ ਕਿਰਤੀਆਂ ਦਾ ਸਨਮਾਨ



ਮਾਹਿਲਪੁਰ (ਸਫ਼ਰੀ)- ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਕੰਮ ਕਰਦੇ ਦਰਜਾ ਚਾਰ ਕਿਰਤੀ ਮੁਲਾਜ਼ਮਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕਰਕੇ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਸਨਮਾਨ ਸਮਾਰੋਹ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਮਜ਼ਦੂਰਾਂ ਨਾਲ ਹੀ ਰਾਸ਼ਟਰ ਦਾ ਅਸਲ ਨਿਰਮਾਣ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੱਭਿਆਚਾਰ ਅਤੇ ਧਰਮ ਵਿੱਚ ਕਿਰਤ ਕਰਨ ਦੀ ਵੱਡੀ ਪ੍ਰਸੰਸਾ ਕੀਤੀ ਗਈ ਹੈ। ਉਨ੍ਹਾਂ ਇਸ ਮੌਕੇ ਕਾਲਜ ਦੇ ਦਰਜਾ ਚਾਰ ਮੁਲਾਜ਼ਮਾਂ ਦੇ ਕੰਮ ਦੀ ਪਸੰਸਾ ਕੀਤੀ ਅਤੇ ਕਿਹਾ ਕਿ ਸੰਸਥਾ ਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਵਿੱਚ ਕਿਰਤੀ ਮੁਲਾਜ਼ਮਾਂ ਦਾ ਵਿਸ਼ੇਸ਼ ਹੱਥ ਹੁੰਦਾ ਹੈ। ਇਸ ਮੌਕੇ ਪ੍ਰੋਫੈਸਰ ਤਜਿੰਦਰ ਸਿੰਘ ਨੇ ਮਜ਼ਦੂਰ ਦਿਵਸ ਦੇ ਇਤਿਹਾਸ ਅਤੇ ਇਸ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਸਿੱਖ ਇਤਿਹਾਸ ਅਤੇ ਸਿੱਖ ਧਰਮ ਵਿੱਚੋਂ ਮਿਸਾਲਾਂ ਦੇ ਕੇ ਕਿਰਤ ਦੀ ਮਹੱਤਤਾ ਬਾਰੇ ਦੱਸਿਆ। ਇਸ ਸਮਾਰੋਹ ਮੌਕੇ ਕਾਲਜ ਦੇ ਕਰੀਬ ਤੀਹ ਦਰਜਾ ਚਾਰ ਕਿਰਤੀ ਮੁਲਾਜ਼ਮਾ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਮੰਚ ਦੀ ਕਾਰਵਾਈ ਡਾ. ਰਾਜਕੁਮਾਰ ਨੇ ਚਲਾਈ। ਇਸ ਮੌਕੇ ਡਾ. ਆਰਤੀ ਸ਼ਰਮਾ, ਡਾ. ਜੇ ਬੀ ਸੇਖੋਂ, ਡਾ. ਕੋਮਲ ਬੱਧਣ, ਡਾ. ਬਲਵੀਰ ਕੌਰ, ਪ੍ਰੋ. ਕੰਚਨ, ਡਾ. ਕੁਲਦੀਪ ਸਿੰਘ, ਪ੍ਰੋ. ਜਸਕਰਨ ਸਿੰਘ, ਪ੍ਰੋ. ਮਨਪ੍ਰੀਤ ਸੇਠੀ, ਪ੍ਰੋ. ਮਨਦੀਪ ਗੌਤਮ, ਕਾਂਤਾ ਦੇਵੀ, ਬਲਵਿੰਦਰ ਠੀਂਡਾ, ਜਸਵੀਰ ਸਿੰਘ ਆਦਿ ਸਮੇਤ ਸਟਾਫ ਹਾਜ਼ਰ ਸੀ।